

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 14

July 18, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮੀਰੀ ਪੀਰੀ ਦਿਵਸ 'ਤੇ ਵਿਸ਼ੇਸ਼ "ਮੀਰੀ ਪੀਰੀ ਦਾ ਪਿਛੋਕੜ ਅਤੇ ਸੰਕਲਪਨਾ" ਲੇਖਕ ਸੰਤੋਖ ਸਿੰਘ ਸੰਧੂ ਦਾ ਲੇਖ **(ਦੇਖੋ ਸਫਾ 6 'ਤੇ)**

## ਟਰੰਪ ਅਤੇ ਪੂਤਿਨ ਵਿਚਾਲੇ ਇਤਿਹਾਸਕ ਸਿਖਰ ਵਾਰਤਾ ਆਰੰਭ

**ਹੇਲਸਿੰਕੀ (ਬਿਊਰੋ)–** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੇ ਰੂਸ ਤੋਂ ਹਮਰੁਤਬਾ ਵਲਾਦੀਮੀਰ ਪੂਤਿਨ ਵਿਚਾਲੇ ਇਤਿਹਾਸਕ ਸਿਖਰ ਵਾਰਤਾ ਸ਼ੁਰੂ ਹੋ ਗਈ। ਟਰੰਪ ਨੇ ਜਿਥੇ 'ਅਸਾਧਾਰਣ ਸਬੰਧਾਂ' ਦਾ ਵਾਅਦਾ ਕੀਤਾ ਉਥੇ ਪੂਤਿਨ ਨੇ ਕਿਹਾ ਕਿ ਦੁਨੀਆ ਭਰ ਦੇ ਵਿਵਾਦਾਂ ਦਾ ਹੱਲ ਸਮੇਂ ਦੀ ਜ਼ਰੂਰਤ ਹੈ। ਗੰਭੀਰ ਦਿਖ ਰਹੇ ਦੋਵੇਂ ਨੇਤਾਵਾਂ ਨੇ ਸਿਖਰ ਵਾਰਤਾ ਦੀ ਸ਼ੁਰੂਆਤ 'ਤੇ ਪ੍ਰੈੱਸ ਸਾਹਮਣੇ ਇਹ ਟਿੱਪਣੀਆਂ ਕੀਤੀਆਂ। ਜਿਥੇ ਟਰੰਪ ਨੇ ਬੈਠਕ ਦੀਆਂ ਸੰਭਾਵਨਾਵਾਂ ਨੂੰ ਮੰਨਿਆ ਉਥੇ ਪੂਤਿਨ ਨੇ ਕਿਹਾ, "ਸਾਡੇ ਸਬੰਧਾਂ ਅਤੇ ਦੁਨੀਆ ਦੀਆਂ ਸਮੱਸਿਆਵਾਂ ਨੂੰ ਲੈ ਕੇ ਇਕ ਮਜ਼ਬੂਤ ਤਰੀਕੇ ਨਾਲ ਗੱਲ ਕਰਨ ਦਾ ਸਮਾਂ ਆ ਗਿਆ ਹੈ।'' ਟਰੰਪ ਨੇ ਫੁਟਬਾਲ



ਵਿਸ਼ਵ ਕੱਪ ਦੀ ਸਫ਼ਲ ਮੇਜ਼ਬਾਨੀ ਕਰਨ ਲਈ ਪੂਤਿਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਿਖਰ ਵਾਰਤਾ ਵਿੱਚ 'ਵਪਾਰ ਤੋਂ ਲੈ ਕੇ ਸੈਨਾ ਅਤੇ ਮਿਜ਼ਾਈਲ ਤੋਂ ਲੈ ਕੇ ਪਰਮਾਣੂ ਹਥਿਆਰ ਅਤੇ ਚੀਨ ਤੱਕ ਸਾਰੇ ਮੁੱਦਿਆਂ ਉੱਤੇ' ਚਰਚਾ ਕੀਤੀ ਜਾਵੇਗੀ। ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ, ''ਮੈਨੂੰ ਲੱਗਦਾ ਹੈ ਕਿ ਦੋ ਦੇਸ਼ਾਂ ਦੇ ਰੂਪ ਵਿੱਚ ਸਾਡੇ ਲਈ ਇਕ ਸ਼ਾਨਦਾਰ ਮੌਕਾ ਹੈ। ਸਪੱਸ਼ਟ ਰੂਪ ਵਿੱਚ ਕਹਾਂ ਤਾਂ ਪਿਛਲੇ ਸਾਲਾਂ ਤੋਂ ਦੋਵਾਂ ਦੇਸ਼ਾਂ ਦੇ ਸਬੰਧ ਚੰਗੇ ਨਹੀਂ ਰਹੇ ਹਨ।'' ਟਰੰਪ ਨੇ ਕਿਹਾ ਕਿ ਸਿਖਰ ਵਾਰਤਾ ਵਿੱਚ ਪਰਮਾਣੂ ਨਿਸ਼ਤਰੀਕਰਨ ਦਾ ਮੁੱਦਾ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ, "ਮੈਨੂੰ ਸੱਚ ਲੱਗਦਾ ਹੈ ਕਿ ਦੁਨੀਆ ਸਾਡੇ ਵਿਚਾਲੇ ਚੰਗੇ ਸਬੰਧ ਬਣਦੇ ਦੇਖਣਾ ਚਾਹੁੰਦੀ ਹੈ। ਅਸੀਂ ਦੋ ਵੱਡੀਆਂ ਪਰਮਾਣੂ ਸ਼ਕਤੀਆਂ ਹਾਂ। ਸਾਡੇ ਕੋਲ ਦੁਨੀਆ ਦੇ 90 ਫੀਸਦੀ ਪਰਮਾਣੂ ਹਥਿਆਰ ਹਨ ਅਤੇ ਇਹ ਇਕ ਚੰਗੀ ਚੀਜ਼ ਨਹੀਂ ਹੈ।''




ਭਾਰਤ ਦੇ ਉਪ ਪ੍ਰਧਾਨ ਮੰਤਰੀ ਮਰਹੂਮ ਜਗਜੀਵਨ ਰਾਮ ਜੀ ਦੀ ਬਰਸੀ ਨੂੰ ਸਮਰਪਿਤ ਮਾਸਿਕ ਮੈਗਜ਼ੀਨ 'ਕੌਮੀ ਉਡਾਰੀਆਂ' ਦੇ ਸਤੰਬਰ 1986 ਦੇ ਵਿਸ਼ੇਸ਼ ਅੰਕ ਵਿਚੋਂ ਸ੍ਰੀ ਸੀ. ਐਲ. ਚੁੰਬਰ ਜੀ ਦੁਆਰਾ ਲਿਖਿਆ ਲੇਖ 'ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ' ਉਹਨਾਂ ਦੇ ਮੈਗਜੀਨ ਵਿਚੋਂ ਧੰਨਵਾਦ ਦਿੱਤਾ ਜਾ ਰਿਹਾ ਹੈ।

**(ਲੇਖ ਦੇਖੋ ਸਫਾ 19 'ਤੇ)**

Congratulations to our sensational sprint star Hima Das for winning the 400m gold in the World Under-20 Championship. This is India's first ever track gold in a World Championship. A very proud movement for Assam & India. Hima: now the Olympic podium beckons!

***Ram Nath Kovind (President of India)***

### ਹਿਮਾ ਦਾਸ ਵਿਸ਼ਵ ਜੂਨੀਅਰ ਅਥਲੈਟਿਕਸ 'ਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਦੌੜਾਕ ਬਣੀ

(ਖਬਰ ਦੇਖੋ ਸਫਾ 7 'ਤੇ)







MANDEEP SANDHU

**SANDHU IMMIGRATION CONSULTANT**

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

**BAGGA JEWELERS**

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



BERKSHIRE HATHAWAY
Home Services
ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

**Shangara Ram**
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828



LIC# 01959890

Independently Owned & Operated

**Jiwan Rattu** Jiwan.realtor@gmail.com

Realtor2081 Arena Boulevard Suite # 100
Sacramento, CA 95834

RE/MAX GOLD

Cell: (703) 546-6755, Office: (916) 285-1000, Fax: (916) 285-1010

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ
Like us on Facebook | Follow us on Instagram


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕਾ ਦਾ ਸਟੇਟ ਆਫ ਕਨੈਕਟੀਕਟ ਹਰ ਵਰ੍ਹੇ 1 ਨਵੰਬਰ ਨੂੰ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਮਨਾਏਗੀ

**ਕਨੈਕਟੀਕਟ (ਹੁਸਨ ਲੜੋਆ ਬੰਗਾ)–** ਸਟੇਟ ਆਫ ਕਨੈਕਟੀਕਟ ਨਵੰਬਰ 1 ਨੂੰ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਮਨਾਏਗੀ।ਬਿਲ ਨੰਬਰ 489 ਕੈਥੀ ਹੋਸਟਨ ਜਨਰਲ ਅਸੈਂਬਲੀ ਮੈਂਬਰ, ਸਟੇਟ ਰੈਪ ਕੇਬਿਨ ਰਾਇਨ ਨੇ ਦਰਜ ਕਰਾਇਆ। ਸਵਰਨਜੀਤ ਸਿੰਘ ਖਾਲਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲਾਨਿੰਗ ਬੋਰਡ ਕਨੈਕਟੀਕਟ ਅਤੇ ਮੈਂਬਰ ਸਿੱਖ ਪਾਰਲੀਮੈਂਟ ਨੇ ਦੱਸਿਆ ਕਿ ਸੈਨੇਟਰ ਨੇ ਉਹਨਾਂ ਨੂੰ ਪਿਛਲੇ ਦਿਨੀਂ ਦੱਸਿਆ ਸੀ ਕਿ ਆਉਣ ਵਾਲੇ ਸਮੇਂ ਦੌਰਾਨ ਨਵੰਬਰ ਦਾ ਮਹੀਨਾ ਸਿੱਖ




ਜੈਨੋਸਾਈਡ ਅਵੇਅਰਨੈਸ ਡੇਅ ਵਜੋਂ ਮਨਾਇਆ ਜਾਵੇਗਾ। ਸਰਕਾਰੀ ਹੁਕਮਾਂ ਅਨੁਸਾਰ ਸਿੱਖ ਜੈਨੋਸਾਈਡ ਸਕੂਲਾਂ ਵਿਚ ਪੜਾਇਆ ਜਾਵੇਗਾ। ਉਹਨਾਂ ਦੱਸਿਆ ਕਿ ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ 8 ਸਾਲ ਇਸ ਸਬੰਧ ਵਿਚ ਖਾਲਸਾ ਪੰਥ ਦੇ ਸਹਿਯੋਗ ਨਾਲ ਸੰਘਰਸ਼ ਕੀਤਾ ਹੈ। ਇਸ ਤੋਂ ਪਹਿਲਾਂ ਵਿਸਾਖੀ ਨੈਸ਼ਨਲ ਸਿੱਖ ਡੇਅ ਵਜੋਂ ਮਾਨਤਾ ਵੀ ਦਿਵਾਈ। 2017 ਦੌਰਾਨ ਸਟੇਟ ਜਨਰਲ ਅਸੈਂਬਲੀ ਵਿਚ ਸਿੱਖ ਨਸਲਕੁਸ਼ੀ ਨਵੰਬਰ 84 ਬਾਰੇ ਮਤਾਪਾਸ ਕਰ ਦਿੱਤਾ ਗਿਆ ਸੀ। ਹੁਣ ਲਾਅ ਬਣ ਗਿਆ ਹੈ।

# 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਇਆ

**ਸਟਾਕਟਨ–** ਹਿੰਦੁਸਤਾਨ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਗਦਰ ਪਾਰਟੀ ਨੇ ਦਿੱਤੀਆਂ। ਆਜ਼ਾਦੀ ਲਈ ਅੰਗਰੇਜ਼ ਪ੍ਰਸਤਾਂ ਗਿਰਗਿਟ ਵਾਂਗ ਰੰਗਬਦਲੇ। ਸਰਕਾਰੀ ਕੁਰਸੀਆਂ ਨੂੰ ਜੱਫਾ ਮਾਰ ਬੈਠ ਗਏ।ਗਦਰ ਸਮਾਗਮ ਦੇ ਸੂਰਮੇ ਜਿਹਨਾਂ ਫਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ, ਜ਼ਮੀਨਾਂ, ਘਰ-ਘਾਟ ਕੁਰਕ ਕਰਵਾਏ, ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀਆਂ ਦਾ ਕੁੰਭੀ ਨਰਕ ਭੋਗਿਆ। ਡੋਲੇਨਹੀਂ, ਸੀਸ ਦੀਆ ਪਰ ਸ਼ਿਕਨ ਨਹੀਂ ਕੀਆ। ਉਹਨਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਭੁਲਾ ਵਿਸਾਰ ਦਿੱਤਾ ਗਿਆ। ਸ਼ਾਨਾ ਮੱਤੇ ਇਤਿਹਾਸ ਦੇ ਪੰਨੇ ਸਰਕਾਰਾਂ ਦੀ ਬੇਰੁੱਖੀ ਕਰਕੇ ਵਕਤ ਦੀਆਂ ਧੂੜਾਂ ਹੇਠ ਦੱਬ ਕੇ ਰਹਿ ਗਏ।

ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਜਿਹੜੀ ਅਮਰੀਕਾ ਦੀ ਧਰਤੀ 'ਤੇ ਗਦਰ ਸੰਗਰਾਮ ਦੇ ਯੋਧਿਆਂ ਦੇ ਮੇਲੇ ਲਗਾਉਣ ਦੀ ਪਿਰਤ ਪਾਉਣ ਵਾਲੀ ਪਹਿਲੀ ਜਥੇਬੰਦੀ ਹੈ, ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਉਹਨਾਂ ਦੇ ਸਮੁੱਚੇ ਪਰਿਵਾਰ ਨੇ ਅਤੇ ਜੁਝਾਰ ਸਿੰਘ ਗਿੱਲ ਦੇ ਸਾਰੇ ਪਰਿਵਾਰ ਨੇ ਮਿਲ ਕੇ ਪਿਛਲੇ ਦਿਨੀਂ ਗੁਰੂ ਘਰ ਦਸਮੇਸ਼ ਵਿਚ ਗਦਰ ਸਮਾਗਮ ਦੇ ਸਭ ਤੋਂ ਛੋਟੀ ਉਮਰ ਪਰ ਉਚੀ ਸੂਝ-ਬੂਝ ਦੇ ਮਾਲਕ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਇਆ। ਸੁਰਿੰਦਰ ਸਿੰਘ ਬਿੰਦਰਾ ਦਾ ਬੇਟਾ ਐਡਵੋਕੇਟ ਪਰਮਪ੍ਰੀਤ ਬਿੰਦਰਾ ਅਤੇ ਜੁਝਾਰ ਸਿੰਘ ਦਾ ਵੱਡਾ ਬੇਟਾ ਡਾ. ਗੁਰਪ੍ਰੀਤ ਗਿੱਲ, ਦੇ ਉਚੇਚੇ ਯਤਨਾਂ ਦਾ ਸਿੱਟਾ ਹੈ ਕਿ ਇਸ ਮਹਾਨ ਯੋਧੇ ਦਾ ਜਨਮ ਦਿਨ ਹਰ ਸਾਲ ਮਨਾਇਆ ਜਾਂਦਾ ਹੈ।





ਸੁਰਿੰਦਰ ਸਿੰਘ ਬਿੰਦਰਾ ਨੇ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਗਦਰ ਪਾਰਟੀ ਅਤੇ ਉਹਨਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਮਹਾਨ ਸੰਘਰਸ਼ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇੰਡੀਆ ਤੇ ਆਏ ਮਹਾਨ ਲੇਖਕ, ਵਿਚਾਰਕ ਪ੍ਰੋ. ਕੇਵਲ ਕਲੋਟੀ ਨੇ ਗਦਰ ਪਾਰਟੀ ਦੀਆ ਯਾਦਾਂ ਅਤੇ ਉਹਨਾਂ ਵੱਲੋਂ ਕੀਤੀਆਂ ਕੁਰਬਾਨੀਆਂ ਦੀ ਚਰਚਾ ਕੀਤੀ। ਉਹਨਾਂ ਬਿੰਦਰਾ ਪਰਿਵਾਰ ਅਤੇ ਗਿੱਲ ਪਰਿਵਾਰ ਨੂੰ ਵਧਾਈ ਦਿੱਤੀ ਕਿ ਜੋ ਤਸੀਂ ਉਸ ਮਹਾਨ ਸ਼ਹੀਦ ਦਾ ਜਨਮ ਦਿਨ ਮਨਾ ਕੇ ਉਹਨਾਂ ਨੂੰ ਯਾਦ ਕੀਤਾ ਹੈ। ਇਹ ਇਕ ਸੁਚੱਜਾ ਕਾਰਜ ਹੈ।

ਨਰਿੰਦਰਪਾਲ ਸਿੰਘ ਹੁੰਦਲ ਨੇ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਮੋਢੀ ਅਤੇ ਡਾਇਰੈਕਟ+ ਸੁਮਿੱਤਰ ਸਿੰਘ ਉਪਲ ਨੇ ਬਿਮਾਰੀ ਦੀ ਹਾਲਤ ਵਿਚ ਯੂਬਾ ਸਿਟੀ ਤੋਂ ਉਚੇਚੇ ਤੌਰ ਤੇ ਬਹੁਤ ਹੀ ਥੋੜ੍ਹੇ ਸ਼ਬਦਾਂ ਨਾਲ ਕਰਤਾਰ ਸਿੰਘ ਸਰਾਭ ਅਤੇ ਗਦਰ ਪਾਰਟੀ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣ ਦਾ ਸੁਨੇਹਾ ਦਿੱਤਾ। ਸਮੁੱਚੇ ਪਰਿਵਾਰ ਨੂੰ ਜਥੇਬੰਦੀ ਵੱਲੋਂ ਵਧਾਈ ਦਿੱਤੀ।

ਸੀਨੀਅਰ ਸਿਟੀਜ਼ਨ ਵੱਲੋਂ ਗੁਰਪਾਲ ਸਿੰਘ ਖਹਿਰਾ ਨੇ ਗਦਰ ਪਾਰਟੀ ਅਤੇ ਕਰਤਾਰ ਸਿੰਘ ਸਰਾਭਾ ਵੱਲੋਂ ਅਮਰੀਕਾ ਵਿਚ ਕੀਤੇ ਕੰਮਾਂ ਦੀ ਜਾਣਕਾਰੀ ਦਿੱਤੀ। ਢਾਡੀ ਜਥੇ ਨੇ ਦੇਸ਼ ਭਗਤੀ ਦੀਆਂ ਵਾਰਾਂ ਗਾ ਕੇ ਸੰਗਤ ਨੂੰ ਨਿਹਾਲ ਕੀਤਾ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਮੈਂਬਰਾਂ ਨੇ ਗੁਰੂ ਘਰ ਵਿਚ ਹਾਜ਼ਰੀ ਭਰੀ।

# ਸ਼ਿਲਾਂਗ ਦੇ ਸਿੱਖਾਂ ਦੀ ਮੱਦਦ ਲਈ ਸ਼੍ਰੋਮਣੀ ਕਮੇਟੀ ਮੁੜ ਭੇਜੇਗੀ ਸਿੱਖ ਵਫ਼ਦ

**ਅੰਮ੍ਰਿਤਸਰ**–ਸ਼ਿਲਾਂਗ ਵਿੱਚ ਵਸਦੇ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਸਰਕਾਰ ਅਤੇ ਪ੍ਰਸ਼ਾਸਨ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਫ਼ਦ ਮੁੜ ਸ਼ਿਲਾਂਗ ਭੇਜਿਆ ਜਾਵੇਗਾ।

ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਸ਼ਿਲਾਂਗ ਦਾ ਦੌਰਾ ਕਰ ਚੁੱਕਿਆ ਹੈ ਅਤੇ ਦੌਰੇ ਦੌਰਾਨ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨਾਲ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ ਸੀ।

ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸ਼ਿਲਾਂਗ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਅੱਜ ਅੰਮ੍ਰਿਤਸਰ ਪੁੱਜੇ ਹਨ ਅਤੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅਧਿਕਾਰੀਆਂ ਨਾਲ ਮੌਜੂਦਾ ਸਥਿਤੀ ਬਾਰੇ ਗੱਲਬਾਤ ਕੀਤੀ ਹੈ। ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਮੀਤ ਪ੍ਰਧਾਨ ਹਰਪਾਲ ਸਿੰਘ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਵਧੀਕ ਸਕੱਤਰ ਸ਼ਾਮਲ ਸਨ। ਸਿੱਖ ਆਗੂ ਨੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਮੌਜੂਦਾ ਸਥਿਤੀ ਤੋਂ ਜਾਣੂ ਕਰਾਇਆ ਹੈ।

ਉਨ੍ਹਾਂ ਦੋਸ਼ ਲਾਇਆ ਕਿ ਮੇਘਾਲਿਆ ਸਰਕਾਰ ਵੱਲੋਂ ਬਣਾਈ ਗਈ ਉਚ ਪੱਧਰੀ ਕਮੇਟੀ ਉੱਥੇ ਇੱਕ ਬਸਤੀ ਵਿੱਚ ਵਸਦੇ ਸਿੱਖਾਂ ਨੂੰ ਉੱਥੋਂ ਹਟਾਉਣ ਦੇ ਮੰਤਵ ਨਾਲ ਕੰਮ ਕਰ ਰਹੀ ਹੈ। ਇਹ ਸਿੱਖ ਲਗਭਗ 200 ਸਾਲ ਪਹਿਲਾਂ ਉਥੇ ਵੱਸੇ ਸਨ। ਸਿੱਖਾਂ ਨੂੰ ਇਹ ਜ਼ਮੀਨ ਉਥੋਂ ਦੇ ਰਾਜੇ ਵੱਲੋਂ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਜ਼ਮੀਨ 'ਤੇ ਵਸ ਰਹੇ ਸਿੱਖਾਂ ਵੱਲੋਂ ਇੱਥੋਂ ਦੇ ਰਾਜੇ ਲਾਧੋ ਮਾਨਕ ਸੀਅਮ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਜ਼ਮੀਨ ਦੇ ਪਟੇ ਇੱਥੇ ਵਸਦੇ ਸਿੱਖਾਂ ਦੇ ਨਾਂ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਅਤੇ ਸਕੂਲ ਦੇ ਨਾਂ 'ਤੇ ਪਟੇ 2009 ਵਿੱਚ ਜਾਰੀ ਕਰ ਦਿੱਤੇ ਗਏ ਹਨ ਪਰ ਬਾਕੀ ਦਰਖਾਸਤਾਂ ਬਾਰੇ ਹੁਣ ਤੱਕ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ 1994 ਅਤੇ 1996 ਵਿੱਚ ਉਥੋਂ ਦੀ ਹਾਈ ਕੋਰਟ ਵੱਲੋਂ ਵੀ ਸਥਾਨਕ ਸਰਕਾਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਇੱਥੇ ਵਸਦੇ ਸਿੱਖਾਂ ਨੂੰ ਹਟਾਇਆ ਨਹੀਂ ਜਾ ਸਕਦਾ ਪਰ ਇਸ ਦੇ ਬਾਵਜੂਦ ਮੁੜ ਇਸ ਸਬੰਧੀ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਬਾਂਹ ਫੜਨ ਲਈ ਅਪੀਲ ਕੀਤੀ ਹੈ।

ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼ਿਲਾਂਗ ਵਿੱਚ ਵਸਦੇ ਸਿੱਖਾਂ ਨੂੰ ਹਰ ਤਰ੍ਹਾਂ ਦੀ ਮੱਦਦ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਵੱਲੋਂ ਇੱਕ ਹੋਰ ਵਫ਼ਦ ਜਲਦੀ ਹੀ ਸ਼ਿਲਾਂਗ ਭੇਜਿਆ ਜਾਵੇਗਾ, ਜੋ ਉਥੇ ਸਰਕਾਰ ਅਤੇ ਪ੍ਰਸ਼ਾਸਨ ਨਾਲ ਗੱਲਬਾਤ ਕਰੇਗਾ।

ਬੁਲਾਰੇ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਸ਼ਿਲਾਂਗ ਦੇ ਗੁਰਦੁਆਰਿਆਂ ਵਾਸਤੇ ਆਰਥਿਕ ਮਦਦ ਵੀ ਮੁਹੱਈਆ ਕੀਤੀ ਜਾ ਰਹੀ ਹੈ ਅਤੇ ਹੁਣ ਉਥੇ ਵਸਦੇ ਸਿੱਖਾਂ ਨੂੰ ਹਰ ਸੰਭਵ ਕਾਨੂੰਨੀ ਸਹਾਇਤਾ ਵੀ ਮੁਹੱਈਆ ਕੀਤੀ ਜਾਵੇਗੀ। ਗੁਰਦੁਆਰਾ ਨਾਨਕ ਦਰਬਾਰ ਦੀ ਉਪਰਲੀ ਮੰਜ਼ਿਲ 'ਤੇ ਹੋਣ ਵਾਲੇ ਕੰਮ ਵਾਸਤੇ ਮਦਦ ਮੁਹੱਈਆ ਕਰਨ ਦਾ ਮਾਮਲਾ ਅੰਤ੍ਰਿੰਗ ਕਮੇਟੀ ਵਿੱਚ ਵਿਚਾਰਿਆ ਜਾਵੇਗਾ।

# ਮਾਇਆਵਤੀ ਵੱਲੋਂ ਬਸਪਾ ਦਾ ਉਪ ਪ੍ਰਧਾਨ ਜੈਪ੍ਰਕਾਸ਼ ਸਿੰਘ ਬਰਖ਼ਾਸਤ

**ਲਖਨਊ–** ਬਸਪਾ ਮੁਖੀ ਮਾਇਆਵਤੀ ਨੇ ਰਾਸ਼ਟਰੀ ਉਪ ਪ੍ਰਧਾਨ ਜੈਪ੍ਰਕਾਸ਼ ਸਿੰਘ ਨੂੰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਕੀਤੀ ਟਿੱਪਣੀ ਲਈ ਫੌਰੀ ਪ੍ਰਭਾਵ ਤੋਂ ਹਟਾ ਦਿੱਤਾ ਹੈ। ਸ੍ਰੀ ਸਿੰਘ ਨੇ ਬਸਪਾ ਵਰਕਰਾਂ ਦੇ ਸੰਮੇਲਨ ਵਿਚ ਕਾਂਗਰਸ ਪ੍ਰਧਾਨ ਵਿਰੁੱਧ ਇਤਰਾਜ਼ਯੋਗ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ, "ਜੇ ਰਾਹੁਲ ਗਾਂਧੀ, ਰਾਜੀਵ ਗਾਂਧੀ 'ਤੇ ਚਲੇ ਜਾਂਦੇ ਤਾਂ ਇਕ ਵਾਰ ਤਾਂ ਰਾਜਨੀਤੀ ਵਿੱਚ ਸਫ਼ਲ ਹੋ ਜਾਂਦੇ ਪਰ ਉਹ ਆਪਣੀ ਮਾਂ 'ਤੇ ਚਲੇ ਗਏ। ਉਹ ਵਿਦੇਸ਼ੀ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਰਾਹੁਲ ਗਾਂਧੀ ਭਾਰਤੀ ਰਾਜਨੀਤੀ ਵਿੱਚ ਕਦੇ ਸਫ਼ਲ ਨਹੀਂ ਹੋ ਸਕਦੇ।" ਮਾਇਆਵਤੀ ਨੇ ਕਿਹਾ, "ਮੈਨੂੰ ਕੱਲ੍ਹ ਲਖਨਊ ਤੋਂ ਬਸਪਾ ਵਰਕਰ ਸੰਮੇਲਨ ਦੌਰਾਨ ਰਾਸ਼ਟਰੀ ਉਪ ਪ੍ਰਧਾਨ ਜੈਪ੍ਰਕਾਸ਼ ਸਿੰਘ ਦੇ ਭਾਸ਼ਣ ਬਾਰੇ ਇਹ ਜਾਣਕਾਰੀ ਮਿਲੀ ਹੈ ਕਿ ਉਨ੍ਹਾਂ ਨੇ



ਬਸਪਾ ਦੀ ਸੋਚ ਅਤੇ ਨੀਤੀਆਂ ਵਿਰੁੱਧ ਜਾ ਕੇ ਆਪਣੀ ਵਿਰੋਧੀ ਪਾਰਟੀਆਂ ਦੇ ਸਰ-ਵਉੱਚ ਰਾਸ਼ਟਰੀ ਨੇਤਾਵਾਂ ਬਾਰੇ ਟਿੱਪਣੀਆਂ ਕੀਤੀਆਂ ਹਨ। ਇਹ ਬਸਪਾ ਦੀ ਸੰਸਕ੍ਰਿਤੀ ਦੇ ਵਿਰੁੱਧ ਹੈ।" ਉਨ੍ਹਾਂ ਕਿਹਾ ਕਿ ਸਿੰਘ ਵੱਲੋਂ ਕਹੀਆਂ ਗੱਲਾਂ ਉਨ੍ਹਾਂ ਦੀ ਵਿਅਕਤੀਗਤ ਸੋਚ ਦੀ ਉਪਜ ਹੈ, ਬਸਪਾ ਦੀ ਨਹੀਂ। ਇਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਤੇ ਪਾਰਟੀ ਦੇ ਹਿੱਤ ਲਈ ਸਿੰਘ ਨੂੰ ਰਾਸ਼ਟਰੀ ਉਪ ਪ੍ਰਧਾਨ ਦੇ ਅਹੁਦੇ ਤੋਂ ਫੌਰੀ ਪ੍ਰਭਾਵ ਤੋਂ ਹਟਾ ਦਿੱਤਾ ਗਿਆ ਹੈ।

ਉਨ੍ਹਾਂ ਨੂੰ ਰਾਸ਼ਟਰੀ ਕੋਆਰਡੀਨੇਟਰ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ ਹੈ। ਬਸਪਾ ਵੱਲੋਂ ਜਾਰੀ ਬਿਆਨ ਮੁਤਾਬਕ ਮਾਇਆਵਤੀ ਨੇ ਸਾਰੇ ਛੋਟੇ ਵੱਡੇ ਵਰਕਰਾਂ, ਅਹੁਦੇਦਾਰਾਂ ਅਤੇ ਆਗੂਆਂ ਨੂੰ ਚੇਤਾਵਨੀ ਦਿੱਤੀ ਹੈ ਬਸਪਾ ਦੇ ਕੈਂਪਾਂ, ਬੈਠਕਾਂ ਅਤੇ ਹੋਰ ਇਕੱਠਾਂ ਵਿੱਚ ਬਸਪਾ ਦੀ ਵਿਚਾਰਧਾਰਾ, ਨੀਤੀਆਂ ਬਾਰੇ ਹੀ ਆਪਣੀ ਗੱਲ ਰੱਖਣ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਬੈਲਜ਼ੀਅਮ ਵਿੱਚ ਅੰਬੇਡਕਰ ਜੈਅੰਤੀ ਮਨਾਈ ਗਈ





**ਲੀਅਜ਼ (ਬੈਲਜ਼ੀਅਮ)-** 8 ਜੁਲਾਈ 2018 ਨੂੰ ਬੈਲਜ਼ੀਅਮ ਦੇਸ਼ ਦੇ ਇੱਕ ਸ਼ਹਿਰ ਲੀਅਜ਼ ਵਿਖੇ ਬਾਬਾ ਸਾਹਿਬ ਦਾ 127 ਵਾਂ ਮਹਾਨ ਜਨਮ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ, ਪੈਰਿਸ, ਫਰਾਂਸ ਦੇ ਪ੍ਰਧਾਨ ਮੱਖਣ ਪ੍ਰਤਾਪਰਾ, ਮੇਜਰ ਸਿੰਘ, ਸ਼ੰਗੀਤਕਾਰ ਸੋਢੀ ਸਿੰਘ ਸ਼ੀਮਾਰ ਅਤੇ ਸੋਮ ਬੰਗੜ। ਹੌਲੈਂਡ ਤੋਂ ਸ੍ਰੀ ਗੁਰੂ ਰਵਿਦਾਸ ਫਾਉਂਡੇਸ਼ਨ, ਡੈਨ ਹੈਗ, ਹੌਲੈਂਡ ਦੇ ਪ੍ਰਧਾਨ ਸਰਪੰਚ ਸ਼ਰਧਾ ਰਾਮ ਗਿੰਡਾ, ਸ਼ੰਗੀਤਕਾਰ ਸਾਥੀ ਅਸ਼ੋਕ ਪਰਿੰਸ, ਮਨਜੀਤ ਮਸਤੀ ਅਤੇ ਅਜੇ ਮਹਿਮੀ। ਜਰਮਨੀ ਤੋਂ ਹੰਸ ਰਾਜ ਬਾਲੀ।ਯੂ ਕੇ ਤੋ ਹਰਬੰਸ ਵਿਰਦੀ ਅਤੇ ਅਮਰੀਕ ਪਲਾਹੀ ਆਦਿ ਸਨ।

ਲੀਅਜ਼, ਬੈਲਜੀਅਮ ਵਿੱਚੋਂ ਵਿਸ਼ੇਸ਼ ਯੋਗਦਾਨ ਧਰਮ ਪੌਲ, ਉਨ੍ਹਾਂ ਦੀ ਵਾਈਫ ਸ਼ਲਿੰਦਰ ਪੌਲ, ਉਨ੍ਹਾਂ ਦੇ ਬੇਟੇ ਰਜਿੰਦਰ ਪੌਲ ਅਤੇ ਰਜਿੰਦਰ ਦੀ ਵਾਈਫ ਕਿਰਨ ਸੀ ਪਰ ਇਹ ਪ੍ਰੋਗਰਾਮ ਵਿਚ ਲਅਜ਼ੀ ਦੇ ਜੀਤ ਰਾਮ ਬਿਲਗਾ, ਜੈ ਰਾਮ, ਝਲਮਣ ਰਾਹੋਂ, ਗੁਲਸ਼ਨ ਕੁਮਾਰ, ਹੇਮਰਾਜ ਚੋਪੜਾ, ਵੇਦਰਾਜ, ਸੁਰਿੰਦਰ ਪਾਲ, ਮਹਿੰਦਰ ਸਿੰਘ ਮੱਲ, ਪਿਰਥੀ ਲਾਲ, ਰਾਮ ਮੂਰਤੀ ਵਿਰਦੀ, ਆਦਿ ਨੇ ਵੀ ਤਨ, ਮਨ ਅਤੇ ਧੰਨ ਨਾਲ ਪੂਰਾ ਪੂਰਾ ਸਹਿਯੋਗ ਕੀਤਾ। ਹਰਬੰਸ ਵਿਰਦੀ ਲੰਡਨ ਯੂ ਕੇ ਤੋਂ, ਧਰਮ ਪੌਲ ਲੀਅਜ਼ ਤੋਂ, ਹੌਲੈਂਡ ਤੋਂ ਸਰਪੰਚ ਸ਼ਰਧਾ ਰਾਮ ਗਿੰਢਾ, ਜਰਮਨੀ ਤੋਂ ਹੰਸ ਰਾਜ ਬਾਲੀ, ਬੇਡਫੋਰਡ, ਯੂ ਕੇ ਤੋਂ ਅਮਰੀਕ ਪਲਾਹੀ ਨੂੰ ਸਨਮਾਨਤ ਕੀਤੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਹੌਲੈਂਡ ਤੋਂ ਮਨਜੀਤ ਮਸਤੀ ਨੇ ਆਪਣੀ ਮਧੁਰ ਆਵਾਜ਼ ਅਤੇ ਸੰਗੀਤ ਨਾਲ ਸ਼ੁਰੂ ਕੀਤੀ। ਉਨ੍ਹਾਂ ਤੋਂ ਬਾਦ ਹੌਲੈਂਡ ਤੋਂ ਹੀ ਅਸ਼ੋਕ ਪਰਿੰਸ ਅਤੇ ਅਜੇ ਮਹਿਮੀ ਨੇ ਵੀ ਆਪਣੀ ਸੁਰੀਲੀ ਆਵਾਜ਼ ਰਾਹੀਂ ਸਰੋਤਿਆਂ ਨੂੰ ਨਿਹਾਲ ਕੀਤਾ। ਫਰਾਂਸ ਤੋਂ ਸੋਢੀ ਸਿੰਘ ਸ਼ੀਮਾਰ ਨੇ ਵੀ ਆਪਣਾ ਸੰਗਤਿ ਪੇਸ਼ ਕੀਤਾ, ਉਨ੍ਹਾਂ ਦਾ ਗੀਤ "ਭੀਮ ਜਿਓਤੀ ਨੂੰ ਜਗਾਕੇ ਚਲੇ ਗਏ, ਮੋਇਆਂ ਦੇ ਵਿੱਚ ਜਾਨ ਪਾਕੇ ਚਲੇ ਗਏ" ਰੋਂਗਟੇ ਖੜੇ ਕਰਨ ਵਾਲੇ ਬੋਲ ਸਨ।

# ਓਬਾਮਾ ਵੱਲੋਂ ਕੀਨੀਆ ਰਹਿੰਦੇ ਪਰਿਵਾਰ ਦੇ ਵੱਡੇ ਵਡੇਰਿਆਂ ਨਾਲ ਮੁਲਾਕਾਤ



**ਕੋਗੇਲੋ(ਕੀਨੀਆ)-** ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੀਨੀਆ 'ਚ ਰਹਿੰਦੇ ਆਪਣੇ ਪਰਿਵਾਰ ਦੇ ਵੱਡੇ ਵਡੇਰਿਆਂ ਨਾਲ ਮੁਲਾਕਾਤ ਕੀਤੀ। ਓਬਾਮਾ ਦੀ ਸਾਲ 2015 ਮਗਰੋਂ ਇਸ ਅਫ਼ਰੀਕੀ ਮੁਲਕ ਦੀ ਇਹ ਪਲੇਠੀ ਫੇਰੀ ਹੈ।

ਉਜ ਇਸ ਮੌਜੂਦਾ ਫੇਰੀ ਮੌਕੇ ਸ੍ਰੀ ਓਬਾਮਾ ਵੱਲੋਂ ਯੂਥ ਸੈਂਟਰ ਦੀ ਸ਼ੁਰੂਆਤ ਕੀਤੀ ਜਾਵੇਗੀ। ਓਬਾਮਾ ਦੇ ਪਿਤਾ ਦੀ ਪੈਦਾਇਸ਼ ਕੀਨੀਆ ਦੀ ਹੈ ਤੇ ਉਹ ਕਿਨਿਆਈ ਸਦਰ ਉਹੁਰੂ ਕੀਨੀਆਤਾ ਤੇ ਵਿਰੋਧੀ ਧਿਰ ਦੇ ਮੁੱਖ ਆਗੂ ਰਾਇਲਾ ਓਡਿੰਗਾ ਦੇ ਸੱਦੇ 'ਤੇ ਇਥੇ ਆਏ ਹਨ। ਸ੍ਰੀ ਓਬਾਮਾ ਸਖ਼ਤ ਸੁਰੱਖਿਆ ਪ੍ਰਬੰਧ ਹੇਠ ਮੁਲਕ ਦੇ ਪੱਛਮੀ ਹਿੱਸੇ ਕੋਗੇਲੋ ਦੇ ਇਕ ਪਿੰਡ ਵਿਚਲੇ ਆਪਣੀ ਮਤਰੇਈ ਦਾਦੀ ਸਾਰ੍ਹਾ ਓਬਾਮਾ ਦੇ ਘਰ ਵੀ ਗਏ। ਇਸ ਫੇਰੀ ਦੌਰਾਨ ਆਪਣੀ ਮਤਰੇਈ ਭੈਣ ਵੱਲੋਂ ਸਥਾਪਤ ਸਾਉਤੀ ਕੂ ਨਾਂ ਦੇ ਸੈਂਟਰ ਦੇ ਉਦਘਾਟਨ ਮਗਰੋਂ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਹੋਰ ਵੱਡੇ ਵਡੇਰਿਆਂ ਨੂੰ ਮਿਲਣ ਦੀ ਵੀ ਸੰਭਾਵਨਾ ਹੈ। ਅਮਰੀਕੀ ਸਦਰ ਨੇ ਕਿਨਿਆਈ ਆਗੂਆਂ ਨੂੰ ਕਿਹਾ ਕਿ ਉਹ ਵੰਡੀਆਂ ਪਾਉਣ ਵਾਲੀ ਨਸਲੀ ਸਿਆਸਤ ਤੋਂ ਮੂੰਹ ਫੇਰ ਲੈਣ, ਜੋ ਕਿ ਆਮ ਕਰਕੇ ਹਿੰਸਾ ਦਾ ਰੂਪ ਧਾਰ ਲੈਂਦੀ ਹੈ। ਉਨ੍ਹਾਂ ਆਗੂਆਂ ਨੂੰ ਭ੍ਰਿਸ਼ਟਾਚਾਰ ਨੂੰ ਨਕੇਲ ਪਾਉਣ ਲਈ ਵੀ ਕਿਹਾ। ਇਥੇ ਆਪਣੇ ਪਿਤਾ ਦੇ ਪਿੰਡ ਵਿੱਚ ਸਕੂਲ ਦਾ ਉਦਘਾਟਨ ਕਰਦਿਆਂ ਸ੍ਰੀ ਓਬਾਮਾ ਨੇ ਰਾਸ਼ਟਰਪਤੀ ਉਹੁਰੂ ਕੀਨੀਆਤਾ ਤੇ ਵਿਰੋਧੀ ਆਗੂ ਰਾਇਲਾ ਓਡਿੰਗਾ ਦਰਮਿਆਨ ਘਟਦੀਆਂ ਦੂਰੀਆਂ ਲਈ ਉਨ੍ਹਾਂ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਮੁਲਕ ਵਿੱਚ ਸਰਗਰਮ ਨਸਲੀ ਸਮੂਹਾਂ ਵਿਚਲੀ ਤਲਖ਼ੀ ਨੂੰ ਘਟਾਉਣ ਲਈ ਹੋਰ ਯਤਨਾਂ ਦੀ ਲੋੜ ਹੈ।

# ਫਰਾਂਸ ਦੋ ਦਹਾਕੇ ਮਗਰੋਂ ਮੁੜ ਵਿਸ਼ਵ ਚੈਂਪੀਅਨ

**ਮਾਸਕੋ-** ਅਹਿਮ ਮੌਕਿਆਂ 'ਤੇ ਗੋਲ ਕਰਨ ਦੀ ਆਪਣੀ ਕਾਬਲੀਅਤ ਤੇ ਕਿਸਮਤ ਦੇ ਦਮ 'ਤੇ ਫਰਾਂਸ ਇਥੇ 21ਵੇਂ ਫੁਟਬਾਲ ਵਿਸ਼ਵ ਕੱਪ ਦਾ ਰੋਮਾਂਚਕ ਫਾਈਨਲ ਜਿੱਤ ਕੇ ਵੀਹ ਸਾਲਾਂ ਮਗਰੋਂ ਮੁੜ ਚੈਂਪੀਅਨ ਬਣ ਗਿਆ। ਫਰਾਂਸ ਨੇ ਖ਼ਿਤਾਬੀ ਮੁਕਾਬਲੇ 'ਚ ਕ੍ਰੋਏਸ਼ੀਆ ਦੀ ਟੀਮ ਨੂੰ 4-2 ਨਾਲ ਹਰਾਇਆ। ਪਹਿਲੀ ਵਾਰ ਫਾਈਨਲ ਵਿੱਚ ਪੁੱਜੀ ਕ੍ਰੋਏਸ਼ੀਆ ਦੀ ਟੀਮ ਨੇ ਹਾਫ਼ ਟਾਈਮ ਤੋਂ ਪਹਿਲਾਂ ਸਖ਼ਤ ਟੱਕਰ ਦਿੱਤੀ, ਪਰ ਇਸ ਦੇ ਬਾਵਜੂਦ ਫਰਾਂਸ ਨੇ 2-1 ਦੀ ਲੀਡ ਬਣਾ ਲਈ। ਕ੍ਰੋਏਸ਼ੀਆ ਦੇ ਸਟਰਾਈਕਰ ਮਾਰੀਓ ਮਾਂਜ਼ੁਕਿਚ ਨੇ 18ਵੇਂ ਮਿੰਟ 'ਚ ਆਤਮਘਾਤੀ ਗੋਲ ਕੀਤਾ। ਇਸ ਗੋਲ ਨਾਲ ਫਰਾਂਸ ਨੂੰ ਮੈਚ ਵਿੱਚ 1-0 ਦੀ ਲੀਡ ਮਿਲ ਗਈ, ਪਰ ਕ੍ਰੋਏਸ਼ੀਆ ਦੇ ਪੇਰਿਸਿਚ ਨੇ 28ਵੇਂ ਮਿੰਟ ਵਿੱਚ ਗੋਲ ਕਰਕੇ ਆਪਣੀ ਟੀਮ ਨੂੰ ਬਰਾਬਰੀ 'ਤੇ ਲੈ ਆਂਦਾ। ਫਰਾਂਸ ਨੂੰ ਹਾਲਾਂਕਿ ਜਲਦੀ ਹੀ ਪੈਨਲਟੀ ਮਿਲੀ, ਜਿਸ ਨੂੰ ਟੀਮ ਦੇ ਸਟਾਰ ਖਿਡਾਰੀ ਐਂਟਨੀ ਗ੍ਰਿਜ਼ਮੈਨ ਨੇ 38ਵੇਂ ਮਿੰਟ ਵਿੱਚ ਗੋਲ 'ਚ ਬਦਲ ਦਿੱਤਾ। ਪੌਲ ਪੋਗਬਾ ਨੇ 59ਵੇਂ ਮਿੰਟ ਵਿੱਚ ਤੀਜਾ ਗੋਲ ਦਾਗਿਆ ਜਦਕਿ ਕਾਇਲਾਨ ਮਬਾਪੇ ਨੇ 65ਵੇਂ ਮਿੰਟ ਵਿੱਚ ਫਰਾਂਸ ਦੀ ਲੀਡ ਨੂੰ 4-1 ਕਰ ਦਿੱਤਾ। ਜਦੋਂ ਲੱਗ ਰਿਹਾ ਸੀ ਕਿ ਹੁਣ ਕ੍ਰੋਏਸ਼ੀਆ ਹੱਥੋਂ ਮੌਕਾ ਨਿਕਲ ਚੁੱਕਾ ਹੈ ਤਾਂ ਮੈਂਡਜ਼ੁਕਿਚ ਨੇ 69ਵੇਂ ਮਿੰਟ



ਵਿੱਚ ਗੋਲ ਕਰਕੇ ਟੀਮ ਨੂੰ ਕੁਝ ਆਸ ਜਗਾਈ। ਉਂਜ ਸਾਲ 1974 ਮਗਰੋਂ ਫੁਟਬਾਲ ਵਿਸ਼ਵ ਕੱਪ 'ਚ ਇਹ ਪਹਿਲਾ ਮੌਕਾ ਹੈ ਜਦੋਂ ਖ਼ਿਤਾਬੀ ਮੁਕਾਬਲੇ 'ਚ ਹਾਫ਼ ਟਾਈਮ ਤੋਂ ਪਹਿਲਾਂ ਤਿੰਨ ਗੋਲ ਹੋਏ। ਇਸ ਤੋਂ ਪਹਿਲਾਂ ਫਰਾਂਸ 1998 ਵਿੱਚ ਵਿਸ਼ਵ ਚੈਂਪੀਅਨ ਬਣਿਆ ਸੀ, ਉਦੋਂ ਟੀਮ ਦੀ ਕਪਤਾਨ ਦਿਦੇਅਰ ਡੀਸ਼ਾਪਸ ਹੱਥ ਸੀ, ਜੋ ਅੱਜ ਟੀਮ ਦਾ ਕੋਚ ਹੈ। ਇਸ ਤਰ੍ਹਾਂ ਡੀਸ਼ਾਂਪਸ ਖਿਡਾਰੀ ਤੇ ਕੋਚ ਵਜੋਂ ਵਿਸ਼ਵ ਕੱਪ ਜਿੱਤਣ ਵਾਲਾ ਤੀਜਾ ਵਿਅਕਤੀ ਬਣ ਗਿਆ ਹੈ। ਇਸ ਤੋਂ ਪਹਿਲਾਂ ਬ੍ਰਾਜ਼ੀਲ ਦੇ ਮਾਰੀਓ ਜਗਾਲੋ ਤੇ ਜਰਮਨੀ ਦੇ ਫਰੈਂਕ ਬੇਕਨਬਊਰ ਨੇ ਇਹ ਮਾਣਮੱਤੀ ਪ੍ਰਾਪਤੀ ਕੀਤੀ ਸੀ।

ਉਧਰ ਕ੍ਰੋਏਸ਼ੀਆ ਪਹਿਲੀ ਵਾਰ ਫਾਈਨਲ ਵਿੱਚ ਪੁੱਜਾ ਸੀ। ਟੀਮ ਨੇ ਆਪਣੇ ਵੱਲੋਂ ਹਰ ਸੰਭਵ ਯਤਨ ਕੀਤਾ ਤੇ ਆਪਣੇ ਹੁਨਰ ਤੇ ਚੰਚਲਪੁਣੇ ਨਾਲ ਦਰਸ਼ਕਾਂ ਦਾ ਦਿਲ ਵੀ ਜਿੱਤਿਆ, ਪਰ ਆਖਿਰ ਨੂੰ ਜ਼ਲਾਟਕੋ ਡਾਲਿਚ ਦੀ ਟੀਮ ਨੂੰ ਉਪ ਜੇਤੂ ਬਣ ਕੇ ਸਬਰ ਕਰਨਾ ਪਿਆ। ਉਂਜ ਦੋਵੇਂ ਟੀਮਾਂ ਅੱਜ ਮੈਦਾਨ 'ਤੇ 4-2-2-1 ਦੇ ਸਮੀਕਰਨ ਨਾਲ ਮੈਦਾਨ 'ਚ ਨਿੱਤਰੀਆਂ ਸਨ। ਕ੍ਰੋਏਸ਼ੀਆ ਨੇ ਇੰਗਲੈਂਡ ਖ਼ਿਲਾਫ਼ ਜਿੱਤ ਦਰਜ ਕਰਨ ਵਾਲੀ ਸ਼ੁਰੂਆਤੀ ਗਿਆਰਾਂ ਖਿਡਾਰੀਆਂ 'ਚ ਕੋਈ ਤਬਦੀਲੀ ਨਹੀਂ ਕੀਤੀ ਜਦੋਂਕਿ ਡੀਸ਼ਾਂਪਸ ਨੇ ਆਪਣੀ ਰੱਖਿਆ ਲਾਈਨ ਨੂੰ ਮਜ਼ਬੂਤ ਕਰਨ ਵੱਲ ਵਧੇਰੇ ਤਰਜੀਹ ਦਿੱਤੀ।

# ਰੂਸ-ਅਮਰੀਕਾ ਸਬੰਧਾਂ ਨੂੰ ਮੁੱਲਰ ਜਾਂਚ ਦਾ ਮੁਥਾਜ ਨਾ ਬਣਾਇਆ ਜਾਵੇ: ਪੂਤਿਨ

**ਵਾਸ਼ਿੰਗਟਨ-** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਅਮਰੀਕਾ ਦੇ ਵਿਸ਼ੇਸ਼ ਕਾਊਂਸਲ ਰੌਬਰਟ ਮੁੱਲਰ ਵੱਲੋਂ ਅਮਰੀਕਾ ਦੀਆਂ ਆਮ ਚੋਣਾਂ ਦੌਰਾਨ ਰੂਸ ਦੇ ਦਖ਼ਲ ਬਾਰੇ ਕੀਤੀ ਜਾ ਰਹੀ ਜਾਂਚ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਦਖ਼ਲ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਕਿਉਂਕਿ ਇਹ ਜਾਂਚ 'ਰਾਜਸੀ ਖੇਡ' ਹੈ।



'ਫੌਕਸ ਨਿਊਜ਼' ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਰੂਸ ਦੇ ਰਾਸ਼ਟਰਪਤੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਵਿਚਕਾਰ ਮੁਲਕਾਤ ਤੋਂ ਤਿੰਨ ਦਿਨ ਪਹਿਲਾਂ ਅਮਰੀਕਾ ਦੇ ਵਿਸ਼ੇਸ਼ ਕਾਊਂਸਲ ਰੌਬਰਟ ਮੁੱਲਰ ਵੱਲੋਂ ਲਾਏ ਦੋਸ਼ ਕਿ ਰੂਸ ਦੇ 12 ਖੁਫੀਆ ਏਜੰਟਾਂ ਨੇ ਡੈਮੋਕਰੇਟਿਕ ਪਾਰਟੀ ਦੇ ਕੰਪਿਊਟਰ ਹੈਕ ਕੀਤੇ ਸਨ, ਬਾਰੇ ਕਿਹਾ ਕਿ ਇਹ ਉਨ੍ਹਾਂ ਦੀ ਅੰਦਰੂਨੀ ਰਾਜਸੀ ਲੜਾਈ ਹੈ, ਉਨ੍ਹਾਂ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਇਹ ਪ੍ਰਗਟਾਵਾ ਪੂਤਿਨ ਨੇ ਇੱਕ ਦੁਭਾਸ਼ੀਏ ਦੇ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਇਹ ਅਮਰੀਕਾ ਦੀ ਅੰਦਰੂਨੀ ਰਾਜਸੀ ਖੇਡ ਹੈ ਕਿ ਅਮਰੀਕਾ ਅਤੇ ਰੂਸ ਦੇ ਵਿਚਕਾਰ ਆਪਸੀ ਸਬੰਧ ਨਾ ਬਣਨ। ਆਪਸੀ ਰਿਸ਼ਤਿਆਂ ਨੂੰ ਅੰਦਰੂਨੀ ਰਾਜਸੀ ਖੇਡ ਦੀਆਂ ਚਾਲਾਂ ਦੇ ਮੁਥਾਜ ਨਹੀਂ ਬਣਾਉਣਾ ਚਾਹੀਦਾ। ਜ਼ਿਕਰਯੋਗ ਹੈ ਕਿ ਪੂਤਿਨ ਅਤੇ ਟਰੰਪ ਦੇ ਵਿਚਕਾਰ ਫਿਨਲੈਂਡ ਦੀ ਰਾਜਧਾਨੀ ਹੈਲਸਿੰਕੀ ਵਿੱਚ ਦੁਵੱਲੀ ਗੱਲਬਾਤ ਹੋਈ ਹੈ। ਸ੍ਰੀ ਪੂਤਿਨ, ਮੁੱਲਰ ਦੇ ਬਿਆਨ ਤੋਂ ਦੋਵਾਂ ਆਗੂਆਂ ਵਿਚਕਾਰ ਗੱਲਬਾਤ ਉਤੇ ਪੈਣ ਵਾਲੇ ਮਾੜੇ ਪ੍ਰਭਾਵ ਬਾਰੇ ਆਪਣਾ ਪੱਖ ਰੱਖ ਰਹੇ ਸਨ। ਟਰੰਪ ਨੇ ਸੋਮਵਾਰ ਨੂੰ ਮੁੱਲਰ ਦੀ ਨਿਯੁਕਤੀ ਨੂੰ ਲੈ ਕੇ ਵੀ ਸਵਾਲ ਕੀਤੇ ਸਨ। ਸ੍ਰੀ ਪੂਤਿਨ ਨੇ ਕਿਹਾ ਕਿ ਇਹ ਦੋਸ਼ ਅਮਰੀਕਾ ਦੀ ਅੰਦਰੂਨੀ ਰਾਜਸੀ ਲੜਾਈ ਦਾ ਹਿੱਸਾ ਹਨ।

# ਪੰਜਾਬ ਦੀਆਂ ਸਾਰੀਆਂ ਪੰਚਾਇਤੀ ਸੰਸਥਾਵਾਂ ਭੰਗ; ਪ੍ਰਸ਼ਾਸਕ ਨਿਯੁਕਤ

**ਚੰਡੀਗੜ੍ਹ-** ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਗਿਆ ਹੈ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਅੱਜ ਨੋਟੀਫਿਕੇਸ਼ਨ ਜਾਰੀ ਕਰਕੇ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਪ੍ਰਬੰਧਕ ਲਾ ਦਿੱਤੇ ਤੇ ਦਿਹਾਤੀ ਸੰਸਥਾਵਾਂ ਭੰਗ ਕਰ ਦਿੱਤੀਆਂ। ਪੰਜਾਬ ਵਿੱਚ 22 ਜ਼ਿਲ੍ਹਾ ਪ੍ਰੀਸ਼ਦਾਂ, 150 ਪੰਚਾਇਤ ਸਮਿਤੀਆਂ ਅਤੇ 13 ਹਜ਼ਾਰ ਦੇ ਕਰੀਬ ਪੰਚਾਇਤਾਂ ਹਨ।

ਇਸ ਫੈਸਲੇ ਦੇ ਨਾਲ ਹੀ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਸੂਬੇ ਦੀਆਂ ਸਮੂਹ ਗਰਾਮ ਪੰਚਾਇਤਾਂ ਭੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵੱਲੋਂ ਸੂਬਾਈ ਚੋਣ ਕਮਿਸ਼ਨ ਨੂੰ 30 ਸਤੰਬਰ ਤੱਕ ਗਰਾਮ ਪੰਚਾਇਤਾਂ ਅਤੇ 31 ਅਗਸਤ ਤੱਕ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਕਰਾਏ ਜਾਣ ਲਈ ਲਿਖਿਆ ਗਿਆ ਹੈ। ਰਾਜ ਸਰਕਾਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਅਗਸਤ ਮਹੀਨੇ 'ਚ ਕਰਾਉਣ ਲਈ ਲਿਖਿਆ ਗਿਆ ਹੈ। ਪੰਜਾਬ ਵਿੱਚ ਇਸ ਸਮੇਂ ਗਰਾਮ ਪੰਚਾਇਤਾਂ, ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਉਪਰ ਅਕਾਲੀ ਦਲ ਦਾ ਕਬਜ਼ਾ ਹੈ ਤੇ ਪਿਛਲੇ ਇੱਕ ਦਹਾਕੇ ਤੋਂ ਅਕਾਲੀ ਦਲ ਨਾਲ ਸਬੰਧਤ ਬੰਦੇ ਹੀ ਕਾਬਜ਼ ਹਨ। ਸਰਕਾਰ ਦੇ ਇਨ੍ਹਾਂ ਨਿਰਦੇਸ਼ਾਂ ਤੋਂ ਬਾਅਦ ਦਿਹਾਤੀ ਖੇਤਰ ਵਿੱਚ ਅਕਾਲੀ ਦਲ ਦੇ ਬੰਦਿਆਂ ਦਾ ਦਬਦਬਾ ਖ਼ਤਮ ਹੋ ਜਾਵੇਗਾ ਤੇ ਪੰਚਾਇਤਾਂ ਦੀ ਵਾਗਡੋਰ ਵਿਭਾਗ ਹਵਾਲੇ ਹੋਵੇਗੀ।

ਪੰਜਾਬ 'ਚ ਕੈਪਟਨ ਸਰਕਾਰ ਦੇ ਹੋਂਦ 'ਚ ਆਉਣ ਤੋਂ ਬਾਅਦ ਦਿਹਾਤੀ ਖੇਤਰ ਦੀਆਂ ਚੋਣਾਂ ਪਹਿਲੀ ਵਾਰ ਹੋ ਰਹੀਆਂ ਹਨ। ਇਨ੍ਹਾਂ ਚੋਣਾਂ 'ਚ ਅਕਾਲੀ ਦਲ ਦਾ ਕਬਜ਼ਾ ਟੁੱਟਣ ਦੇ ਆਸਾਰ ਹਨ। ਸੂਬੇ 'ਚ ਆਮ ਤੌਰ 'ਤੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਤਾਂ ਰਾਜਸੀ ਪਾਰਟੀਆਂ ਚੋਣ ਨਿਸ਼ਾਨ 'ਤੇ ਲੜਦੀਆਂ ਹਨ ਜਦੋਂ ਕਿ ਗਰਾਮ ਪੰਚਾਇਤਾਂ ਆਜ਼ਾਦਾਨਾ ਤੌਰ 'ਤੇ ਲੜੀਆਂ ਜਾਂਦੀਆਂ ਹਨ। ਚੋਣ ਕਮਿਸ਼ਨ ਨੇ ਵੀ ਪੰਚਾਇਤਾਂ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ। ਪੰਜਾਬ 'ਚ ਦਿਹਾਤੀ ਸੰਸਥਾਵਾਂ ਦੀਆਂ ਇਨ੍ਹਾਂ ਚੋਣਾਂ ਦੌਰਾਨ ਬੈਲਟ ਪੇਪਰ ਦੀ ਹੀ ਵਰਤੋਂ ਹੋਵੇਗੀ। ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 9 ਜੁਲਾਈ ਨੂੰ ਵੋਟਰ ਸੂਚੀਆਂ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ ਤੇ ਵੋਟਰ ਸੂਚੀਆਂ ਉਪਰ ਇਤਰਾਜ਼ ਮੰਗੇ ਗਏ ਹਨ। ਵੋਟਰ ਸੂਚੀਆਂ ਦਾ ਕੰਮ ਇਸੇ ਮਹੀਨੇ ਮੁਕੰਮਲ ਹੋ ਜਾਵੇਗਾ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰੀ ਬਾਬਿਆਂ ਦਾ ਮੇਲਾ

**ਸਟਾਕਟਨ-** ਪਿਛਲੇ ਦਿਨੀਂ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਪਿਛਲੇ ਸਾਲਾਂ ਦੀ ਤਰ੍ਹਾਂ ਗਦਰ ਪਾਰਟੀ ਦੇ ਸੰਗਰਾਮੀਆਂ ਨੂੰ ਸਮਰਪਿਤ ਮੇਲਾ 2 ਸਤੰਬਰ ਦਿਨ ਐਤਵਾਰ ਐਸ. ਈ. ਐਸ. ਹਾਲ ਐਲਕਗ੍ਰੋਵ ਸੈਕਰਾਮੈਂਟੋ ਵਿਖੇ ਕਰਵਾਇਆ ਜਾਵੇਗਾ। ਇਹ ਮੇਲਾ ਸਿੰਗਾਪੁਰ ਦੀ ਅੰਗਰੇਜ ਵਿਰੋਧੀ ਫੌਜੀ ਬਗਾਵਤ ਅਤੇ ਗਦਰੀ ਰਾਮ ਸਿੰਘ ਧਲੇਤਾ ਨੂੰ ਸਮਰਪਿਤ ਹੋਵੇਗਾ। ਮੇਲੇ ਦੀ ਤਿਆਰੀ ਹਿਤ ਸਬ-ਕਮੇਟੀਆਂ ਦਾ ਸੰਗਠਨ ਕਰਕੇ ਡਿਊਟੀਆਂ ਦੀ ਵੰਡ ਕੀਤੀ ਗਈ।

ਲੰਗਰ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਕਰਨ ਲਈ ਵਰਕਰਾਂ ਦੀ ਡਿਊਟੀ ਲਾਈ ਗਈ। ਫੰਡ ਇਕੱਤਰ ਕਰਨ ਲਈ ਡਿਊਟੀਆਂ ਦੀ ਵੰਡ ਕੀਤੀ ਤੇ ਕੋਟੇ ਨਿਰਧਾਰਿਤ ਕੀਤੇ ਗਏ।



ਕਲਚਰਲ ਪ੍ਰੋਗਰਾਮ ਲਈ ਲੋਕਲ ਕਲਾਕਾਰਾਂ ਨੂੰ ਉਤਸ਼ਾਹ ਕੀਤਾ ਜਾਵੇਗਾ। ਮੇਲੇ ਦੇ ਆਰੰਭ ਵਿਚ ਡਾਊਨ ਟਾਊਨ ਦੀ ਸਮਿਟਰੀ ਵਿਖੇ ਪ੍ਰਸਿੱਧ ਗਦਰੀ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ ਅਤੇ ਹਾਲ ਦੇ ਪੰਡਾਲ ਵਿਚ ਗਦਰ ਪਾਰਟੀ ਦਾ ਤਿੰਨ ਰੰਗਾਂ ਦੇ ਕਾਟਵੀਆਂ ਖੜ੍ਹੀਆਂ ਕਿਰਪਾਨਾਂ ਦਾ ਝੰਡਾ ਝੁਲਾਇਆ ਜਾਵੇਗਾ ਅਤੇ ਮੇਲੇ ਵਿਚ ਭਾਰਤੀ ਉਪਮਹਾਂਦੀਪ ਦੀ ਆਜ਼ਾਦੀ ਦੇ ਪ੍ਰਵਾਨਿਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਵਾਰ ਦੀ ਫੋਟੋ ਪ੍ਰਦਰਸ਼ਨੀ ਜੋ ਆਜ਼ਾਦੀ ਸੰਗਰਾਮ ਅਤੇ ਉਸ ਦੇ ਸ਼ਹੀਦਾਂ ਬਾਰੇ ਹੋਵੇਗੀ, ਇਕ ਵਿਲੱਖਣ ਦ੍ਰਿਸ਼ ਪੇਸ਼ ਕਰੇਗੀ।

ਇਸ ਮੇਲੇ ਵਿਚ ਜਿੱਥੇ ਆਮ ਲੋਕਾਈ ਨੂੰ ਪੁਜਣ ਦਾ ਸੁਨੇਹਾ ਦਿੱਤਾ, ਉਥੇ ਭਰਾਤਰੀ ਜਥੇਬੰਦੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ ਗਈ।



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੁਲਾਈ ਮਹੀਨੇ ਦੇ ਸਮਾਗਮ

**ਗੁਰੂ ਪਿਆਰ ਸਾਧ ਸੰਗਤ ਜੀਓ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸਤਿਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਜੋ ਗੁਰਪੁਰਬ ਮਿਤੀ 13, 14,15 ਜੁਲਾਈ ਨੂੰ ਰੱਖਿਆ ਗਿਆ ਸੀ, ਉਹ ਰੱਦ ਕਰ ਦਿੱਤਾ ਗਿਆ ਹੈ। ਕਿਉਂਕਿ ਗੁਰੂ ਸਾਹਿਬ ਜੀ ਦਾ ਗੁਰਪੁਰਬ 6 ਅਗਸਤ 2018 ਦਿਨ ਸੋਮਵਾਰ ਦਾ ਹੈ। ਇਹ ਸਭ ਤਰੀਕਾਂ ਦਾ ਭੁਲੇਖਾ ਪੈ ਜਾਣ ਕਾਰਨ ਹੋਇਆ। ਹੁਣ ਗੁਰਪੁਰਬ ਗੁਰੂ ਘਰ ਵਿਖੇ ਮਿਤੀ 10, 11, 12 ਅਗਸਤ 2018 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਮਨਾਇਆ ਜਾਵੇਗਾ ਜੀ। ਜਿਸ ਵਿਚ 10 ਅਗਸਤ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, ਜਿਹਨਾਂ ਦੇ ਭੋਗ 12 ਅਗਸਤ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਕੀਰਤਨੀਏ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

## Matrimonials

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com

-----------------------------------------------------

Punjabi (Ramdasia Sikh) Clean shave boy age 27 yrs. 5′ 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar Contact: 408.528.4489 Email: tsumman@yahoo.com



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੁਲਾਈ ਮਹੀਨੇ ਦੇ ਪ੍ਰੋਗਰਾਮ

18 ਜੁਲਾਈ ਬੁੱਧਵਾਰ ਅੰਤਿਮ ਅਰਦਾਸ ਜਸਮੀਤ ਸਿੰਘ ਦੁਪਹਿਰ 2 ਵਜੇ ਤੋਂ 3 ਵਜੇ ਤੱਕ।

20 ਜੁਲਾਈ ਸ਼ੁੱਕਰਵਾਰ ਤੋਂ 22 ਜੁਲਾਈ ਐਤਵਾਰ ਨੂੰ ਦੋ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਵੱਲੋਂ ਸਵਰਗੀ ਸ. ਪਵਿੰਦਰ ਸਿੰਘ ਕਰੀਹਾ ਪਰਿਵਾਰ ਵੱਲੋਂ।

21 ਜੁਲਾਈ ਸ਼ਨਿਚਰਵਾਰ ਅੰਤਿਮ ਅਰਦਾਸ ਸਵਰਗੀ ਸ. ਅਨੂਪ ਸਿੰਘ ਦੂਲੇ ਪਰਿਵਾਰ ਵੱਲੋਂ ਦੁਪਹਿਰ 1 ਵਜੇ ਤੋਂ 3 ਵਜੇ ਤੱਕ

22 ਜੁਲਾਈ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਸ. ਵਿਨੋਦ ਸਿੰਘ ਗਿੱਲ ਦੇ ਗ੍ਰਹਿ ਵਿਖੇ।

22 ਜੁਲਾਈ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਸ. ਗੁਰਨੇਕ ਸਿੰਘ ਦੇ ਗ੍ਰਹਿ ਵਿਖੇ।

# ਗੁਰਬਖਸ਼ ਸਿੰਘ ਧਾਲੀਵਾਲ ਹੁਰਾਂ ਦੀ 10ਵੀਂ ਬਰਸੀ ਫਰਿਜ਼ਨੋ ਵਿਚ ਮਨਾਈ ਗਈ

**ਫਰਿਜ਼ਨੋ–** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਸ੍ਰ ਗੁਰਬਖਸ਼ ਸਿੰਘ ਧਾਲੀਵਾਲ ਹੁਣਾ ਦੀ 10 ਵੀਂ ਬਰਸੀ ਫਰਿਜਨੋ ਵਿਚ ਮਨਾਈ ਗਈ। ਉਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ ਤੇ ਪਹੁੰਚੇ ਹੋਏ ਪਰਿਵਾਰਕ ਦੋਸਤ, ਰਿਸਤੇਦਾਰ ਅਤੇ ਇਲਾਕੇ ਦੀਆ ਕਈ ਜੰਥੇਬੰਦੀਆ ਦੇ ਨਾਲ ਜੁੜੇ ਹੋਏ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ। ਇਸ ਇਕੱਤਰਤਾ ਦੀ ਸ਼ੁਰੂਆਤ ਵਿਚ ਸ੍ਰ ਜਸਵੰਤ ਸਿੰਘ ਮਾਨ ਨੇ ਗੁਰਬਖਸ ਸਿੰਘ ਧਾਲੀਵਾਲ ਹੁਣਾ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆ ਉਨਾ ਦੀ ਲੋਕ ਪੱਖੀ ਸੋਚ ਨੂੰ ਸਜਦਾ ਕੀਤਾ। ਸ੍ਰ ਲਛਮਣ ਸਿੰਘ ਰਾਠੌਰ ਹੋਣਾ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਲਿਖੀ ਇਕ ਕਵਿਤਾ ਸੁਣਾਈ।

ਸ੍ਰ ਰਾਜਵਿੰਦਰ ਧਾਲੀਵਾਲ ਜੋ ਕੇ 900 ਏ ਐਮ ਫਰਿਜਨੋ ਦੇ ਨਿਧੱੜਕ ਰੇਡੀਓ ਹੋਸਟ ਹਨ ਨੇ ਨਿਜ ਤੋਂ ਉਪਰ ਉਠ ਕੇ ਸਮਾਜ ਲਈ ਕੁਝ ਕਰਨ ਵਾਲਿਆ ਨੂੰ ਆਪਣੀ ਸ਼ਰਧਾਜਲੀ ਭੇਟ ਕੀਤੀ। ਗੈਰੀ ਢੇਸੀ ਹੁਣਾ ਨੇ ਵੀ ਦੋ ਗੀਤ ਸੁਣਾ ਕੇ ਮਾਹੌਲ ਨੂੰ ਸੁਰਮਈ ਬਣਾ ਦਿਤਾ। ਸਟੇਜ ਸਕੱਤਰ ਦੀ ਕਾਰਵਾਈ ਨਿਭਾਉਦਿਆ ਹਰਜਿੰਦਰ ਢੇਸੀ ਹੁਣਾ ਨੇ ਲੋਕ ਕਵੀ ਗੁਰਦਾਸ ਆਲਮ ਦੀ ਇਕ ਕਵਿਤਾ ਆਜ਼ਾਦੀ ਸੁਣਾਈ। ਗਦਰੀ



ਬਾਬੇ ਸ੍ਰ ਬਚਨ ਸਿੰਘ ਘੋਲੀਆ ਦੇ ਪੁਤਰ ਕਰਨਲ ਹਰਦੇਵ ਸਿੰਘ ਗਿਲ ਹੋਣਾ ਨੇ ਇਥੇ ਵਸਦੇ ਪੰਜਾਬੀ ਲੋਕਾਂ ਨੂੰ ਲੋਕਤੰਤਰ ਦੀ ਸ਼ਕਤੀ ਨੂੰ ਪਛਾਨਣ ਅਤੇ ਇਥੇ ਦੇ ਰਾਜਨੀਤਿਕ ਪ੍ਰਬੰਧ ਵਿਚ ਸਰਗਰਮ ਰੋਲ ਅਦਾ ਕਰਨ ਦੀ ਅਪੀਲ ਕੀਤੀ। ਸ੍ਰ ਗੁਰਦੀਪ ਸਿੰਘ ਅਣਖੀ ਨੇ ਗੁਰਬਖਸ਼ ਸਿੰਘ ਹੋਰਾ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕੀਤਾ ਕਿ ਕਿਵੇ ਉਨਾਂ ਐਮ ਐਲ ਏ ਅਹੁਦੇ ਤੇ ਹੁੰਦੇ ਹੋਏ ਵੀ ਆਪਣੀ ਕੁਰਸੀ ਦਾ ਪ੍ਰਯੋਗ ਕਦੀ ਵੀ ਪਰਿਵਾਰ ਜਾਂ ਰਿਸ਼ਤੇਦਾਰਾ ਦੇ ਵਾਇਦੇ ਲਈ ਨਹੀ ਸਗੋਂ ਹਮੇਸ਼ਾ ਲੋਕਾ ਦੇ ਭਲੇ ਲਈ ਵਰਤਿਆ। ਇਸ ਦੇ ਉਲਟ ਅੱਜ ਦੇ ਬਹਤੇ ਐਮ ਐਲ ਏ ਸਿਆਸਤ ਨੂੰ ਸੇਵਾ ਦੀ ਬਜਾਏ ਇਕ ਲਾਹੇਵੰਦ ਧੰਦੇ ਵਾਗ ਕਰ ਰਹੇ ਹਨ।

ਸ੍ਰ ਹਰਨੇਕ ਸਿੰਘ ਲੋਹਗੜ ਨੇ ਵੀ ਗੁਰਬਖਸ਼ ਧਾਲੀਵਾਲ ਹੁਣਾ ਨਾਲ ਬਿਤਾਏ ਦਿਨਾ ਨੂੰ ਯਾਦ ਕੀਤਾ। ਪਿਸ਼ੌਰਾ ਸਿੰਘ ਢਿਲੋਂ ਹੁਣਾ ਨੇ ਆਪਣੀ ਇਕ ਨਜ਼ਮ ਗਾ ਕੇ ਸ਼ਰਧਾਜਲੀ ਭੇਟ ਕੀਤੀ। ਗੁਰਬਖਸ਼ ਸਿੰਘ ਹੁਰਾਂ ਦੀ ਪੋਤਰੀ ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਇਤਿਹਾਸ ਨੂੰ ਬਿਆਨਦੀ ਇਕ ਖੂਬਸੂਰਤ ਕਵਿਤਾ ਸੁਣਾਈ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੈਕਟੇਰੀ ਸੁੰਰਿਦਰ ਮੰਢਾਲੀ ਨੇ ਸੰਸਥਾ ਦੇ ਸ਼ੁਰੂ ਦੇ ਦਿਨਾਂ ਗੁਰਬਖਸ਼ ਧਾਲੀਵਾਲ ਹੁਣਾਂ ਵਲੋ ਦੂਰਇਦੇਸ਼ੀ ਨਾਲ ਕੀਤੇ ਕਈ ਫੈਸਲਿਆ ਨੂੰ ਯਾਦ ਕੀਤਾ। ਉਨਾਂ ਨੇ ਆਏ ਸਾਰੇ ਸੱਜਣਾ ਦਾ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਗੁਰਬਖਸ਼ ਸਿੰਘ ਹੁਰਾਂ ਅਤੇ ਗਦਰੀ ਬਾਬਿਆਂ ਦੀ ਲੋਕ ਪੱਖੀ ਅਤੇ ਧਰਮ ਨਿਰਪੱਖ ਸੋਚ ਤੇ ਹਮੇਸ਼ਾ ਤੁਰਦੇ ਰਹਿਣ ਦਾ ਅਹਿਦ ਦੁਹਰਾਇਆ।

# ਗਦਰ ਲਹਿਰ ਬਾਰੇ ਅਮਰੀਕੀ ਬੱਚਿਆਂ ਨੂੰ ਪੜ੍ਹਾਇਆ ਜਾਵੇਗਾ

**ਅਸਟੋਰੀਆ, ਉਰੀਗਨ (ਹੁਸਨ ਲੜੋਆ ਬੰਗਾ)–** ਗਦਰ ਪਾਰਟੀ ਜੋ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਦਾ ਅਹਿਮ ਹਿੱਸਾ ਹੈ, ਹੁਣ ਇਸ ਇਤਿਹਾਸ ਨੂੰ ਅਮਰੀਕਾ ਵਿਚ ਬੱਚੇ ਪੜ੍ਹਨਗੇ। ਗਦਰ ਪਾਰਟੀ ਦੇ ਸੰਪੂਰਨ ਹੋਣ ਦੇ 105 ਸਾਲਾਂ ਦੇ ਬਾਅਦ ਓਰੇਗਨ ਰਾਜ ਵਿਚ ਆਯੋਜਿਤ ਕੀਤੇ ਇਕ ਪ੍ਰੋਗਰਾਮ ਵਿਚ ਇਹ ਐਲਾਨ ਕੀਤਾ ਗਿਆ ਸੀ।

ਅਸਟੋਰੀਆ ਸਿਟੀ ਵਿਚ ਪ੍ਰੋਗਰਾਮ ਵਿਚ ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਗਦਰ ਪਾਰਟੀ ਦਾ ਇਤਿਹਾਸ ਸਕੂਲ ਵਿਚ ਲਗਾ ਦਿੱਤਾ ਜਾਵੇਗਾ ਤਾਂ ਜੋ ਨਵੀਂ ਪੀੜ੍ਹੀ ਅਮਰੀਕਾ ਵਿਚਲੇ ਹੋਰ ਭਾਈਚਾਰਿਆਂ ਦੇ ਇਤਿਹਾਸ ਤੋਂ ਵੀ ਜਾਣੂ ਹੋ ਸਕੇ। ਇਸ ਪ੍ਰੋਗਰਾਮ ਦਾ ਆਯੋਜਨ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ



ਅਸਟੋਰੀਆ ਦੁਆਰਾ ਕੀਤਾ ਗਿਆ ਸੀ। ਗਦਰ ਪਾਰਟੀ ਸਾਮਰਾਜਵਾਦ ਖਿਲਾਫ ਭਾਤਰ ਦੀ ਮੁਕੰਮਲ ਆਜ਼ਾਦੀ ਦੀ ਮੰਗ ਲਈ, 1913 ਵਿਚ ਕੈਨੇਡਾ ਅਤੇ ਅਮਰੀਕਾ ਵਿਚ ਵੱਸਦੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੁਆਰਾ ਬਣਾਈ ਗਈ ਸੀ, ਜਿਸਨੇ ਭਾਰਤ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦਾ ਐਲਾਨ ਕੀਤਾ। ਇਸਦੇ ਸੰਸਥਾਪਕ ਪ੍ਰਧਾਨ ਸ. ਸੋਹਨ ਸਿੰਘ ਭਕਨਾ ਸਨ। ਇਸ ਪਾਰਟੀ ਦਾ ਹੈਡਕੁਆਰਟਰ ਸੈਨ ਫਰਾਂਸਿਸਕੋ ਵਿਚ ਸੀ। ਪਾਰਟੀ ਦੇ ਜ਼ਿਆਦਾਤਰ ਮੈਂਬਰ ਸਾਬਕਾ ਫੌਜੀ ਅਤੇ ਪੰਜਾਬ ਦੇ ਕਿਸਾਨ ਸਨ, ਜੋ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਅਮਰੀਕਾ ਆਏ ਸਨ। ਬ੍ਰਿਟਿਸ਼ ਸ਼ਾਸਨ ਤੋਂ ਭਾਰਤ ਨੂੰ ਆਜ਼ਾਦ ਕਰਨ ਲਈ ਪਾਰਟੀ ਨੇ ਅਖਬਾਰ 'ਹਿੰਦੁਸਤਾਨ ਗਦਰ' ਨਾਂ ਦਾ ਪੰਜਾਬੀ ਅਖਬਾਰ ਕੱਢਿਆ ਜੋ ਬਾਅਦ ਵਿਚ ਹਿੰਦੀ ਅਤੇ ਉਰਦੂ ਵਿਚ ਵੀ ਛਪਿਆ। ਗਦਰ ਇਸ ਨੂੰ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਭੇਜਦੇ ਸਨ। 1914 ਵਿਚ ਕਾਮਾਗਾਟਾ ਮਾਰੂ ਤੰਗੀ ਅਤੇ ਬੇਰੁਜ਼ਗਾਰੀ ਕਾਰਨ ਕਿਸ਼ਤੀ 'ਚ ਕੈਨੇਡਾ ਲਈ ਜਾ ਰਹੇ ਸਨ, 376 ਭਾਰਤੀ ਇਸ ਜਹਾਜ਼ ਵਿਚ ਸਵਾਰ ਸਨ ਤੇ ਉਸ ਸਮੇਂ ਭਾਰਤ ਵਿਚ ਬ੍ਰਿਟਿਸ਼ ਰਾਜ ਸੀ। ਇਹਨਾਂ ਵਿਚੋਂ ਜ਼ਿਆਦਾਤਰ ਯਾਤਰੀ ਮਾਰੇ ਗਏ ਸਨ। ਸਾਲ 2014 ਵਿਚ ਕੈਨੈਡਾ ਸਰਕਾਰ ਨੇ ਇਸ ਘਟਨਾ ਦੀ ਸ਼ਤਾਬਦੀ ਤੇ ਇਕ ਡਾਕ ਟਿਕਟ ਵੀ ਜਾਰੀ ਕੀਤੀ ਸੀ।

# ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾਉਣ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੁਆਗਤ

**ਜਲੰਧਰ–** ਅਮਰੀਕਾ ਦੇ ਸਕੂਲੀ ਪਾਠਕ੍ਰਮ ਵਿਚ ਵਿਸ਼ਵ ਵਿਆਪੀ ਅਮਨ ਭਾਈਚਾਰੇ ਤੇ ਬਰਾਬਰੀ ਵਾਲੇ ਪ੍ਰਬੰਧ ਦੀ ਪੈਰੋਕਾਰ ਗ਼ਦਰ ਲਹਿਰ ਦੇ ਇਤਿਹਾਸ ਨੂੰ ਪੜ੍ਹਾਉਣ ਬਾਰੇ ਅਮਰੀਕੀ ਸੈਨੇਟ ਦੇ ਫੈਸਲੇ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਭਰਪੂਰ ਸੁਆਗਤ ਕੀਤਾ।

ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ 1913 ਵਿਚ ਔਰੇਗਨ ਸਟੇਟ ਦੇ ਅਸਟੋਰੀਆ ਸ਼ਹਿਰ ਵਿਚ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਰਾਹ ਪੱਧਰਾ ਕਰਨ ਵਾਲੀ ਗ਼ਦਰ ਲਹਿਰ ਦੀ ਪਹਿਲੀ ਮੀਟਿੰਗ ਹੋਈ ਸੀ। ਇਸ ਤੋਂ ਪਿੱਛੋਂ ਹਜ਼ਾਰਾਂ ਗ਼ਦਰੀ ਦੇਸ਼ ਭਗਤ ਆਪਣੇ ਕਾਰੋਬਾਰ ਬੰਦ ਕਰਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਪੁੱਜੇ ਸਨ। ਭਾਰਤ ਪੁੱਜਣ 'ਤੇ ਇਥੋਂ ਦੀ ਅੰਗਰੇਜ਼ ਸਰਕਾਰ ਨੇ ਹਜ਼ਾਰਾਂ ਗ਼ਦਰੀਆਂ ਨੂੰ ਫਾਂਸੀਆਂ, ਕਾਲੇ ਪਾਣੀਆਂ, ਉਮਰ ਕੈਦਾਂ ਅਤੇ ਹੋਰ ਅਣਮਨੁੱਖੀ ਤਸੀਹੇ ਦਿੱਤੇ ਸਨ। ਕਮੇਟੀ ਨੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਕਿ ਹਿੰਦੋਸਤਾਨ ਦੀ ਆਜ਼ਾਦੀ ਵਿਚ ਗ਼ਦਰ ਪਾਰਟੀ ਦੀ ਅਹਿਮ ਭੂਮਿਕਾ ਅਤੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਔਰੇਗਨ ਸਟੇਟ ਦੇ ਅਸਟੋਰੀਆ ਸ਼ਹਿਰ ਵਿਚ ਗ਼ਦਰ ਪਾਰਟੀ ਦੀ 105ਵੀਂ ਵਰੇਗੰਢ ਮੌਕੇ ਔਰੇਗਨ ਦੇ ਅਟਾਰਨੀ ਜਨਰਲ ਐਲਨ ਐਫ ਵੱਲੋਂ ਐਲਾਨ ਕੀਤਾ ਗਿਆ ਕਿ 105 ਵਰ੍ਹੇ ਪਹਿਲਾਂ ਹੋਂਦ ਵਿਚ ਆਈ ਗ਼ਦਰ ਲਹਿਰ ਨੂੰ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇਗਾ। ਇਸ ਮੌਕੇ ਔਰਗਨ ਦੇ ਗਵਰਨਰ ਕੇਟ ਬ੍ਰਾਊਨ ਨੇ ਕਿਹਾ ਕਿ ਇਕ ਸਦੀ ਪਹਿਲਾਂ ਭਾਰਤ ਅਤੇ ਪੱਛਮ ਵਿਚ ਗ਼ਦਰ ਪਾਰਟੀ ਨੇ ਵੱਡੀ ਪੁਲਾਂਘ ਪੁੱਟਦਿਆਂ ਭਾਰਤ ਵਿਚ ਬਰਤਾਨਵੀ ਸ਼ਾਸਨ ਤੋਂ ਆਜ਼ਾਦੀ ਲਈ ਰਾਹ



HEADQUARTERS HINDUSTAN GADAR PARTY
SAN FRANCISCO

ਪੱਧਰਾ ਕੀਤਾ ਸੀ।

ਕੋਲੰਬੀਆ ਨਦੀ ਕੰਢੇ ਪੂਰਾ ਦਿਨ ਚੱਲੇ ਸਮਾਗਮ ਨੂੰ ਵੱਖ-ਵੱਖ ਭਾਈਚਾਰੇ ਦੇ ਲੋਕਾਂ ਸੰਬੋਧਨ ਕੀਤਾ।

ਸਮਾਗਮ ਵਿਚ ਔਰਗਨ ਤੋਂ ਇਲਾਵਾ ਵਾਸ਼ਿੰਗਟਨ, ਕੈਲੇਫੋਰਨੀਆ ਅਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ।

ਜ਼ਿਕਰਯੋਗ ਹੈ ਕਿ ਇਹ ਸਮਾਗਮ ਉਸ ਇਮਾਰਤ ਨੇੜਲੇ ਪਾਰਕ ਵਿਚ ਹੋਇਆ ਜਿਸ ਵਿਚ 1913 ਵਿਚ ਭਾਰਤੀਆਂ ਨੇ ਪਹਿਲੀ ਮੀਟਿੰਗ ਕਰਕੇ ਗ਼ਦਰ ਪਾਰਟੀ ਦਾ ਗਠਨ ਕੀਤਾ ਸੀ। ਸਥਾਨਕ ਇਤਿਹਾਸਕਾਰ ਜੋਹਨਾ ਓਡਨ ਨੇ ਕਿਹਾ ਕਿ ਅਸਟੋਰੀਆ ਵਿਚ ਪਹਿਲੀ ਮੀਟਿੰਗ ਬਾਰੇ ਕੁਝ ਵਰ੍ਹੇ ਪਹਿਲਾਂ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਸੀ। ਇਸ ਤੋਂ ਬਾਅਦ ਉਨ੍ਹਾਂ ਅਸਟੋਰੀਆ ਸਿਟੀ ਕੌਂਸਲ ਨੂੰ ਲਿਖਿਆ, ਜਿਸ ਤੋਂ ਬਾਅਦ ਉਸ ਸਮੇਂ ਦੇ ਮੇਅਰ ਨੇ ਗ਼ਦਰ ਪਾਰਟੀ ਦੀ ਪਹਿਲੀ ਮੀਟਿੰਗ ਦੀ 100ਵੀਂ ਵਰ੍ਹੇਗੰਢ ਦੀ ਯਾਦ ਵਿਚ ਪਾਰਕ ਵਿਚ ਤਖ਼ਤੀ ਲਵਾਈ ਸੀ ਅਤੇ ਸਾਰਾ ਸਾਲ ਗਦਰ ਲਹਿਰ ਨੂੰ ਸਮਰਪਿਤ ਕੀਤਾ ਸੀ।

ਦੇਸ਼ ਦੁਆਬਾ

# ਪ੍ਰਮਾਣੂ ਹਥਿਆਰਾਂ ਦੇ ਖਾਤਮੇ ਵੱਲ ਇਕ ਕਦਮ

ਹਾਲ ਹੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਸ੍ਰੀ ਵਲਾਦੀਮਿਰ ਪੁਤਿਨ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਨੂੰ ਬਹੁਤ ਜ਼ਿਆਦਾ ਅਹਿਮ ਇਸ ਕਰਕੇ ਮੰਨਿਆ ਜਾ ਰਿਹਾ ਹੈ ਕਿਉਂਕਿ ਦੋਵੇਂ ਮੁਲਕਾਂ ਨੇ ਪਰਮਾਣੂ ਹਥਿਆਰਾਂ ਦੇ ਖਾਤਮੇ ਦੇ ਸੰਕਲਪ ਨੂੰ ਅੱਗੇ ਵਧਾਉਣ ਦਾ ਫੈਸਲਾ ਕੀਤਾ ਹੈ। ਇਹ ਦੋਵੇਂ ਮੁਲਕ ਪਿਛਲੀ ਅੱਧੀ ਸਦੀ ਤੋਂ ਆਪਸੀ ਮੁਕਾਬਲੇ ਵਿਚ ਉਲਝੇ ਪਏ ਹਨ। ਰੂਸ ਨੇ ਜਦੋਂ 2015 ਵਿਚ ਯੂਕਰੇਨ ਤੋਂ ਕ੍ਰੀਮੀਆ ਖੋਹ ਲਿਆ ਸੀ ਤਾਂ ਅਮਰੀਕਾ ਨੇ ਇਸ ਦਾ ਵਿਰੋਧ ਕੀਤਾ ਸੀ। ਸੀਰੀਆ 'ਚ ਚੱਲ ਰਹੇ ਗ੍ਰਹਿਯੁੱਧ ਵਿਚ ਰੂਸ ਦੇ ਦਖਲ ਤੋਂ ਬਾਅਦ ਅਮਰੀਕਾ ਨੇ 2014 ਵਿਚ ਰੂਸ 'ਤੇ ਕਈ ਕਿਸਮ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ। ਸੀਰੀਆ ਦੇ ਗ੍ਰਹਿ ਯੁੱਧ, ਯੂਕਰੇਨ ਸਮੇਤ ਕਈ ਅਹਿਮ ਮਸਲਿਆਂ ਤੇ ਦੋਵੇਂ ਮੁਲਕ ਆਹਮੋ-ਸਾਹਮਣੇ ਖੜ੍ਹੇ ਹਨ। ਇਸ ਦੇ ਬਾਵਜੂਦ ਦੋਵੇਂ ਮੁਲਕਾਂ ਦੇ ਚੋਟੀ ਦੇ ਲੀਡਰ ਗੱਲਬਾਤ ਲਈ ਇਕ ਮੇਜ ਤੇ ਆ ਗਏ। ਹਾਲਾਂਕਿ ਪਹਿਲਾਂ ਵੀ ਦੋਵੇਂ ਮੁਲਕਾਂ ਦੇ ਲੀਡਰਾਂ ਦੀਆਂ ਮੁਲਾਕਾਤਾਂ ਹੋਈਆਂ ਹਨ ਪਰ ਇੰਨੇ ਵਿਵਾਦਾਂ ਅਤੇ ਵਿਰੋਧਾਭਾਸ ਦੇ ਬਾਵਜੂਦ ਜੇਕਰ ਦੋਵੇਂ ਲੀਡਰ ਵਾਰ-ਵਾਰ ਮੁਲਾਕਾਤ ਕਰਦੇ ਹਨ ਤਾਂ ਇਸ ਦਾ ਇਕ ਸੰਦੇਸ਼ ਇਹ ਸਾਹਮਣੇ ਆ ਰਿਹਾ ਹੈ ਕਿ ਦੋਵੇਂ ਮੁਲਕ ਦੁਨੀਆਂ ਵਿਚ ਸ਼ਾਂਤੀ ਲਈ ਭਿਆਨਕ ਮਾਰੂ ਹਥਿਆਰਾਂ ਦੇ ਖਾਤਮੇ ਦੀ ਇੱਛਾ ਰੱਖਦੇ ਹਨ। ਇਸ ਦਾ ਮਤਲਬ ਹੈ ਕਿ ਦੁਨੀਆ ਕਿਸੇ ਹੱਦ ਤੱਕ ਸ਼ਾਂਤੀ ਦੀ ਉਮੀਦ ਰੱਖ ਸਕਦੀ ਹੈ। ਇਹ ਮੁਲਾਕਾਤ ਅਸਲ ਵਿਚ ਦੋਵੇਂ ਮੁਲਕਾਂ ਦੀ ਦੁਵੱਲੀ ਗੱਲਬਾਤ ਕਹੀ ਜਾ ਸਕਦੀ ਹੈ। ਇਸ ਤੋਂ ਪਹਿਲਾਂ 90 ਦੇ ਦਹਾਕੇ ਤੱਕ ਸ਼ੀਤ ਯੁੱਧ ਚਲਦਾ ਰਿਹਾ ਹੈ। ਪੂਰੀ ਦੁਨੀਆਂ ਦੇ ਮੁਲਕ ਦੋ ਧੜਿਆਂ ਵਿਚ ਵੰਡੇ ਰਹੇ ਹਨ। ਦੁਨੀਆਂ 'ਤੇ ਤੀਜੀ ਵਿਸ਼ਵ ਜੰਗ ਦੇ ਬੱਦਲ ਮੰਡਰਾਉਂਦੇ ਰਹੇ ਹਨ। 90 ਦੇ ਦਹਾਕੇ ਵਿਚ ਸੋਵੀਅਤ ਯੂਨੀਅਨ ਦੇ ਟੁੱਟ ਜਾਣ ਤੋਂ ਬਾਅਦ ਰੂਸੀਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਰੂਸੀ ਖੁਫੀਆ ਏਜੰਸੀ ਦੇ ਸਾਬਕਾ ਏਜੰਟ ਵਲਾਦੀਮਿਰ ਪੁਤਿਨ ਦੇਸ਼ ਦੇ ਮੁੱਖ ਆਗੂ ਦੇ ਰੂਪ ਵਿਚ ਉਭਰੇ। ਤੇਜ਼-ਤਰਾਰ ਅਕਸ ਵਾਲੇ ਪੁਤਿਨ ਨੇ ਕੌਮਾਂਤਰੀ ਮਸਲਿਆਂ ਵਿਚ ਰੂਸ ਦੀ ਦਖਲਅੰਦਾਜ਼ੀ ਫਿਰ ਤੋਂ ਵਧਾ ਦਿੱਤੀ। ਰੂਸ ਨੇ ਪੈਰਾਂ ਸਿਰ ਹੋ ਕੇ ਵਿਸ਼ਵ ਸ਼ਕਤੀ ਅਮਰੀਕਾ ਨਾਲ ਦੋ-ਦੋ ਹੱਥ ਕਰਨੇ ਆਰੰਭ ਕਰ ਦਿੱਤੇ। ਭਾਵੇਂ ਹੁਣ ਸ਼ੀਤ ਯੁੱਧ ਵਾਲੇ ਹਾਲਾਤ ਨਹੀਂ ਬਣੇ ਹਨ ਪਰ ਫਿਰ ਵੀ ਦੋਵੇਂ ਮੁਲਕਾਂ ਵਿਚਕਾਰ ਆਪਸੀ ਮੁਕਾਬਲਾ ਅਤੇ ਟਕਰਾਅ ਬਰਕਰਾਰ ਹੈ। ਅਮਰੀਕਾ ਦੇ ਮੁਕਾਬਲੇ ਰੂਸ ਕੋਈ ਬਹੁਤਾ ਵੱਡਾ ਅਰਥਚਾਰਾ ਨਹੀਂ ਹੈ ਪਰ ਇਹ ਦੋਵੇਂ ਮੁਲਕ ਫਿਰ ਵੀ ਕਈ ਸੰਭਾਵਨਾਵਾਂ ਦੇਖਦੇ ਹਨ। ਦੁਨੀਆਂ ਦਾ ਅਰਥਚਾਰਾ ਹੁਣ ਏਸ਼ੀਆ ਵੱਲ ਪਲਾਇਨ ਕਰਦਾ ਜਾ ਰਿਹਾ ਹੈ। ਭਾਰਤ ਅਤੇ ਚੀਨ ਵਰਗੇ ਮੁਲਕ ਦੁਨੀਆਂ ਵਿਚ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਚੀਨ ਇਸ ਵਕਤ ਸਾਰੇ ਮੁਲਕਾਂ ਨੂੰ ਪਛਾੜ ਕੇ ਅਰਥਚਾਰੇ ਵਿਚ ਦੂਜੇ ਨੰਬਰ ਤੇ ਆ ਗਿਆ ਹੈ ਅਤੇ ਭਾਰਤ ਛੇਵੇਂ ਨੰਬਰ ਤੇ ਆ ਗਿਆ ਹੈ। ਅਗਲੇ 10 ਸਾਲਾਂ ਵਿਚ ਇਹਨਾਂ ਦੋਵੇਂ ਮੁਲਕਾਂ ਨੇ ਆਪਣਾ ਦਰਜਾ ਪਹਿਲੇ ਅਤੇ ਦੂਜੇ ਨੰਬਰ ਤੇ ਲਿਆਉਣ ਦਾ ਤਹੱਈਆ ਕੀਤਾ ਹੋਇਆ ਹੈ। ਅਜਿਹੇ ਵਿਚ ਜੇਕਰ ਇਹ ਦੋ ਵੱਡੇ ਏਸ਼ੀਅਨ ਮੁਲਕ ਆਰਥਿਕ ਪੱਖੋਂ ਪੂਰੀ ਦੁਨੀਆਂ ਨੂੰ ਪਛਾੜ ਦਿੰਦੇ ਹਨ ਤਾਂ ਸ਼ਕਤੀ ਦਾ ਸੰਤੁਲਨ ਏਸ਼ੀਆ ਵੱਲ ਝੁਕ ਜਾਵੇਗਾ। ਭਾਰਤ ਕੋਲ ਵੱਡਾ ਹਿੰਦ ਮਹਾਸਾਗਰ ਹੈ, ਜਿਹੜਾ ਦੁਨੀਆਂ ਦਾ ਤੀਜਾ ਵੱਡਾ ਮਹਾਂਸਾਗਰ ਹੈ। ਇਸ ਸਮੁੰਦਰ ਵਿਚ ਭਾਰਤ ਦਾ ਪੂਰਨ ਕੰਟਰੋਲ ਹੈ। ਚੀਨ ਕੋਲ ਇੰਨਾ ਵੱਡਾ ਸਮੁੰਦਰ ਨਹੀਂ ਹੈ ਅਤੇ ਉਸ ਦਾ ਸਮੁੰਦਰੀ ਇਲਾਕਾ ਵਿਵਾਦਾਂ ਵਿਚ ਘਿਰਿਆ ਪਿਆ ਹੈ। ਇਸ ਕਰਕੇ ਚੀਨ ਭਾਰਤ ਨਾਲ ਟਕਰਾਅ ਦੀ ਬਜਾਏ ਸਹਿਯੋਗ ਦੀ ਨੀਤੀ ਤੇ ਚੱਲਣ ਨੂੰ ਤਰਜੀਹ ਦੇਣ ਲੱਗ ਪਿਆ ਹੈ। ਅਮਰੀਕਾ ਅਤੇ ਰੂਸ ਦੇ ਨੇੜੇ ਆਉਣ ਦਾ ਇਹ ਵੀ ਇਕ ਵੱਡਾ ਕਾਰਨ ਹੈ। ਬਾਵਜੂਦ ਇਸਦੇ ਜੇਕਰ ਇਹ ਦੋਵੇਂ ਮੁਲਕ ਮਾਰੂ ਹਥਿਆਰਾਂ ਦੇ ਖਾਤਮੇ ਵੱਲ ਕਦਮ ਵਧਾਉਂਦੇ ਹਨ ਤਾਂ ਇਸਦਾ ਜ਼ੋਰਦਾਰ ਸਵਾਗਤ ਹੋਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-72

## ਗੁਰਬਾਣੀ ਚਾਨਣ 'ਚ ਕਉਲ ਬਿਰਤੀ



ਅਵਤਾਰ ਸਿੰਘ ਮਿਸ਼ਨਰੀ
510-432-5827

ਇਹ ਸ਼ਬਦ ਕਉਲ, ਕਮਲ ਅਤੇ ਕਵਲ ਤਿੰਨਾਂ ਰੂਪਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਖੇ ਆਇਆ ਹੈ। ਇਸ ਕਉਲ ਫੁੱਲ ਦੀ ਵੇਲ ਜਾਂ ਬੂਟੀ ਆਮ ਤੌਰ ਤੇ ਖੜੇ ਪਾਣੀ ਛੱਪੜ, ਸਰੋਵਰ ਜਾਂ ਟੋਬੇ 'ਚ ਹੁੰਦਾ ਹੈ। ਇਸ ਦਾ ਸੂਰਜ ਨਾਲ ਸਨੇਹ ਹੁੰਦਾ ਹੈ। ਜਦ ਵੀ ਵੇਲ ਦੀ ਡੋਡੀ ਚੋਂ ਫੁੱਲ ਨਿਕਲਦਾ ਹੈ ਉਹ ਸੂਰਜ ਨੂੰ ਫਾਲੋ ਕਰਦਾ ਹੈ। ਜਿਵੇਂ ਜਿਵੇਂ ਸੂਰਜ ਗਤੀ ਕਰਦਾ ਅਤੇ ਜਿਹੜੇ ਪਾਸੇ ਜਾਂਦਾ ਹੈ ਓਂਵੇਂ ਓਂਵੇਂ ਕਉਲ ਫੁੱਲ ਫੁੱਲ ਵੀ ਦਸ਼ਾ ਬਦਲਦਾ ਹੈ। ਜਿਵੇਂ ਸੂਰਜ ਚੜਦਾ, ਪ੍ਰਕਾਸ਼ ਦੀਆਂ ਕਿਰਨਾਂ ਬਖੇਰਦਾ ਹੈ, ਓਂਵੇਂ ਓਂਵੇਂ ਕਉਲ ਫੁੱਲ ਵੀ ਖਿੜਦਾ ਤੇ ਆਪਣੀਆਂ ਪੰਖੀਆਂ ਦੀਆਂ ਕਿਰਨਾ ਭਖੇਰਦਾ ਹੈ। ਜਦ ਗੂੜੀ ਸ਼ਾਮ ਨੂੰ ਸੂਰਜ ਅਸਤ ਹੋ ਜਾਂਦਾ ਹੈ ਓਂਦੋਂ ਕਉਲ ਜਾਂ ਕਮਲ ਫੁੱਲ ਵੀ ਸਿਮਟ ਜਾਂਦਾ ਹੈ। ਸੂਰਜ ਇਸ ਦਾ ਸੁਆਮੀ, ਜੀਵਨ ਤੇ ਰਾਹ ਦਸੇਰਾ ਹੈ। ਸੋ ਸੂਰਜ ਦੀ ਨੇੜਤਾ, ਮਿਲਾਪ ਤੇ ਦਰਸ਼ਨ ਕਉਲ ਦਾ ਜੀਵਨ ਤੇ ਸੂਰਜ ਤੋਂ ਦੂਰੀ ਜਾਂ ਵਿਛੋੜਾ ਕਉਲ ਫੁੱਲ ਦੀ ਮੌਤ ਹੈ।

ਇਵੇਂ ਹੀ ਸੂਰਜਾਂ ਦਾ ਸੂਰਜ (ਮਹਾਂ ਸੂਰਜ) ਗੁਰ-ਪ੍ਰਮੇਸ਼ਰ ਤੇ ਉਸ ਦਾ ਪ੍ਰਕਾਸ਼ ਗਿਆਨ ਹੈ। ਗੁਰ-ਪ੍ਰਮੇਸ਼ਰ ਵੀ ਗਿਆਨ ਦੀਆਂ ਕਿਰਨਾ ਭਖੇਰਦਾ ਹੈ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਨੇ ਮਨੁੱਖੀ ਹਿਰਦੇ, ਦਿਲ ਨੂੰ ਕਉਲ ਫੁੱਲ ਨਾਲ ਤਰਜ਼ੀਹ ਦਿੱਤੀ ਹੈ। ਜਿਵੇਂ-ਭ੍ਰਮੁ ਖੋਇਓ ਸ਼ਾਤਿ ਸਹਿਜ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥(੨੪੯) ਪ੍ਰਮਾਤਮਾਂ ਆਪ ਹੀ ਕਉਲ ਤੇ ਆਪ ਹੀ ਕਵੀਆ ਹੈ- ਕਉਲੁ ਤੂ ਹੈ ਕਵੀਆ ਤੂ ਹੈ, ਆਪੇ ਵੇਖਿ ਵਿਗਸੁ॥(੨੩) ਕਮਲ ਇੱਕ ਸਫੈਦ ਰੰਗ ਦਾ ਕੋਮਲ ਫੁੱਲ ਹੈ ਜੋ ਪਾਣੀ ਵਿੱਚ ਹੁੰਦਾ ਉਗਦਾ ਚਿਕੜ ਚ ਤੇ ਤੈਰਦਾ ਪਾਵੀ ਤੇ ਹੈ। ਡੱਡੂ ਵੀ ਪਾਣੀ ਚ ਰਹਿੰਦਾ ਹੈ ਪਰ ਉਸ ਨੂੰ ਕਉਲ ਫੁੱਲ ਦੀ ਸਾਰ ਨਹੀਂ ਉਹ ਇਸ ਦੀ ਖੁਸ਼ਬੂ ਲੈਣ ਦੀ ਥਾਂ ਇਸ ਦੀਆਂ ਜੜਾਂ ਦਾ ਜਾਲਾ ਹੀ ਖਾਂਦਾ ਤੇ ਉਸ ਨੂੰ ਕਮਲ ਦੀ ਸਾਰ ਨਹੀਂ-ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ॥(੨੪) ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਕਉਲ ਫੁੱਲ ਖਿੜਦਾ ਹੈ ਇਵੇਂ ਹੀ ਪ੍ਰਭੂ ਪ੍ਰਕਾਸ਼ ਪ੍ਰੇਮ ਨਾਲ ਹਿਰਦਾ ਫੁੱਲ ਬਿਗਸਦਾ (ਖਿੜਦਾ) ਹੈ-ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥(੨੬੩) ਸਰੋਵਰ ਇੱਕ ਪ੍ਰਮਾਤਮਾਂ ਤੇ ਗੁਰਮੁਖਾਂ ਰੂਪੀ ਉਸ ਚ ਸੋਹਣੇ ਫੁੱਲ ਹਨ-ਏਕੋ ਸਰਵਰੁ ਕਮਲ ਅਨੂਪ॥(੩੫੨) ਸਰੀਰ ਵੀ ਇੱਕ ਸਰੋਵਰ ਤੇ ਉਸ ਵਿੱਚ ਹਿਰਦਾ ਜਾ ਦਿਲ ਸੋਹਣਾ ਕਮਲ ਖਿੜਦਾ ਹੈ-ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ॥(੯੫੭)

ਜੇ ਕਮਲ ਉਲਟਾ ਮੂਧਾ ਹੋ ਜਾਵੇ ਤਾਂ ਉਹ ਸੂਰਜ ਦੀ ਪ੍ਰਕਾਸ਼ ਰੂਪ ਗਰਮੀ ਜਾਂ ਤਾਕਤ ਨੂੰ ਨਹੀਂ ਲੈ ਸਕਦਾ ਹੈ ਪਰ ਜਿਸ ਦੇ ਉਲਟੇ ਹਿਰਦੇ (ਭਾਵ ਵਿਪਰੀਤ ਗਿਆਨ) ਚ ਗੁਰੂ ਦਾ ਗਿਆਨ ਦਾ ਪ੍ਰਕਾਸ਼ ਹੋ ਜਾਵੇ, ਉਹ ਸਿੱਧਾ ਹੋ ਜਾਂਦਾ ਤੇ ਉਸ ਨੂੰ ਨਿਰ-ਜਨ ਪ੍ਰਮਾਤਮਾਂ ਸਰਬ ਨਿਵਾਸੀ ਦਿਸਦਾ ਭਾਵ ਮਹਿਸੂਸ ਹੋਣ ਲੱਗ ਜਾਂਦਾ ਹੈ-ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ॥੨॥(੧੦੮) ਜੇ ਹਉਮੈ ਅਤੇ ਦੁਰਮਤਿ (ਖੋਟੀਮਤਿ) ਮਨਮਤਿ, ਗੁਰੂ ਨੂੰ ਛੱਡ ਕੇ ਅਖੌਤੀ ਸਾਧਾਂ ਸੰਤਾਂ ਦੀ ਤੇ ਅਖੌਤੀ ਬ੍ਰਹਮ ਗਿਆਨੀ ਸੰਪ੍ਰਦਾਈਆਂ ਦੀ ਮਤਿ (ਸਿਖਿਆ) ਨਾਲ ਮਨ, ਹਿਰਦਾ, ਦਿਲ ਮੁਰਝਾ ਜਾਵੇ ਜਾਂ ਮੂਧਾ ਉਲਟਾ, ਗੁਰੂ ਤੋਂ ਉਲਟੇ ਰਸਤੇ ਪੈ ਜਾਵੇ ਤਾਂ ਗੁਰੂ ਦੇ ਸ਼ਬਦ ਗਿਆਨ ਨਾਲ ਸਿੱਧਾ ਹੋ ਪ੍ਰਕਾਸ਼ਤ ਹੋ ਜਾਂਦਾ ਹੈ-ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ॥(੧੩੩੪)

ਜਿਵੇਂ ਕਉਲ ਜਾਂ ਕਵਲ ਫੁੱਲ ਚ ਮਕਰੰਦ (ਖੁਸ਼ਬੋ) ਹੁੰਦੀ ਹੈ ਤੇ ਭੌਰੇ ਦੂਰੋਂ ਆ ਕੇ ਉਸ ਦਾ ਅਨੰਦ ਮਾਣਦੇ ਤੇ ਨੇੜੇ ਬੈਠਾ ਡੱਡੂ ਜੜਾਂ ਚੋਂ ਜਾਲਾ ਹੀ ਖਾਂਦਾ ਹੈ। ਇਵੇਂ ਹੀ ਗੁਰੂ ਗਿਆਨ ਦਾ ਸੂਰਜ, ਤੇ ਗੁਰਮੁੱਖ ਜਨ ਭੌਰੇ ਨੇ, ਜੋ ਦੂਰੋਂ ਆ ਕੇ ਵੀ ਗੁਰੂ ਗਿਆਨ ਦੀ ਮਕਰੰਦ (ਖੁਸ਼ਬੋ) ਲੈ ਕੇ ਅਨੰਦ ਮਾਣਦੇ ਤੇ ਡੱਡੂਨੁਮਾ ਮਨਮੁੱਖ ਜਾਂ ਅਗਿਆਨੀ ਗੁਰੂ ਗਿਆਨ ਦੇ ਸਰੋਵਰ ਗੁਰਦੁਆਰੇ ਆ ਕੇ ਵੀ ਚੁਗਲੀ, ਨਿੰਦਿਆ, ਅਖੌਤੀ ਸਾਧਾਂ ਸੰਤਾਂ ਦੀਆਂ ਮਨਘੜਤ ਕਥਾ ਕਹਾਣੀਆਂ ਦੀਆਂ ਲੜਾਈਆਂ, ਕਰਮਕਾਂਡਾ ਜਾਂ ਵਹਿਮਾਂ ਭਰਮਾਂ ਦਾ ਜਾਲਾ ਹੀ ਖਾਂਦੇ ਹਨ।

ਸੋ ਸਾਨੂੰ ਕਉਲ ਫੁੱਲ ਤੋਂ ਇਹ ਸਿਖਿਆ ਲੈਣੀ ਚਾਹੀਦੀ ਹੈ ਕਿ ਜਿਵੇਂ ਕਉਲ ਆਪਣੇ ਸੁਆਮੀ ਸੂਰਜ ਵੱਲ ਹੀ ਟਿਕ ਟਿਕੀ ਲਗਾਉਂਦਾ ਖਿੜਦਾ ਰਹਿੰਦਾ ਭਾਵੇਂ ਉਹ ਚਿਕੜ 'ਚ ਉੱਗਿਆ ਹੈ। ਏਵੇਂ ਹੀ ਭਾਵੇਂ ਅਸੀਂ ਸੰਸਾਰੀ ਵਹਿਮਾਂ-ਭਰਮਾਂ, ਕਰਮਕਾਂਡਾਂ, ਅੰਧ ਵਿਸ਼ਵਾਸ਼ਾਂ ਅਤੇ ਭੇਖੀ ਸਾਧਾਂ ਸੰਤਾਂ ਤੇ ਲਾਲਚੀ ਕਥੱਕੜ ਕਥਾਕਾਰਾਂ ਦੇ ਅਗਿਆਨ ਚਿਕੜ ਚ ਰਹਿੰਦੇ ਹਾਂ।

ਸਾਨੂੰ ਫਿਰ ਵੀ ਗੁਰੂ ਸੂਰਜ ਗਿਆਨ ਪ੍ਰਕਾਸ਼ ਨਾਲ ਜੁੜ ਕੇ ਨਿਰਲੇਪ ਤੇ ਵਿਗਾਸੇ (ਖਿੜੇ) ਰਹਿਣਾ ਚਾਹੀਦਾ ਹੈ। ਇਹ ਹੀ ਜੀਵਨ ਦਾ ਅਸਲ ਪ੍ਰਕਾਸ਼, ਜੀਵਨ ਦੀ ਸੰਪੂਰਤਾ ਤੇ ਸਫਲਤਾ ਹੈ।

### (ਮੀਰੀ ਪੀਰੀ ਦਿਵਸ 'ਤੇ ਵਿਸ਼ੇਸ਼ ਲੇਖ)

# ਮੀਰੀ ਪੀਰੀ ਦਾ ਪਿਛੋਕੜ ਅਤੇ ਸੰਕਲਪਨਾ



ਸੰਤੋਖ ਸਿੰਘ ਸੰਧੂ
(+64) 022 071 0935

ਜਦ ਪੰਜਵੇਂ ਸਿੱਖ ਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਉਸ ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਤਾਂ ਗੁਰੂ ਜੀ ਨੇ ਆਪਣੇ ਅੰਤਲੇ ਵਕਤ ਆਪਣੇ ਸਪੁੱਤਰ ਹਰਿਗੋਬਿੰਦ ਨੂੰ ਸਿੱਖਾਂ ਦੇ ਹੱਥ ਸੁਨੇਹਾ ਭੇਜਦਿਆਂ ਕਿਹਾ ਸੀ ਕਿ ਹੁਣ ਸਿੱਖੀ ਨੂੰ ਬਚਾਉਣ ਅਤੇ ਇਸਦੇ ਵਿਕਾਸ ਲਈ ਧਾਰਮਿਕ ਅਤੇ ਅਧਿਆਤਮਿਕ ਕ੍ਰਿਆ ਦੇ ਨਾਲ ਨਾਲ ਜ਼ੁਲਮ ਦਾ ਜ਼ੁਲਮ ਨਾਂਲ ਟਾਕਰਾ ਕਰਨ ਦਾ ਸਮਾਂ ਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਸ ਸਮੇਂ ਗਿਆਰਾਂ ਸਾਲਾਂ ਦੇ ਬਾਲ ਨੌਜਵਾਨ ਸਨ। ਪਿਤਾ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਲਾਹੌਰ ਦੀ ਜ਼ੇਲ੍ਹ ਵਿੱਚੋਂ ਸੁਨੇਹਾ ਭੇਜਦਿਆਂ ਕਿਹਾ, 'ਪੁੱਤਰ ਹਰਿਗੋਬਿੰਦ ਜ਼ੁਲਮ ਦਾ ਟਾਕਰਾ ਕਰਨ ਲਈ ਜਥਾ ਸ਼ਕਤੀ ਆਪਣੀ ਹਥਿਆਰਬੰਦ ਫੋਜ ਤਿਆਰ ਕਰੋ।'

ਫਿਰ ਜਦੋਂ 11 ਜੂਨ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਪਿਤਾ ਦੀ ਸਿੱਖਿਆ ਉਤੇ ਅਮਲ ਕਰਦਿਆਂ ਦੋ ਤਲਵਾਰਾਂ ਮੰਗਵਾਈਆਂ ਅਤੇ ਪਹਿਨੀਆਂ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦੋਹਾਂ ਤਲਵਾਰਾਂ ਵਿੱਚੋਂ ਇੱਕ ਤਲਵਾਰ ਜ਼ਾਲਮ ਦੇ ਜ਼ੁਲਮ ਦਾ ਤਾਕਤ ਨਾਲ ਟਾਕਰਾ ਕਰਨ ਲਈ ਹੈ ਅਤੇ ਦੂਜੀ ਧਰਮ ਅਤੇ ਅਧਿਆਤਮਿਕਤਾ ਦੀ ਸੁਰੱਖਿਆ ਲਈ ਸਵੈ-ਨਿਯੰਤ੍ਰਣ ਨੂੰ ਹਮੇਸ਼ਾਂ ਯਾਦ ਰੱਖਣ ਲਈ ਹੈ। ਭਾਵ ਇੱਕ ਤਲਵਾਰ ਦੁਨਿਆਵੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਦੂਸਰੀ ਅਧਿਆਤਮਿਕ ਸ਼ਕਤੀ ਦਾ ਚਿੰਨ੍ਹ ਹੈ। ਇਨ੍ਹਾਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ ਗਿਆ।

'ਮੀਰੀ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਅਮੀਰ' ਤੋਂ ਫਾਰਸੀ ਵਿੱਚ ਆਏ ਸ਼ਬਦ 'ਮੀਰ' ਤੋਂ ਲਿਆ ਗਿਆ ਹੈ। ਅਰਬੀ ਭਾਸ਼ਾ ਵਿੱਚ ਅਮੀਰ ਸ਼ਬਦ ਨੂੰ ਅ-ਮੀਰ (A-MEER) ਕਰਕੇ ਬੋਲਿਆ ਜਾਂਦਾ ਹੈ, ਜਿਸਦਾ ਮਤਲਬ ਹੈ- ਗਵਰਨਰ, ਕਮਾਂਡਰ, ਹਾਕਮ, ਮੁਖੀਆ, ਸਰਦਾਰ ਆਦਿ। ਇਹ ਸ਼ਬਦ ਦੁਨਿਆਵੀ ਤਾਕਤ ਜਾਂ ਪਦਾਰਥਿਕ ਤਾਕਤ ਜਾਂ ਸਿਆਸੀ ਤਾਕਤ ਨੂੰ ਵਿਅਕਤ ਕਰਦਾ ਹੈ। 'ਪੀਰੀ' ਸ਼ਬਦ ਧਾਰਮਿਕ ਜਾਂ ਅਧਿਆਤਮਿਕ ਆਗੂਆਂ ਲਈ ਵਰਤਿਆ ਜਾਂਦਾ ਹੈ, ਜਿਵੇਂ ਚਰਚ ਦਾ ਪਾਦਰੀ, ਮਸਜਿਦ ਦਾ ਕਾਜ਼ੀ, ਕਿਸੇ ਮਜ਼ਾਰ ਦਾ ਗੱਦੀਨਸ਼ੀਨ, ਕਿਸੇ ਫਿਰਕੇ ਦਾ ਸੰਤ ਆਦਿ। ਉਂਝ ਵੇਖਿਆ ਜਾਵੇ ਤਾਂ ਇਹ ਸ਼ਬਦ ਵੀ ਇੱਕ ਤਰ੍ਹਾਂ ਨਾਲ ਪਦਾਰਥਿਕ ਜਾਂ ਸਿਆਸੀ ਸ਼ਕਤੀ ਨੂੰ ਹੀ ਵਿਅਕਤ ਕਰਦਾ ਹੈ।

ਪੀਰੀ ਸ਼ਬਦ ਵੀ ਫਾਰਸੀ ਦੇ ਸ਼ਬਦ 'ਪੀਰ' ਤੋਂ ਲਿਆ ਗਿਆ ਹੈ, ਜਿਸਦਾ ਮਤਲਬ ਹੈ -ਸੰਤ, ਪਵਿੱਤਰ ਵਿਅਕਤੀ, ਅਧਿਆਤਮਿਕ ਆਗੂ ਜਾਂ ਧਾਰਮਿਕ/ਅਧਿਆਤਮਿਕ ਸੰਸਥਾ ਦਾ ਮੁਖੀਆ। ਇੰਝ ਗੁਰੂ ਜੀ ਨੇ ਆਪਣੀਆਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਸ ਦੂਰ-ਦ੍ਰਿਸ਼ਟਤਾ ਦੇ ਸਨੁਮਾਨ ਵਜੋਂ ਸਿੱਖ ਕੌਮ ਵੱਲੋਂ ਪਿਛਲੇ ਕਈ ਸਾਲਾਂ ਤੋਂ 21 ਜੁਲਾਈ ਦੇ ਦਿਨ ਨੂੰ 'ਮੀਰੀ-ਪੀਰੀ ਦਿਵਸ' ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ।

ਪਿਛੋਕੜ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਪੰਜਵੇਂ ਸਿੱਖ ਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਸਿੱਖ ਗੁਰੂ ਵਜੋਂ ਗੱਦੀਨਸ਼ੀਨ ਕਰਨ ਦੀ ਰਸਮ ਬਾਬਾ ਬੁੱਢਾ ਜੀ ਵੱਲੋਂ ਨਿਭਾਈ ਜਾ ਰਹੀ ਸੀ ਤਾਂ ਗੁਰੂ ਜੀ ਨੇ ਸੈਲੀ ਪਹਿਨਾਉਣ ਦੀ ਪੁਰਣੀ ਚਲੀ ਆ ਰਹੀ ਰਸਮ ਦੀ ਥਾਂ ਦੋ ਤਲਵਾਰਾਂ ਪਹਿਨਾਉਣ ਲਈ ਕਿਹਾ, ਜਿਨ੍ਹਾਂ ਨੂੰ ਮੀਰੀ ਤੇ ਪੀਰੀ ਦੇ ਚਿੰਨ੍ਹ ਕਿਹਾ ਗਿਆ। ਇਸ ਵਿੱਚ ਗੁਰੂ ਜੀ ਦੀ ਕਮਾਲ ਦੀ ਦੂਰ-ਦ੍ਰਿਸ਼ਟਤਾ ਦਾ ਪ੍ਰਮਾਣ ਮਿਲਦਾ ਹੈ। ਮੀਰੀ ਤੇ ਪੀਰੀ ਦੋ ਸ਼ਕਤੀਆਂ ਹਨ। ਗੁਰੂ ਜੀ ਨੇ ਇਨ੍ਹਾਂ ਦੋਹਾਂ ਸ਼ਕਤੀਆਂ ਨੂੰ ਇੱਕ ਥਾਂ ਰੱਖ ਕੇ ਇਨ੍ਹਾਂ ਵਿੱਚ ਸੰਤੁਲਨ ਬਣਾ ਕੇ ਰੱਖਿਆ। ਜਿਵੇਂ ਇੱਕ ਦਰਿਆ ਦੇ ਪਾਣੀ ਨੂੰ ਆਪਣੀ ਮੰਜਿਲ ਵੱਲ ਅੱਗੇ ਸੰਤੁਲਨ ਨਾਲ ਵਧਣ ਲਈ ਦੋ ਕਿਨਾਰਿਆਂ ਦੀ ਲੋੜ ਹੁੰਦੀ ਹੈ, ਜਿਵੇਂ ਰੇਲ-ਗੱਡੀ ਨੂੰ ਆਪਣੇ ਸਫਰ ਉਤੇ ਸੁਰੱਖਿਆ ਨਾਲ ਆਪਣੇ ਮੁਕਾਮ ਉਤੇ ਪੁੱਜਣ ਲਈ ਦੋ ਪਟੜੀਆਂ ਦੀ ਜ਼ਰੂਰਤ ਹੁੰਦੀ ਹੈ, ਇਸੇ ਤਰ੍ਹਾਂ ਸਿੱਖੀ ਨੂੰ ਆਪਣੀ ਹੋਂਦ ਨੂੰ ਬਚਾਉਣ ਅਤੇ ਆਪਣੇ ਵਿਕਾਸ ਦੀ ਮੰਜਿਲ ਉਤੇ ਸਫਲਤਾ ਨਾਲ ਅੱਗੇ ਵਧਣ ਲਈ ਦੋ ਸ਼ਕਤੀਆਂ ਦੀ ਜ਼ਰੂਰਤ ਸੀ, ਜੋ ਅੱਜ ਵੀ ਹੈ। ਇਨ੍ਹਾਂ ਸ਼ਕਤੀਆਂ ਦੇ ਸੁਮੇਲ ਵਿੱਚ ਸੰਤੁਲਨ ਬਣਾਈ ਰੱਖਣਾ ਵੀ ਅਤਿਅੰਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਸ਼ਕਤੀਆਂ ਦੇ ਸੁਮੇਲ ਵਿੱਚ ਬਾਖੂਬੀ ਸੰਤੁਲਨ ਬਣਾ ਕੇ ਸਿੱਖ ਧਰਮ ਨੂੰ ਇੱਕ ਮਜਬੂਤ ਨੀਂਹ ਬਖਸ਼ਿਸ਼ ਕੀਤੀ। ਇਸ ਨੀਂਹ ਉਤੇ ਅਗਲੇ ਚਾਰ ਗੁਰੂ ਸਾਹਿਬਾਂ ਨੇ ਸਿੱਖੀ ਦਾ ਇੱਕ ਮਜਬੂਤ ਮਹਿਲ ਉਸਾਰਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਸ ਦੂਰ-ਦ੍ਰਿਸ਼ਟਤਾ ਬਾਰੈ ਇੱਕ ਅੰਗ੍ਰੇਜ਼ ਲਿਖਾਰੀ 'ਮੈਕਾਲਿਫ' ਲਿਖਦਾ ਹੈ:

"It is through thine intercession I obtained birth, and it is in fulfillment of my blessing I wear two swords as emblems of spiritual and temporal authority. In the Guru's house religion and worldly enjoyment shall be combined – the caldron to supply the poor and needy and scimitar to smite oppressors."

**ਸੰਕਲਪਨਾ:** ਮੀਰੀ, ਪੀਰੀ ਦੇ ਸ਼ਬਦਾਂ ਵਿੱਚ ਦੇਗ ਤੇ ਤੇਗ ਦੀ ਸੰਕਲਪਨਾ ਹੈ। ਦੇਗ, ਪਹਿਲੇ ਸਿੱਖ ਗੁਰੁ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੀ ਗਈ ਸੀ। ਗੁਰੂ ਨਾਨਕ ਦੇਵ ਜੀ ਜਦ ਸਤਿਸੰਗ ਕਰਿਆ ਕਰਦੇ ਸਨ ਤਾਂ ਸਤਿਸੰਗੀਆਂ ਲਈ ਇੱਕ ਥਾਂ ਭੋਜਨ ਤਿਆਰ ਕਰਕੇ ਉਨ੍ਹਾਂ ਨੂੰ ਬਿਨਾ ਕਿਸੇ ਜਾਤੀ ਭੇਦ-ਭਾਵ ਦੇ ਪੰਗਤ ਵਿੱਚ ਇਕੱਠੇ ਬਿਠਾ ਕੇ ਵਰਤਾਇਆ ਜਾਂਦਾ ਸੀ। ਫਿਰ ਤੀਸਰੇ ਸਿੱਖ ਗੁਰੂ ਸ਼੍ਰੀ ਗੁਰੂ ਅਮਰ ਦਾਸ ਜੀ ਨੇ ਇਸ ਰਸਮ ਨੂੰ ਹੋਰ ਵਿਸ਼ਾਲ ਕਰਕੇ ਲੰਗਰ ਦੀ ਪ੍ਰਥਾ ਬਣਾ ਦਿੱਤਾ ਅਤੇ ਇਹ ਲੰਗਰ ਕੇਵਲ ਸਤਿਸੰਗੀਆਂ ਤੱਕ ਹੀ ਸੀਮਤ ਨਾ ਰਹਿ ਕੇ ਸਮੁੱਚੀ ਸੰਗਤ ਲਈ ਖੋਲ੍ਹ ਦਿੱਤਾ ਗਿਆ, ਜੋ ਕਿ ਅੱਜ ਪੂਰੇ ਵਿਸ਼ਵ ਵਿੱਚ ਜਿੱਥੇ ਕਿਤੇ ਸਿੱਖ ਸੰਗਤ ਹੈ 'ਗੁਰੂ ਕਾ ਅਤੁਟ ਲੰਗਰ' ਦੇ ਨਾਂ ਉਤੇ ਚੱਲ ਰਿਹਾ ਹੈ।

ਫਿਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸਦੇ ਨਾਲ ਦਮਨਕਾਰੀਆਂ ਤੋਂ ਨਿਰਦੋਸ਼ ਜਨਤਾ ਦੀ ਸੁਰੱਖਿਆ ਲਈ 'ਤੇਗ' (ਕਿਰਪਾਨ) ਦੀ ਰਸਮ ਚਲਾਈ। ਉਨ੍ਹਾਂ ਨੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਇਸਦੀ ਫਸੀਲ ਉਤੇ ਬੈਠ ਕੇ ਉਹ ਜਨਤਾ ਦੀਆਂ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕਰਿਆ ਕਰਦੇ ਸਨ। ਦਮਨਕਾਰੀਆਂ ਦੇ ਟਾਕਰੇ ਅਤੇ ਖਾਤਮੇ ਲਈ ਉਹ ਇੱਥੋਂ ਹੀ ਲੋਕਾਂ ਕੋਲੋਂ ਨੌਜਵਾਨਾਂ, ਹਥਿਆਰਾਂ ਅਤੇ ਘੋੜਿਆਂ ਦੀ ਮੰਗ ਕਰਿਆ ਕਰਦੇ ਸਨ। ਛੇਤੀ ਹੀ ਉਨ੍ਹਾਂ ਕੋਲ ਤੀਹ ਹਜ਼ਾਰ ਲੜਾਕੂ ਘੋੜਸਵਾਰਾਂ ਦੀ ਫੌਜ ਇਕੱਠੀ ਹੋ ਗਈ। ਗੁਰੂ ਜੀ ਨੇ

(ਬਾਕੀ ਸਫਾ 8 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ' ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਿਸ਼ਨ ਤੰਦਰੁਸਤ ਪੰਜਾਬ ਤਹਿਤ ਭੁੱਲਰ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੇ ਸਨਮਾਨ ਪੱਤਰ

**ਬਟਾਲਾ (ਬਰਨਾਲ)–** ਮਿਸ਼ਨ ਤੰਦਰੁਸਤ ਪੰਜਾਬ ਸਿਖਿਆ ਵਿਭਾਗ ਪੰਜਾਬ ਭਰ ਵਿਚ ਬੜੀ ਸਫਤਲਾ ਨਾਲ ਚਲਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨ ਗੁਰਦਾਸਪੁਰ ਗੁਰਲਵਲੀਨ ਸਿੰਘ ਸਿੱਧੂ ਤੇ ਜਿਲਾ ਸਿਖਿਆ ਅਫਸਰ ਸੈਕੰਡਰੀ ਗੁਰਦਾਸਪੁਰ ਸ੍ਰੀ ਮਤੀ ਰਾਕੇਸ ਬਾਲਾ ਰਾਹੀ ਜਿਲਾ ਗਾਈਡੈਸ ਕੌਸਲਰ ਪਰਮਿੰਦਰ ਸਿੰਘ ਸੈਣੀ ਵੱਲੋ ਬੀਤੇ ਦਿਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਵਿਖੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਹਿਤ ਦਰੱਖਤ ਲਗਾਏ ਗਏ ਸਨ। ਜਿਕਰਯੋਗ ਹੈ ਕਿ ਸਕੂਲ ਪ੍ਰਿੰਸੀਪਲ ਸ੍ਰੀ ਰਵਿੰਦਰਪਾਲ ਸਿੰਘ ਚਾਹਲ ਤੇ ਸਮੁਚੇ ਸਟਾਫ ਵੱਲੋ ਦਰੱਖਤ ਲਗਾਉਣ ਦੀ ਮੁਹਿੰਮ ਵਿਚ ਵਿਦਿਆਰਥੀਆਂ ਨੇ ਭਰਪੂਰ ਯੋਗਦਾਨ ਪਾਇਆ। ਸਕੂਲ ਵਿਦਿਆਰਥੀਆ ਵਲੋ ਸਕੂਲ ਹੀ ਬਲਕਿ ਖਾਲੀ ਪਈਆਂ ਪਿੰਡ ਦੀਆ ਕਈ ਥਾਵਾਂ ਤੇ ਦਰੱਖਤ ਲਗਾ ਕੇ ਵਾਤਾਵਰਨ ਵਾਸਤੇ ਵਧੀਆ ਸੋਚ ਤੇ ਪਹਿਰਾ ਦਿਤਾ ਹੈ। ਪੰਜਾਬ ਨੂੰ ਹਰਿਆ ਭਰਿਆ ਬਣਾਉਣ ਵਿਚ ਸਾਰੇ ਪੰਜਾਬ ਵਾਸੀਆਂ ਨੂੰ ਹਿੰਮਤ ਕਰਨੀ ਚਾਹੀਦੀ ਹੈ। ਇਸ ਮੌਕੇ ਜਿਲਾ ਗਾਈਡੈਸ ਕੌਸਲਰ ਸ ਪਰਮਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਸਕੂਲ ਪੱਧਰ ਤੇ ਚਲਾਈ ਗਈ ਮੁਹਿੰਮ ਵਿਚ ਵਿਦਿਆਰਥੀ ਵਰਗ ਤੇ ਅਧਿਆਪਕ ਵਰਗ ਨੇ ਵੱਧ ਚੜ ਕੇ ਸਹਿਯੋਗ ਕਪਾਇਆ ਹੈ ਤੇ ਸਾਰੇ ਹੀ ਵਿਦਿਆਰਥੀਆਂ ਦਾ ਧਨਵਾਦ ਕਰਦਿਆ ਕਿਹਾ ਕਿ ਵਾਤਾਵਰਨ ਬਚਾਉਣ ਅਤੇ ਤੰਦਰੁਸਤ ਪੰਜਾਬ ਮਿਸ਼ਨ ਵਿਚ ਹਰ ਕਿਸੇ ਨੂੰ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ ਨੇ ਜਿਲਾ ਗਾਈਡੈਸ ਕੌਸਲ ਦਾ ਤਹਿਦਿਲੋ ਧਨਵਾਦ~ ਕੀਤਾ। ਇਸ ਮੌਕੇ ਸਕੂਨ ਦੇ ਪੰਜਾਹ ਵਿਦਿਆਰਥੀਆਂ ਨੂੰ ਡਿਪਟੀ ਕਮਿਸਨਰ ਵੱਲੋ ਜਾਰੀ ਪ੍ਰਸੰਸਾ ਪੱਤਰ ਵੰਡੇ ਗਏ। ਇਸ ਮੌਕੇ ਗੁਰਮੀਤ ਸਿੰਘ, ਹਰਜਿੰਦਰ ਸਿੰਘ, ਜਤਿਰੰਦਬਰੀਰ ਸਿੰਘ, ਕੰਵਲਪ੍ਰੀਤ ਕੌਰ, ਹਰਦੀਪ ਸਿੰਘ, ਨਰਿੰਦਰ ਸਿੰਘ, ਦਵਿੰਦਰ ਸਿੰਘ ਬਾਠ ਮਨਇੰਦਰ ਕੌਰ , ਵੀਨਾ , ਰੇਖਾ ਸਲਹੋਤਰਾ, ਰਮਨ ਬਾਜਵਾ, ਮਨਿੰਦਰ ਕੌਰ ਤੇ ਪਿਆਰਾ ਲਾਲ ਆਦਿ ਸਮੂਹ ਸਟਾਫ ਮੈਬਰ ਹਾਜਰ ਸਨ।



# ਜਦੋਂ ਡੀਸੀ. ਨੇ ਡਰਾਇਵਰ ਨੂੰ ਕਾਰ ਦੀ ਪਿਛਲੀ ਸੀਟ'ਤੇ ਬੈਠਣ ਲਈ ਕਿਹਾ

**ਅਕੋਲਾ (ਮਹਾਂਰਾਸ਼ਟਰ)–** ਜ਼ਿਲੇ ਦੇ ਡੀ.ਸੀ. ਸ਼੍ਰੀਕਾਂਤ ਦਾ ਸਰਕਾਰੀ ਡਰਿਵਰ ਦਿਵੰਕਰ ਜਿਸ ਦਿਨ ਰਿਟਿਰ ਹੋਣਾ ਸੀ, ਉਸ ਦਿਨ ਸਵੇਰੇ ਹੀ ਡੀ.ਸੀ. ਨੇ ਆਪਣੀ ਸਰਕਾਰੀ ਕਾਰ ਨੂੰ ਫੁੱਲਾਂ ਨਾਲ ਸਜਿਆ ਤੇ ਖ਼ੁਦ ਕਾਰ ਚਲਾ ਕੇ ਡਰਿਵਰ ਦੇ ਘਰ ਪਹੁੰਚਿਆ। ਉਸਨੇ ਕਿਹਾ ਕਿ ਸਾਰੀ ਉਮਰ ਤੂੰ ਅਫਸਰਾਂ ਦੀ ਸੇਵਾ ਕੀਤੀ ਹੈ, ਅੱਜ ਤੂੰ ਮੇਰੀ ਜਗ੍ਹਾਂ'ਤੇ ਬੈਠੇਂਗਾ ਤੇ ਮੈਂ ਤੇਰੇ ਵਾਲੀ ਜਗ੍ਹਾਂ'ਤੇ ਬੈਠਕੇ ਕਾਰ ਚਲਾਵਾਂਗਾ। ਡਰਿਵਰ ਦੇ ਬਹੁਤ ਮਨ੍ਹਾਂ ਕਰਨ ਦੇ ਬਾਵਜੂਦ ਉਸਨੂੰ ਕਾਰ ਵਿੱਚ ਬਿਠਾਕੇ ਦਫ਼ਤਰ ਲੈਕੇ ਗਿਆ। ਉੱਥੇ ਸਾਰੇ ਸਟਾਫ ਵੱਲੋਂ ਸ਼ਾਨਦਾਰ ਪਾਰਟੀ ਦਿੱਤੀ ਗਈ। ਸ਼ਾਮ ਨੂੰ ਦਫ਼ਤਰ ਤੋਂ ਘਰ ਤੱਕ ਫਿਰ ਉਸੇ ਤਰ੍ਹਾਂ ਉਸਨੂੰ ਘਰ ਪਹੁੰਚਿਆ ਗਿਆ। ਕਈ ਲੋਕ ਉੱਚੇ ਅਹੁਦਿਆਂ'ਤੇ ਪੁੱਜ ਕੇ ਵੀ ਜਮੀਨ ਨਾਲ ਜੁੜੇ ਰਹਿੰਦੇ ਹਨ ਤੇ ਪ੍ਰਮਾਤਮਾ ਦੀ ਕ੍ਰਿਪਾ ਵੀ ਉਨ੍ਹਾਂ ਉੱਪਰ ਬਣੀ ਰਹਿੰਦੀ ਹੈ ਤੇ ਕਈ ਅਜਿਹੇ ਵੀ ਹੁੰਦੇ ਹਨ ਕਿ ਸੱਭ ਨੂੰ ਵਾਹ-ਵਾਹ ਮਾਰਦੇ ਹਨ।



# ਹਿਮਾ ਦੀ ਅੰਗਰੇਜ਼ੀ ਬਾਰੇ ਟਿੱਪਣੀ ਕਰਨ ਮਗਰੋਂ ਏਐਫਆਈ ਨੇ ਮੁਆਫ਼ੀ ਮੰਗੀ



**ਨਵੀਂ ਦਿੱਲੀ–** ਇਤਿਹਾਸ ਸਿਰਜਣ ਵਾਲੀ ਅਥਲੀਟ ਹਿਮਾ ਦਾਸ ਦੀ ਅੰਗਰੇਜ਼ੀ 'ਤੇ ਟਿੱਪਣੀ ਕਰਨਾ ਭਾਰਤੀ ਅਥਲੈਟਿਕ ਸੰਘ (ਏਐਫਆਈ) ਨੂੰ ਕਾਫ਼ੀ ਮਹਿੰਗਾ ਪਿਆ। ਇਸ ਦੇ ਲਈ ਉਸ ਨੇ ਆਪਣੀ ਗ਼ਲਤੀ ਮੰਨਦਿਆਂ ਮੁਆਫ਼ੀ ਮੰਗੀ। ਏਐਫਆਈ ਨੇ ਦੋ ਦਿਨ ਪਹਿਲਾਂ ਦੇ ਆਈਏਐਫ ਵਿਸ਼ਵ ਅੰਡਰ-20 ਚੈਂਪੀਅਨਸ਼ਿਪ ਦੇ ਸੈਮੀ ਫਾਈਨਲ ਵਿੱਚ ਪਹੁੰਚਣ ਮਗਰੋਂ ਆਪਣੇ ਟਵਿੱਟਰ ਖਾਤੇ 'ਤੇ ਇੱਕ ਵੀਡੀਓ ਅਪਲੋਡ ਕਰਦਿਆਂ ਕਿਹਾ ਸੀ, ''ਆਪਣਾ ਸੈਮੀ ਫਾਈਨਲ ਜਿੱਤਣ ਮਗਰੋਂ ਹਿਮਾ ਮੀਡੀਆ ਨਾਲ ਗੱਲ ਕਰਦੀ ਹੋਈ। ਉਹ ਅੰਗਰੇਜ਼ੀ ਓਨੀ ਫਟਾ-ਫਟ ਨਹੀਂ ਬੋਲਦੀ, ਪਰ ਉਥੇ ਵੀ ਉਸ ਨੇ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ ਹੈ। ਸਾਨੂੰ ਤੁਹਾਡੇ 'ਤੇ ਮਾਣ ਹੈ ਅਤੇ ਫਾਈਨਲ ਲਈ ਸ਼ੁੱਭ ਕਾਮਨਾਵਾਂ।'' ਏਐਫਆਈ ਨੂੰ ਹਿਮਾ ਦੀ ਅੰਗਰੇਜ਼ੀ 'ਤੇ ਟਿੱਪਣੀ ਕਾਰਨ ਕਾਫ਼ੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। 18 ਸਾਲਾ ਹਿਮਾ ਨੇ ਮਹਿਲਾਵਾਂ ਦੀ 400 ਮੀਟਰ ਦੌੜ ਵਿੱਚ ਸੋਨ ਤਗ਼ਮਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਇਹ ਵਿਸ਼ਵ ਮੰਚ 'ਤੇ ਮਹਿਲਾ ਵਰਗ ਵਿੱਚ ਭਾਰਤ ਦਾ ਪਹਿਲਾ ਇਤਿਹਾਸਕ ਟਰੈਕ ਸੋਨ ਤਗ਼ਮਾ ਹੈ।

# ਹਿਮਾ ਦਾਸ ਵਿਸ਼ਵ ਜੂਨੀਅਰ ਅਥਲੈਟਿਕਸ 'ਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਦੌੜਾਕ ਬਣੀ

**ਟੈਂਪੇਰੇ (ਫਿਨਲੈਂਡ)–** ਭਾਰਤ ਦੀ ਹਿਮਾ ਦਾਸ ਨੇ ਇੱਥੇ ਇਤਿਹਾਸ ਸਿਰਜਦੇ ਹੋਏ ਆਈ.ਏ.ਏ.ਐਫ. ਵਿਸ਼ਵ ਅੰਡਰ-20 ਅਥਲੈਟਿਕਸ ਵਿਚ ਸੋਨ ਤਗਮਾ ਜਿੱਤਿਆ। ਇਸ ਜਿੱਤ ਦੇ ਨਾਲ ਹੀ ਉਹ ਪਹਿਲੀ ਭਾਰਤੀ ਬਣ ਗਈ ਹੈ ਜਿਸ ਨੇ ਇਹ ਮੁਕਾਮ ਹਾਸਲ ਕੀਤਾ ਹੈ। ਉਸ ਨੇ ਅੱਜ ਟੂਰਨਾਮੈਂਟ ਦੇ ਤੀਸਰੇ ਦਿਨ 400 ਮੀਟਰ ਦੌੜ ਦੇ ਫਾਈਨਲ ਵਿਚ ਸੋਨ ਤਗਮਾ ਜਿੱਤਿਆ। 18 ਸਾਲਾ ਇਸ ਭਾਰਤੀ ਖਿਡਾਰੀ ਨੇ 51.46 ਸੈਕਿੰਡ ਵਿਚ ਆਪਣੀ ਦੌੜ ਪੂਰੀ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਹਿਮਾ ਦਾਸ ਨੇ ਬੁੱਧਵਾਰ ਨੂੰ ਸੈਮੀਫਾਈਨਲ ਵਿਚ ਵੀ 52.10 ਸੈਕਿੰਡ ਦਾ ਸਮਾਂ ਕੱਢ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਪਹਿਲੇ ਰਾਊਂਡ ਵਿਚ ਵੀ ਉਸ ਨੇ 52.25 ਸੈਕਿੰਡ ਦਾ ਰਿਕਾਰਡ ਸਮਾਂ ਕੱਢਿਆ ਸੀ। ਹਿਮਾ ਦਾਸ ਅਜਿਹੀ ਪਹਿਲੀ ਭਾਰਤੀ ਬਣ ਗਈ ਹੈ ਜਿਸ ਨੇ ਇਸ ਮੁਕਾਬਲੇ ਵਿਚ ਸੋਨ ਤਗਮਾ ਜਿੱਤਿਆ ਹੋਵੇ। ਇਸ ਤੋਂ ਪਹਿਲਾਂ ਇਸ ਮੁਕਾਬਲੇ ਵਿਚ ਸੀਮਾ ਪੂਨੀਆ ਨੇ 2002 ਵਿਚ ਕਾਂਸੀ ਦਾ ਤਗਮਾ ਅਤੇ 2014 ਵਿਚ ਨਵਜੀਤ ਕੌਰ ਢਿੱਲੋਂ ਨੇ ਵੀ ਕਾਂਸੀ ਦਾ ਤਗਮਾ ਜਿੱਤਿਆ ਸੀ। ਹਿਮਾ ਵਿਸ਼ਵ ਪੱਧਰ ਤੇ ਕਿਸੇ ਵੀ ਟ੍ਰੈਕ ਈਵੈਂਟ ਵਿਚ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਹੈ। ਇਹੀ ਨਹੀਂ ਉਹਨਾਂ ਤੋਂ ਪਹਿਲਾਂ ਕਿਸੇ ਵੀ ਔਰਤ ਐਥਲੀਅ ਨੇ ਵਰਲਡ ਚੈਂਪੀਅਨਸ਼ਿਪ ਵਿਚ ਜੂਨੀਅਰ, ਯੂਥ ਅਤੇ ਸੀਨੀਅਰ ਪੱਧਰ ਤੇ ਕਦੀ ਵੀ ਗੋਲਡ ਮੈਡਲ ਨਹੀਂ ਜਿੱਤਿਆ। ਹੁਣ ਉਹ ਭਾਲਾ ਸੁੱਟਣ ਵਾਲੀ ਖਿਡਾਰੀ ਨੀਰਜ ਚੋਪੜਾ ਦੇ ਅਲੀਟ ਕਲੱਬ ਵਿਚ ਸ਼ਾਮਲ ਹੋ ਗਈ। ਨੀਰਜ ਨੇ 2010 ਵਿਚ ਪੋਲੈਂਡ ਵਿਚ ਹੋਈਆਂ ਵਰਲਡ ਜੂਨੀਅਰ ਚੈਂਪੀਅਨਸ਼ਿਪ ਖੇਡਾਂ ਵਿਚ ਗੋਲਡ ਮੈਡਲ ਜਿੱਤਿਆ ਸੀ ਅਤੇ ਵਿਸ਼ਵ ਰਿਕਾਰਡ ਬਣਾਇਆ ਸੀ।

**ਪੂਰਾ ਖਰਚਾ ਦੇਵੇਗੀ ਸਰਕਾਰ**

ਗੋਲਡ ਕੋਸਟ ਕਾਮਨਵੈਲਥ ਖੇਡਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਹਿਮਾ ਨੂੰ ਮੰਤਰਾਲੇ ਨੇ ਟਾਰਗੇਟ ਉਲੰਪਿਕ ਪੋਡੀਅਮ ਯੋਜਨਾ ਵਿਚ ਸ਼ਾਮਲ ਕੀਤਾ ਹੈ। ਯੋਜਨਾ ਦੇ ਤਹਿਤ ਉਹਨਾਂ ਨੂੰ ਹਰ ਮਹੀਨੇ 50 ਹਜ਼ਾਰ ਰੁਪਏ ਆਊਟ ਆਫ ਪਾਕਟ ਭੱਤਾ ਅਤੇ ਉਲੰਪਿਕ ਦੀ ਤਿਆਰੀ ਦੇ ਲਈ ਹਰ ਕਿਸਮ ਦੀ ਆਰਥਿਕ ਮਦਦ ਮਿਲੇਗੀ। ਅਸਾਮ ਦੇ ਨੋਗਾਂਵ ਜ਼ਿਲ੍ਹੇ ਦੇ ਧੀਂਗ ਪਿੰਡ ਦੀ ਰਹਿਣ ਵਾਲੀ ਹਿਮਾ ਨੇ ਫਿਨਲੈਂਡ ਵਿਚ 51.46 ਸਕਿੰਟ ਵਿਚ 400 ਮੀਟਰ ਦੀ ਦੂਰੀ ਤਹਿ ਕਰਕੇ ਗੋਲਡ ਮੈਡਲ ਜਿੱਤਿਆ ਸੀ। ਇਹਨਾਂ ਖੇਡਾਂ ਤੋਂ ਬਾਅਦ ਹਿਮਾ ਨੂੰ ਸਪਾਲਾ ਉਲੰਪਿਕ ਅਭਿਆਸ ਕੇਂਦਰ ਭੇਜਿਆ ਜਾਵੇਗਾ, ਜਿਸਦਾ ਸਾਰਾ ਖਰਚਾ ਸਰਕਾਰ ਕਰੇਗੀ।

**ਪ੍ਰਧਾਨ ਮੰਤਰੀ ਨੇ ਕੀਤੀ ਹਿਮਾ ਦੀ ਸ਼ਲਾਘਾ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਉਤਰ ਪ੍ਰਦੇਸ਼ ਵਿਚ ਇਕ ਜਨਤਕ ਸਭਾ ਵਿਚ ਹਿਮਾ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ, ਇਕ ਛੋਟੇ ਜਿਹੇ ਪਿੰਡ ਤੋਂ ਆਉਣ ਵਾਲੀ, ਇਕ ਭਾਰਤੀ ਮੂਲ ਨਿਵਾਸੀ ਪਰਿਵਾਰ ਨਾਲ ਸਬੰਧਤ ਲੜਕੀ ਹਿਮਾ ਨੇ 18 ਮਹੀਨੇ ਪਹਿਲਾਂ ਸਿਰਫ ਜ਼ਿਲ੍ਹਾ ਪੱਧਰ ਤੇ ਖੇਡਿਆ ਸੀ, ਪਰ ਹੁਣ ਉਹਨਾਂ ਨੇ ਵਿਸ਼ਵ ਪੱਧਰ ਤੇ ਇਤਿਹਾਸ ਬਣਾਉਂਦੇ ਹੋਏ ਮੁਲਕ ਦਾ ਮਾਣ ਵਧਾਇਆ ਹੈ। ਇਸ ਤੋਂ ਪਹਿਲਾਂ ਉਹਨਾਂ ਨੇ ਆਪਣੇ ਟਵਿਟਰ ਹੈਂਡਲ ਤੇ ਹਿਮਾ ਦਾ ਵੀਡੀਓ ਜਾਰੀ ਕੀਤਾ। ਨਾਲ ਹੀ ਲਿਖਿਆ, ਨਾ ਭੁੱਲਣ ਵਾਲਾ ਪਲ। ਜਿੱਤਣ ਤੋਂ ਬਾਅਦ ਉਹਨਾਂ ਦਾ ਤਿਰੰਗੇ ਦੇ ਲਈ ਦੌੜਨਾ ਅਤੇ ਰਾਸ਼ਟਰੀ ਗੀਤ ਦੇ ਵਕਤ ਭਾਵੁਕ ਹੋਣ ਨੇ ਮੈਨੂੰ ਵੀ ਭਾਵੁਕ ਕਰ ਦਿੱਤਾ। ਕਿਹੜੇ ਭਾਰਤੀ ਦੇ ਇਸਨੂੰ ਦੇਖ ਕੇ ਹੰਝੂ ਨਹੀਂ ਆਉਣਗੇ?

# ਸੈਵਨ ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ ਦੌਲੀਕੇ ਸੁੰਦਰਪੁਰ ਵਿਖੇ ਸ਼ੁਰੂ

**ਅਲਾਵਲਪੁਰ (ਮਦਨ ਬੰਗੜ)** ਨਜ਼ਦੀਕੀ ਪਿੰਡ ਦੌਲੀਕੇ ਸੁੰਦਰਪੁਰ ਵਿਖੇ ਐਨਆਰਆਈ ਸਪੋਰਟਸ ਕਲੱਬ ਅਤੇ ਸਮੂਹ ਨਗਰ ਵੱਲੋਂ ਹਰ ਸਾਲ ਦੀ ਤਰ੍ਹਾਂ ਕਰਵਾਏ ਜਾਂਦੇ ਫੁੱਟਬਾਲ ਲੀਗ ਸੈਵਨ ਸਾਈਡ ਨਾਈਟ ਟੂਰਨਾਮੈਂਟ ਦਾ ਆਗਾਜ਼ ਪ੍ਰਸਿੱਧ ਗਾਇਕ ਐਚਐਸ ਭਜਨ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ

ਟੂਰਨਾਮੈਂਟ ਸਬੰਧੀ ਜਾਣਕਾਰੀ ਦਿੰਦੇ ਹੋਏ ਚਰਨਜੀਤ ਸਿੰਘ ਮੱਦੀ ਨੇ ਦੱਸਿਆ ਕਿ ਇਹ ਟੂਰਨਾਮੈਂਟ ਐਨਆਰਆਈ ਸਪੋਰਟਸ ਕਲੱਬ ਦੇ ਸਰਬਜੀਤ ਸਿੰਘ, ਗੁਰਦੇਵ ਸਿੰਘ ਦੇਬਾ ,ਜਸਵੀਰ ਸਿੰਘ ਸ਼ੀਰਾ, ਗੁਰਦਿਆਲ ਸਿੰਘ ਦਿਆਲਾ, ਗੁਰਮੇਲ ਸਿੰਘ ਅਤੇ ਪ੍ਰਸਿੱਧ ਗਾਇਕ ਐਚ ਐਸ ਭਜਨ ਦੇ ਵਿਸ਼ੇਸ਼ ਸਹਿਯੋਗ ਨਾਲ ਇਹ ਫੁੱਟਬਾਲ ਲੀਗ ਆਯੋਜਿਤ ਕਰਵਾਈ ਜਾ ਰਹੀ ਹੈ

ਇਸ ਮੌਕੇ ਪ੍ਰਸਿੱਧ ਗਾਇਕ ਐਚ ਐਸ ਭਜਨ ਨੇ ਉਦਘਾਟਨ ਕਰਨ ਤੋਂ ਬਾਅਦ ਖਿਡਾਰੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਨਸ਼ਿਆਂ ਦੇ ਪ੍ਰਭਾਵ ਤੋਂ ਵੱਖ ਹੋ ਕੇ ਖੇਡ ਦੀ ਭਾਵਨਾ ਨਾਲ ਖੇਡਣ ਵਾਲੇ ਖਿਡਾਰੀ ਆਪਣੀ ਵੱਖਰੀ ਪਹਿਚਾਣ ਬਣਾ ਜਾਂਦੇ ਹਨ ਲੀਗ ਟੂਰਨਾਮੈਂਟ ਦੇ ਓਪਨਿੰਗ ਮੈਚ ਵਿੱਚ ਪਹਿਲਾ ਮੈਚ ਬਿਆਸ ਪਿੰਡ ਅਤੇ ਡਰੋਲੀ ਕਲਾਂ ਵਿੱਚ ਖੇਡਿਆ ਗਿਆ ਇਲਾਕੇ ਭਰ ਦੀਆਂ 24ਟੀਮਾਂ ਇਸ ਲੀਗ ਫੁੱਟਬਾਲ ਟੂਰਨਾਮੈਂਟ ਵਿੱਚ ਭਾਗ ਲੈ ਰਹੀਆਂ ਹਨ ਖਿਡਾਰੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ ਇਸ ਮੌਕੇ ਚਰਨਜੀਤ ਸਿੰਘ ਮੱਦੀ ,ਮਨਜੀਤ ਸਿੰਘ, ਪ੍ਰਧਾਨ ਸਰਵਨ ਸਿੰਘ ,ਮੇਜਰ ਦੌਲੀਕੇ, ਨਰਿੰਦਰ ਨਿੰਦੀ, ਮੰਗੀ ਸਰਾਲਾ, ਰਜਿੰਦਰ ਸਿੰਘ, ਰਾਜੂ ਸਰਾਲਾ, ਪ੍ਰੀਤਪਾਲ ਨੰਗਲ, ਸੀਰਾ, ਗਗਨ, ਮਾਟੀ, ਇੰਦਾ, ਤਰਨਜੀਤ ਸੋਨੀ , ਬਿੱਟੂ, ਸੋਢੀ, ਆਸ਼ੂ, ਮੁਕੱਦਰ ਲਾਲ ,ਸੰਜੀਵ ਖੋਸਲਾ ਸ਼ੈਂਪੀ ਆਦਿ ਹਾਜ਼ਰ ਸਨ

# ਪੀਣ ਵਾਲੇ ਪਾਣੀ ਵਿੱਚੋਂ ਕੀੜੇ ਨਿਕਲਣ ਕਾਰਨ ਲੋਕਾਂ ਵਿੱਚ ਸਹਿਮ

**ਅਲਾਵਲਪੁਰ (ਮਦਨ ਬੰਗੜ)–** ਸਥਾਨਕ ਮੁਹੱਲਾ ਸ਼ਾਹ ਪਰਵਾਨਾ ਵਿਖੇ ਤਰਸੇਮ ਰੱਤੂ ਦੇ ਘਰ ਵਿੱਚ ਲੱਗੀ ਸਰਕਾਰੀ ਟੂਟੀ ਦੇ ਵਿੱਚੋਂ ਪਿਛਲੇ ਕੁਝ ਸਮੇਂ ਤੋਂ ਕੀੜੇ ਨਿਕਲ ਰਹੇ ਸਨ ਅੱਜ ਜਦੋਂ ਸਵੇਰ ਸਮੇਂ ਉਹ ਪਾਣੀ ਭਰ ਰਹੇ ਸਨ ਤਾਂ ਉਸ ਵਿੱਚੋਂ ਫਿਰ ਤੋਂ ਕੀੜੇ ਨਿਕਲੇ ਅਤੇ ਇੱਕ ਕੀੜਾ ਜਿਸ ਦੀ ਲੰਬਾਈ ਤਕਰੀਬਨ ਢਾਈ ਇੰਚ ਤੱਕ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਤਰਸੇਮ ਰੱਤੂ ਨੇ ਦੱਸਿਆ ਕਿ ਹਫਤਾ ਕੁ ਪਹਿਲਾਂ ਵੀ ਉਨ੍ਹਾਂ ਦੀ ਸਰਕਾਰੀ ਟੂਟੀ ਵਿਚੋਂ ਕੀੜੇ ਨਿਕਲੇ ਸਨ ਅਤੇ ਉਨ੍ਹਾਂ ਨੇ ਨਗਰ ਕਾਸਲ ਵਿਖੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ ਪਰ ਅਧਿਕਾਰੀਆਂ ਵੱਲੋਂ ਇਸ ਸਮੱਸਿਆ ਵੱਲ ਕੋਈ ਧਿਆਨ ਨਹੀ ਦਿੱਤਾ ਗਿਆ ਜਿਸ ਕਾਰਨ ਪੀਣ ਯੋਗ ਪਾਣੀ ਦੇ ਵਿੱਚੋਂ ਕੀੜੇ ਨਿਕਲਣੇ ਹਾਲੇ ਜਾਰੀ ਹਨ ਜਿਸ ਕਾਰਨ ਉਨ੍ਹਾਂ ਦੇ ਪਰਿਵਾਰਕ ਮੈਂਬਰਾ ਵਿੱਚ ਸਹਿਮ ਪਾਇਆ ਜਾ ਰਿਹਾ ਹੈ। ਅੱਜ ਵੀ ਉਹ ਇਸ ਬਾਬਤ ਕੀੜਿਆਂ ਵਾਲਾ ਪਾਣੀ ਬੋਤਲ ਵਿੱਚ ਪਾ ਕੇ ਨਗਰ ਕੌਂਸਲ ਅਧਿਕਾਰੀਆਂ ਨੂੰ ਮਿਲੇ ਜਿੱਥੇ ਕਾਰਜ ਸਾਧਕ ਅਧਿਕਾਰੀ ਅਮਨਦੀਪ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇਸ ਸਮੱਸਿਆ ਵੱਲ ਛੇਤੀ ਹੀ ਕੋਈ ਠੋਸ ਕਦਮ ਉਠਾਇਆ ਜਾਵੇਗਾ ਪ੍ਰਾਪਤ ਜਾਣਕਾਰੀ ਅਨੁਸਾਰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੌਂਸਲ ਵੱਲੋਂ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਠੇਕਾ ਜਿਸ ਠੇਕੇਦਾਰ ਨੂੰ ਦਿੱਤਾ ਹੋਇਆ ਹੈ ਉਸ ਠੇਕੇਦਾਰ ਵੱਲੋਂ ਪਾਣੀ ਵਿੱਚ ਪਾਣੀ ਨੂੰ ਸਾਫ਼ ਅਤੇ ਸ਼ੁੱਧ ਰੱਖਣ ਵਾਲੀ ਦਵਾਈ ਨਹੀਂ ਪਾਈ ਗਈ ਜਿਸ ਕਾਰਨ ਪੀਣ ਵਾਲੇ ਪਾਣੀ ਵਿੱਚ ਕੀੜੇ ਮਕੌੜੇ ਪੈਦਾ ਹੋ ਰਹੇ ਹਨ।






# ਕਾਂਗਰਸ ਦੇ ਹਲਕਾ ਬੰਗਾ ਦੇ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਪੱਲੀਝਿੱਕੀ ਦਾ ਸਰੀ 'ਚ ਹੋਇਆ ਭਰਵਾਂ ਸਵਾਗਤ

**ਵੈਨਕੂਵਰ (ਹਰਨੇਕ ਸਿੰਘ ਵਿਰਦੀ)–** ਉਘੇ ਖੇਡ ਤੇ ਸੱਭਿਆਚਾਰਕ ਪ੍ਰਮੋਟਰ ਤੇ ਸ੍ਰੀ ਗੁਰੂ ਰਵਿਦਾਸ ਸਪੋਰਟਸ ਤੇ ਵੈਲਫੇਅਰ ਕਲੱਬ ਦੇ ਚੇਅਰਮੈਨ ਸ: ਬਲਵੀਰ ਸਿੰਘ ਬੈਂਸ ਹੁਰਾਂ ਦੇ ਗ੍ਰਹਿ ਵਿਖੇ ਅੱਜ ਹਲਕਾ ਬੰਗਾ ਦੇ ਇੰਚਾਰਜ਼ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਾਂਗਰਸ ਪ੍ਰਧਾਨ ਸ: ਸਤਵੀਰ ਸਿੰਘ ਪੱਲੀਝਿੱਕੀ ਦੇ ਸਵਾਗਤ ਲਈ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਰੀ ਦੇ ਮੈਂਬਰ ਪਾਰਲੀਮੈਂਟ ਸ: ਸੁੱਖ ਧਾਲੀਵਾਲ, ਬੀਸੀ ਦੇ ਮੰਤਰੀ ਹੈਰੀ ਬੈਂਸ ਤੇ ਅਮਰਜੀਤ ਜੌਹਲ ਉਚੇਚੇ ਤੌਰ ਤੇ ਪੁੱਜੇ। ਇਸ ਮੌਕੇ ਸਤਵੀਰ ਸਿੰਘ ਪੱਲੀਝਿੱਕੀ ਨੇ ਜਿੱਥੇ ਕਾਂਗਰਸ ਸਰਕਾਰ ਵਲੋਂ ਕਰਵਾਏ ਜਾ ਰਹੇ ਕੰਮਾਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ



ਉਥੇ ਕੈਨੇਡਾ 'ਚ ਪੰਜਾਬੀਆਂ ਵਲੋਂ ਮਾਰੀਆਂ ਮੱਲ੍ਹਾਂ ਦਾ ਵੀ ਵਿਸ਼ੇਸ਼ ਜਿਕਰ ਕੀਤਾ। ਇਸ ਮੌਕੇ ਪ੍ਰਮੋਟਰ ਬਲਵੀਰ ਸਿੰਘ ਬੈਂਸ ਨੇ ਜਿੱਥੇ ਸਭਨਾਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ, ਉਥੇ ਉਨ੍ਹਾਂ ਵਿਸ਼ੇਸ਼ ਚਿੰਨ੍ਹ ਦੇ ਕੇ ਸ: ਸਤਵੀਰ ਪੱਲੀਝਿੱਕੀ ਦਾ ਸਨਮਾਨ ਵੀ ਕੀਤਾ। ਉਨ੍ਹਾਂ ਇਸ ਮੌਕੇ ਕਿਹਾ ਕਿ ਸ: ਸਤਵੀਰ ਸਿੰਘ ਪੱਲੀਝਿੱਕੀ ਬਹੁਤ ਹੀ ਮਿਹਨਤੀ ਤੇ ਇਮਾਨਦਾਰ ਨੇਤਾ ਹਨ, ਜੋ ਇਲਾਕੇ ਦੀ ਬਿਹਤਰੀ ਲਈ ਦਿਨ ਰਾਤ ਕੰਮ ਕਰ ਰਹੇ ਹਨ। ਇਸ ਮੌਕ ਬਿਲਡਰ ਸੋਢੀ ਦਦਰਾਲ, ਕੁਲਤਾਰਜੀਤ ਥਿਆੜਾ, ਤਰਸੇਮ ਬੰਗਾ, ਗੁਰਚਰਨ ਪਾਬਲਾ, ਪ੍ਰਮੋਟਰ ਬਲਵੀਰ ਸਿੰਘ ਬੈਂਸ, ਗੋਗੀ ਗਿੱਲ, ਉਂਕਾਰ ਗਰਚਾ, ਪਰਦੀਪ, ਗੁਰਨੇਕ ਸਰਪੰਚ, ਗਾਇਕ ਕਸ਼ਮੀਰ ਫੁਰਤੀਲਾ ਤੇ ਹੋਰ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ।

# 12 ਪਾਰਟੀਆਂ ਮੋਦੀ ਸਰਕਾਰ ਖ਼ਿਲਾਫ਼ ਬੇਭਰੋਸਗੀ ਦਾ ਮਤਾ ਲਿਆਉਣ ਲਈ ਸਹਿਮਤ

ਨਵੀਂ ਦਿੱਲੀ- ਕਾਂਗਰਸ ਨੇ ਆਖਿਆ ਕਿ ਵਿਰੋਧੀ ਧਿਰ ਦੀਆਂ 12 ਪਾਰਟੀਆਂ ਵੱਲੋਂ ਕੇਂਦਰ ਵਿੱਚ ਐਨਡੀਏ ਸਰਕਾਰ ਖ਼ਿਲਾਫ਼ ਬੇਭਰੋਸਗੀ ਦਾ ਮਤਾ ਲਿਆਉਣ ਲਈ ਸਹਿਮਤੀ ਪੈਦਾ ਕੀਤੀ ਜਾ ਰਹੀ ਹੈ ਤੇ ਹੋਰ ਪਾਰਟੀਆਂ ਨਾਲ ਵੀ ਸਹਿਮਤੀ ਦੇ ਯਤਨ ਕੀਤੇ ਜਾ ਰਹੇ ਹਨ।

ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਅਤੇ ਲੋਕ ਸਭਾ ਵਿੱਚ ਕਾਂਗਰਸ ਦੇ ਆਗੂ ਮਲਿਕਾਰਜੁਨ ਖੜਗੇ ਨੇ ਸਾਂਝੇ ਤੌਰ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਬ ਪਾਰਟੀ ਮੀਟਿੰਗ ਵਿੱਚ ਸ਼ਾਮਲ ਵਿਰੋਧੀ ਧਿਰ ਦੀਆਂ 12 ਪਾਰਟੀਆਂ ਅੰਦਰ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਦੀ ਸਹਿਮਤੀ ਬਣੀ ਹੈ। ਸ੍ਰੀ ਖੜਗੇ ਨੇ ਕਿਹਾ ਕਿ ਵਿਰੋਧੀ ਧਿਰ ਚਾਹੁੰਦੀ ਹੈ ਕਿ ਪਾਰਲੀਮੈਂਟ ਵਿੱਚ ਜਨਤਕ ਹਿੱਤ ਦੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਕੋਈ ਅਜਿਹਾ ਕੰਮ ਨਹੀਂ ਕੀਤਾ ਜਿਸ ਨੂੰ ਇਹ ਵਡਿਆ ਕੇ ਦੱਸ ਸਕੇ ਜਿਸ ਕਰ ਕੇ ਇਹ ਵਿਰੋਧੀ ਖੇਮੇ ਨੂੰ ਪਾਟੋਧਾੜ ਕਰਨ ਲਈ ਕੁਝ ਬੇਸਿਰ ਪੈਰ ਦੇ ਮੁੱਦੇ ਚੁੱਕ ਰਹੀ ਹੈ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਬੁੱਧਵਾਰ ਨੂੰ ਸ਼ੁਰੂ ਹੋ ਰਹੇ ਸੰਸਦ ਦੇ ਮੌਨਸੂਨ ਸੈਸ਼ਨ ਵਿੱਚ ਹੋਰ ਮੁੱਦਿਆਂ ਤੋਂ ਇਲਾਵਾ ਬੇਰੁਜ਼ਗਾਰਾਂ ਨੂੰ ਨੌਕਰੀਆਂ, ਭੀੜ ਵੱਲੋਂ ਨਿਹੱਥਿਆਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਕੁੱਟ ਕੁੱਟ ਕੇ ਮਾਰਨ ਅਤੇ ਔਰਤਾਂ ਦੀ ਸੁਰੱਖਿਆ ਦੇ ਮੁੱਦਿਆਂ ਪ੍ਰਮੁੱਖਤਾ ਨਾਲ ਚੁੱਕੇਗੀ। ਸ੍ਰੀ ਖੜਗੇ ਨੇ ਕਿਹਾ, ''ਸੰਸਦ ਦੇ ਸੈਸ਼ਨ ਦੀ ਸਫ਼ਲਤਾ ਲਈ ਅਸੀਂ ਸਰਕਾਰ ਨੂੰ ਪੂਰਾ ਸਹਿਯੋਗ ਦੇਵਾਂਗੇ ਤੇ ਅਸੀਂ ਉਮੀਦ ਕਰਦੇ ਹਾਂ ਕਿ ਦੇਸ਼ ਦੇ ਮਹੱਤਵਪੂਰਨ ਮੁੱਦੇ ਚੁੱਕਣ ਦੀ ਸਾਨੂੰ ਇਜਾਜ਼ਤ ਦਿੱਤੀ ਜਾਵੇਗੀ।'' ਖੜਗੇ ਨੇ ਕਿਹਾ, "ਸਰਕਾਰ ਆਪਣੇ ਚਾਰ ਸਾਲ ਦੇ ਕਾਰਜਕਾਲ ਵਿੱਚ ਵਾਅਦੇ ਪੂਰੇ ਕਰਨ ਵਿੱਚ ਨਾਕਾਮ ਸਾਬਤ ਹੋਈ ਹੈ।''

**ਬੇਭਰੋਸਗੀ ਮਤੇ ਲਈ ਤਿਆਰ: ਅਨੰਤ ਕੁਮਾਰ**

ਪਾਰਲੀਮਾਨੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਅਨੰਤ ਕੁਮਾਰ ਨੇ ਅੱਜ ਆਖਿਆ ਹੈ ਕਿ ਸਰਕਾਰ ਕੋਲ ਲੋਕ ਸਭਾ ਵਿੱਚ ਬਹੁਮੱਤ ਹੈ ਤੇ ਇਹ ਵਿਰੋਧੀ ਧਿਰ ਵੱਲੋਂ ਲਿਆਂਦੇ ਜਾ ਰਹੇ ਬੇਭਰੋਸਗੀ ਮਤੇ ਦਾ ਸਾਹਮਣਾ ਕਰਨ ਲਈ ਤਿਆਰ ਹੈ। ਸ੍ਰੀ ਕੁਮਾਰ ਨੇ ਇੱਥੇ ਐਨਡੀਏ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

# ਮੀਰੀ ਪੀਰੀ ਦਾ ਪਿਛੋਕੜ ਅਤੇ ਸੰਕਲਪਨਾ

**(ਸਫਾ 6 ਦੀ ਬਾਕੀ)**

ਦਮਨਕਾਰੀ ਮੁਗ਼ਲ ਹਾਕਮਾਂ ਵਿਰੁੱਧ ਚਾਰ ਯੁੱਧਾਂ ਲੜੀਆਂ ਜਿਨ੍ਹਾਂ ਵਿੱਚ ਮੁਗ਼ਲ ਫੌਜਾਂ ਦੇ ਬੁਰੀ ਤਰ੍ਹਾਂ ਦੰਦ ਖੱਟੇ ਹੋਏ। ਇਸ ਲਹਿਰ ਨੂੰ ਦਸਵੇਂ ਸਿੱਖ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚੀਆਂ ਬੁਲੰਦੀਆਂ ਉਤੇ ਪਹੁੰਚਾਇਆ। ਗਰੀਬ ਮਜ਼ਲੂਮ ਲੋਕਾਂ ਲਈ ਆਪਣਾ ਸਰਬੰਸ ਵਾਰ ਦਿੱਤਾ। ਅਜਿਹੇ ਨਿਡਰ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਹੜਾ ਇਕੱਲਾ-ਇਕੱਲਾ ਦੁਸ਼ਮਣ ਦੀ ਸਵਾ-ਸਵਾ ਲੱਖ ਫੋਜ ਨਾਲ ਲੜ ਗਿਆ। ਸ਼ਸਤਰਾਂ ਨੂੰ ਖਾਲਸਾ ਪੰਥ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਅੱਜ ਪੂਰੇ ਵਿਸ਼ਵ ਵਿੱਚ ਜਿੱਥੇ ਜਿੱਥੇ ਵੀ ਸਿੱਖ ਵੱਸਦੇ ਹਨ, ਉਥੇ ਉਹ ਗੁਰਦੁਆਰੇ ਦੀ ਉਸਾਰੀ ਕਰਕੇ ਉਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਸ਼੍ਰੀ ਗੁਰੂ ਗ੍ਰੰਥ ਸਹਿਬ ਦੀ ਬੀੜ ਮੂਹਰੇ ਸ਼ਸਤਰਾਂ ਦਾ ਪਕ੍ਰਾਸ਼ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਚਲਾਈ ਗਈ ਮੀਰੀ ਪੀਰੀ ਦੀ ਰਸਮ ਨਿਰੰਤਰ ਚਾਲੂ ਹੈ ਅਤੇ ਇੰਝ ਹੀ ਚਾਲੂ ਰਹੇਗੀ। ਤਾਂ ਹੀ ਤਾਂ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਦਸਮ ਗ੍ਰੰਥ ਦੀ ਚੌਬੀਸ ਅਵਤਾਰ ਦੀ ਆਪਣੀ ਰਚਨਾ ਵਿੱਚ ਲਿਖਿਆ ਹੈ:

"ਦੇਗ ਤੇਗ ਜਗ ਮੈ ਦੋਊ ਚਲੈ॥"

**ਮੀਰੀ ਪੀਰੀ ਦੇ ਸੰਸਥਾਨ:** ਜਦ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਉਸ ਵੇਲੇ ਉਨ੍ਹਾਂ ਦੇ ਸਾਹਮਣੇ ਦੋ ਹੀ ਬਦਲ ਸਨ- ਜਾਂ ਤਾਂ ਤਾਕਤਵਰ ਤੇ ਜ਼ਾਲਮ ਮੁਗ਼ਲਾਂ ਦੇ ਸਾਹਮਣੇ ਗੋਡੇ ਟੇਕ ਕੇ ਉਨ੍ਹਾਂ ਦੀ ਈਨ ਮੰਨ ਲਈ ਜਾਵੇ ਅਤੇ ਜਾਂ ਉਨ੍ਹਾਂ ਅਤਿਆਚਾਰੀਆਂ ਦਾ ਸਿੱਧਾ ਮੁਕਾਬਲਾ ਕਰਨ ਲਈ ਹਥਿਆਰਬੰਦ ਹੋ ਕੇ ਮੈਦਾਨੇ ਯੰਗ ਵਿੱਚ ਉਨ੍ਹਾਂ ਨਾਲ ਟੱਕਰ ਲਈ ਜਾਵੇ। ਗੁਰੂ ਜੀ ਨੇ ਦੂਸਰੇ ਬਦਲ ਨੂੰ ਹੀ ਤਰਜੀਹ ਦਿੱਤੀ। ਗੁਰਗੱਦੀ ਉਤੇ ਬੈਠਦਿਆਂ ਜਿਹੜੀ ਪਹਿਲੀ ਗੱਲ ਉਨ੍ਹਾਂ ਕੀਤੀ ਉਹ ਹਥਿਆਰਬੰਦ ਹੋਣ ਦੀ ਸੀ। ਦੂਸਰਾ ਉਸ ਸਮੇਂ ਰਾਜਿਆਂ ਤੋਂ ਬਿਨਾ ਸਿਰ ਉਤੇ ਕੋਈ ਕਲਗੀ ਜਾਂ ਤਾਜ ਨਹੀਂ ਸਜਾ ਸਕਦਾ ਸੀ। ਗੁਰੂ ਸਾਹਿਬ ਨੇ ਰਾਜਿਆਂ ਵਾਂਗ ਕਲਗੀ ਵੀ ਸਜਾਈ। ਤੀਸਰੀ ਗੱਲ ਇਹ ਸੀ ਕਿ ਰਾਜਿਆਂ ਤੋਂ ਬਿਨਾ ਕੋਈ ਆਪਣਾ ਤਖਤ ਕਾਇਮ ਨਹੀਂ ਕਰ ਸਕਦਾ ਸੀ। ਗੁਰੂ ਜੀ ਨੇ ਸ਼੍ਰੀ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕਰਵਾਈ। ਭਾਵ ਗੁਰੂ ਜੀ ਦੀਆਂ ਇਹ ਤਿੰਨੋ ਕਾਰਵਾਈਆਂ ਉਸ ਸਮੇਂ ਦੀ ਮੁਗ਼ਲ ਹਕੂਮਤ ਨੂੰ ਸਿੱਧੀ ਵੰਗਾਰ ਸੀ। ਸ਼੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਮੀਰੀ ਪੀਰੀ ਦਾ ਪਹਿਲਾ ਸੰਸਥਾਨ ਹੈ। ਜਦ ਗੁਰੂ ਜੀ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਜਾਂਦੇ ਸਨ ਤਾਂ ਉਹ ਇੱਕ ਸੰਤ ਹੁੰਦੇ ਸਨ ਅਤੇ ਜਦ ਉਹ ਸ਼੍ਰੀ ਅਕਾਲ ਤਖਤ ਦੀ ਫਸੀਲ ਉਤੇ ਬੈਠਦੇ ਸਨ ਤਾਂ ਉਹ ਇੱਕ ਰਾਜੇ ਵਾਂਗ ਹੁੰਦੇ ਸਨ। ਭਾਵ ਗੁਰੂ ਜੀ ਸੰਤ ਤੇ ਸਿਪਾਹੀ ਦਾ ਇੱਕ ਸੱਚਾ ਸੁਮੇਲ ਸਨ। ਇੰਝ ਮੀਰੀ ਤੇ ਪੀਰੀ ਨਾਲ ਨਾਲ ਚਲਦੀ ਸੀ। ਇਹ ਅਧਿਆਤਮਿਕ ਅਤੇ ਸਿਆਸੀ ਆਜ਼ਾਦੀ ਦਾ ਸੁਮੇਲ ਸੀ। ਇਹ ਦੋਵੇਂ ਗੱਲਾਂ ਗੁਰੂ ਜੀ ਵਿੱਚ ਬਿਰਾਜਮਾਨ ਸਨ। ਉਹ ਇੱਕ ਸੰਪੂਰਨ ਸਖਸ਼ੀਅਤ ਸਨ। ਉਨ੍ਹਾਂ ਦਾ ਮਨੋਰਥ ਧਰਤੀ ਉਤੇ ਰਾਜ ਯੋਗੀਆਂ ਰਾਹੀਂ ਪ੍ਰਭੂ ਦੇ ਰਾਜ ਦੀ ਸਥਾਪਨਾ ਕਰਨੀ ਸੀ। ਤਾਂ ਹੀ ਤਾਂ ਉਘਾ ਅੰਗ੍ਰੇਜ਼ ਲਿਖਾਰੀ ਪਲੈਟੋ ਲਿਖਦਾ ਹੈ:

"Until kings are philosophers, or philosophers are kings, cities will never cease from ill. No, nor the human race, nor will our ideal polity over come into being."

ਮੀਰੀ ਪੀਰੀ ਦਾ ਦੂਸਰਾ ਸੰਸਥਾਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਅਸਥਾਨ ਪਿੰਡ 'ਗੁਰੂ ਕੀ ਵਡਾਲੀ'ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੈ ਜਿਸ ਦਾ ਨਾਂ ਹੈ ਮੀਰੀ ਪੀਰੀ ਅਕਾਦਮੀ। ਇਸਦੀ ਸਥਾਪਨਾ ਸਿੱਖ ਪੰਥ ਦੇ ਉਘੇ ਪ੍ਰਚਾਰਕ ਭਾਈ ਸਾਹਿਬ ਹਰਭਜਨ ਸਿੰਘ ਖਾਲਸਾ ਯੋਗੀ ਵੱਲੋਂ ਸੰਨ 1997 ਵਿੱਚ ਕੀਤੀ ਗਈ ਸੀ।ਇਸ ਅਕਾਦਮੀ ਵਿੱਚ ਵਿਦਿਆਰਥੀਆਂ ਨੂੰ ਜਿੰਦਗੀ ਦੀਆਂ ਭੌਤਿਕ, ਮਾਨਸਿਕ ਅਤੇ ਅਧਿਆਤਮਿਕ ਵੰਗਾਰਾਂ ਨਾਲ ਨਜਿਠਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਅਕਾਦਮੀ ਦੀ ਸਿੱਖਿਆ ਨੂੰ ਕੈਂਬ੍ਰਿਜ ਯੂਨੀਵਰਸਟੀ ਦੇ ਅੰਤ੍ਰਰਾਸ਼ਟਰੀ ਇਮਤਿਹਾਨਾਂ ਵਜੋਂ ਮਾਨਤਾ ਪ੍ਰਾਪਤ ਹੈ।

# ਲੇਖਕ ਜਗਤਾਰ ਗਿੱਲ ਨੂੰ ਸਦਮਾ ਮਾਤਾ ਦਾ ਦਿਹਾਂਤ

**ਫਰੀਮਾਂਟ (ਕੈਲੀਫੋਰਨੀਆ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ** –ਲੇਖਕ ਤੇ ਰੇਡੀਓ ਹੋਸਟ ਜਗਤਾਰ ਸਿੰਘ ਗਿੱਲ ਜਿਨਾਂ ਦਾ ਪਿਛੋਕੜ ਪਿੰਡ ਪੁਰਾਣੇਵਾਲ ਜ਼ਿਲ੍ਹਾ ਮੋਗਾ ਨਾਲ ਹੈ ਦੇ ਸਤਿਕਾਰਯੋਗ ਮਾਤਾ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਬੀਤੇ ਦਿਨੀਂ ਸੈਨਹੋਜੇ ਕੈਲੇਫੋਰਨੀਆਂ ਵਿਖੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਉਹਨਾਂ ਦਾ ਫਿਊਨਰਲ ਮਿਤੀ 21 ਜੁਲਾਈ ਦਿਨ ਸ਼ਨੀਵਾਰ ਨੂੰ ਚੈਪਲ ਆਫ ਚਾਈਮਜ਼ ਫਿਊਨਰਲ ਹੋਮ ਨੇੜੇ ਗੁਰਦਵਾਰਾ ਸਹਿਬ ਫਰੀਮਾਂਟ ਵਿਖੇ ਸ਼ਾਮੀਂ 2 ਤੋਂ 4 ਵਜੇ ਦਰਮਿਆਨ ਹੋਵੇਗਾ। ਉਹਨਾਂ ਨਾਲ ਦੁੱਖ



ਦਾ ਇਜਹਾਰ ਕਰਨ ਲਈ ਆਪ ਜਗਤਾਰ ਸਿੰਘ ਗਿੱਲ ਨਾਲ ਫ਼ੋਨ ਨੰਬਰ (408) 857-4455 ਤੇ ਸੰਪਰਕ ਕਰ ਸਕਦੇ ਹੋ..।

# ਪ੍ਰੈਸ ਕਲੱਬ ਨੰਗਲ ਦੀ ਮੀਟਿੰਗ ਹੋਈ




ਪ੍ਰੈਸ ਕਲੱਬ ਨੰਗਲ ਦੇ ਸਮੂਹ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਕਲੱਬ ਦੇ ਪ੍ਰਧਾਨ ਅਸ਼ੋਕ ਚੋਪੜਾ ਦੀ ਪ੍ਰਧਾਨਗੀ ਹੇਠ ਸੱਤਲੁਜ ਦਰਿਆ ਕਿਨਾਰੇ ਪਿੰਡ ਭਾਖੜਾ ਵਿੱਚ ਹੋਈ। ਇਸ ਮੀਟਿੰਗ ਵਿੱਚ ਪ੍ਰੈਸ ਕਲੱਬ ਰੋਪੜ ਤੋਂ ਸੱਤਨਾਮ ਸਿੰਘ ਸੱਤੀ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਮੀਟਿੰਗ ਵਿੱਚ ਕਲੱਬ ਦੇ ਸਮੂਹ ਮੈਂਬਰ ਪ੍ਰਧਾਨ ਅਸ਼ੋਕ ਚੋਪੜਾ, ਜਨਰਲ ਸਕੱਤਰ ਰਾਕੇਸ਼ ਸੈਣੀ, ਸਰਪ੍ਰਸਤ ਗੁਰਪ੍ਰੀਤ ਗਰੇਵਾਲ, ਮੁੱਖ ਸਲਾਹਕਾਰ ਪ੍ਰੋਫੈਸਰ ਅਵਤਾਰ ਸਿੰਘ, ਸੀਨੀਅਰ ਉਪ ਪ੍ਰਧਾਨ ਸੁਰਜੀਤ ਸਿੰਘ ਢੇਰ, ਉਪ ਪ੍ਰਧਾਨ ਅਭੀ ਰਾਣਾ, ਖ਼ਜਾਨਚੀ ਸਤਨਾਮ ਸਿੰਘ ਸ਼ੇਰਾ, ਸਯੁੰਕਤ ਸਕੱਤਰ ਕੁਲਦੀਪ ਚੰਦ, ਕਾਰਜਕਾਰਣੀ ਮੈਂਬਰ ਰਾਜਵੀਰ ਦੀਕਸ਼ਤ, ਸੁਧੀਰ ਸ਼ਰਮਾ ਪ੍ਰਿੰਸ ਆਦਿ ਹਾਜਰ ਹੋਏ। ਇਸ ਮੀਟਿੰਗ ਵਿੱਚ ਪੱਤਰਕਾਰ ਧਰਮਪਾਲ ਨੂੰ ਨਵੇਂ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਇਸ ਮੀਟਿੰਗ ਵਿੱਚ ਪ੍ਰੈਸ ਕਲੱਬ ਰੋਪੜ ਦੇ ਪ੍ਰਧਾਨ ਬਹਾਦੁਰਜੀਤ ਸਿੰਘ ਦੇ ਮਾਤਾ ਕਰਮਜੀਤ ਕੌਰ ਦੀ ਮੌਤ ਤੇ ਸ਼ੌਕ ਮਤਾ ਪਾਸ ਕੀਤਾ ਗਿਆ ਅਤੇ ਦੋ ਮਿੰਟ ਦਾ ਮੌਨ ਰੱਖਕੇ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਵਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ, ਪਾਣੀ ਬਚਾਉਣ ਲਈ, ਨਸ਼ਿਆਂ ਖਿਲਾਫ ਜਾਗਰੂਕਤਾ ਲਈ ਵਿਸੇਸ਼ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਇਲਾਕੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਮੁੱਖ ਅਦਾਰੇ ਬੀ ਬੀ ਐਮ ਬੀ ਹਸਪਤਾਲ ਨੰਗਲ ਵਿੱਚ ਹੋ ਰਹੀ ਮਰੀਜ਼ਾਂ ਦੀ ਖੱਜ਼ਲ ਖੁਆਰੀ ਨੂੰ ਰੋਕਣ ਲਈ ਵਿਸੇਸ ਤੌਰ ਤੇ ਬੀ ਬੀ ਐਮ ਬੀ ਅਧਿਕਾਰੀਆਂ ਨੂੰ ਮਿਲਕੇ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ।


**ਕੁਲਦੀਪ ਚੰਦ 91-94175-63054**

# ਦਾਜ-ਦਹੇਜ ਘਟਾਉਣ ਖਾਤਰ ਵਿਆਹਾਂ ਦੇ ਖਰਚੇ ਦਾ ਸਬੂਤ ਰੱਖਣ ਲਈ ਕਾਨੂੰਨ 'ਚ ਸੋਧ ਹੋਵੇ: ਪੰਜਾਬੀ ਕਲਚਰਲ ਕੌਂਸਲ ਦੀ ਮੰਗ

ਚੰਡੀਗੜ: ਸਮਾਜ ਵਿਚ ਨਿਵੇਕਲੇ ਸਮਾਜਕ ਸੁਧਾਰਾਂ ਨੂੰ ਲਾਗੂ ਕਰਾਉਣ ਲਈ ਕਾਰਜਸ਼ੀਲ ਸੰਸਥਾ, ਪੰਜਾਬੀ ਕਲਚਰਲ ਕੌਂਸਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਵਿਆਹਾਂ ਅਤੇ ਤਲਾਕ ਸਬੰਧੀ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਕੇ ਅਜਿਹੀ ਪ੍ਰਣਾਲੀ ਤਿਆਰ ਕੀਤੀ ਜਾਵੇ ਤਾਂ ਜੋ ਸਬੰਧਿਤ ਪਰਿਵਾਰਾਂ ਵੱਲੋਂ ਮੰਗਣੀ ਅਤੇ ਵਿਆਹਾਂ 'ਤੇ ਕੀਤੇ ਜਾਂਦੇ ਖਰਚਿਆਂ ਦਾ ਪੂਰਾ ਰਿਕਾਰਡ ਰੱਖਿਆ ਸਕੇ। ਅਜਿਹੇ ਸਬੂਤ ਹੋਣ ਨਾਲ ਜਿੱਥੇ ਆਮ ਲੋਕ ਬੇਲੋੜਾ ਦਾਜ-ਦਹੇਜ ਦਾ ਲੈਣ-ਦੇਣ ਘਟਾਉਣ ਲਈ ਮਜਬੂਰ ਹੋਣਗੇ ਉਥੇ ਵਿਆਹ ਉਪਰੰਤ ਮੁਕੱਦਮੇ ਅਤੇ ਤਲਾਕ ਆਦਿ ਦੇ ਮੁੱਦੇ 'ਤੇ ਹੁੰਦੇ ਝਗੜੇ ਨਿਬੇੜਨ ਵਿੱਚ ਵੀ ਸੌਖ ਹੋਵੇਗੀ। ਅਜਿਹੀ ਪਾਰਦਰਸ਼ਤਾ ਸਦਕਾ ਸਰਕਾਰ ਨੂੰ ਵੈਟ ਅਤੇ ਆਮਦਨ ਕਰ ਰਾਹੀਂ ਮਾਲੀਆ ਵੀ ਇਕੱਤਰ ਹੋਵੇਗਾ।

ਇਸ ਸਬੰਧੀ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਇਹ ਮੰਗ ਕਰਦਿਆਂ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ, ਸੰਯੁਕਤ ਸਕੱਤਰ ਹਰਮਨ ਸਿੰਘ ਅਤੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ ਨੇ ਮੰਗ ਕੀਤੀ ਹੈ ਕਿ ਸਮਾਜ ਵਿੱਚ ਬੇਲੋੜੇ ਦਾਜ-ਦਹੇਜ ਦੇ ਲੈਣ-ਦੇਣ ਨੂੰ ਰੋਕਣ, ਦਾਜ ਕਾਨੂੰਨ ਤਹਿਤ ਦਾਇਰ ਹੁੰਦੀਆਂ ਝੂਠੀਆਂ ਸ਼ਿਕਾਇਤਾਂ ਅਤੇ ਫਾਲਤੂ ਮੁਕੱਦਮੇਬਾਜ਼ੀ ਘਟਾਉਣ ਦੀ ਸਖਤ ਲੋੜ ਹੈ ਜਿਸ ਕਰਕੇ ਵਿਆਹਾਂ ਦੀ ਲਾਜ਼ਮੀ ਰਜਿਸਟਰੇਸ਼ਨ ਮੌਕੇ ਲਾੜੇ-ਲਾੜੀ ਅਤੇ ਦੋਵਾਂ ਪਰਿਵਾਰਾਂ ਵੱਲੋਂ ਵਿਆਹਾਂ 'ਤੇ ਹੋਏ ਖਰਚੇ ਬਾਰੇ ਜ਼ਿਲਖ਼ਾ ਵਿਆਹ ਰਜਿਸਟਰੇਸ਼ਨ ਅਧਿਕਾਰੀਆਂ ਨੂੰ ਸਬੂਤ ਦੇਣੇ ਲਾਜ਼ਮੀ ਬਣਾਏ ਜਾਣ।

ਕੌਂਸਲ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਰਾਜ ਸਰਕਾਰ ਇਸ ਸਬੰਧੀ ਮੌਜੂਦਾ ਵਿਸ਼ੇਸ਼ ਵਿਆਹ ਕਾਨੂੰਨ ਅਤੇ ਦਹੇਜ ਰੋਕੂ ਕਾਨੂੰਨ ਵਿੱਚ ਸੋਧ ਕਰਕੇ ਆਮ ਲੋਕਾਂ ਨੂੰ ਮਹਿੰਗੇ ਵਿਆਹ ਸਮਾਗਮਾਂ ਅਤੇ ਬੇਲੋੜੇ ਖਰਚਿਆਂ ਤੋਂ ਤੁਰੰਤ ਰਾਹਤ ਦਿਵਾਵੇ ਕਿਉਂਕਿ ਸਮਾਜਿਕ ਅਤੇ ਪਰਿਵਾਰਕ ਦਬਾਅ ਕਾਰਨ ਅਕਸਰ ਹੀ ਸਧਾਰਨ ਪਰਿਵਾਰਾਂ ਨੂੰ ਵੀ ਰੀਸੋ-ਰੀਸੀ ਦਹੇਜ ਦੇਣ ਅਤੇ ਮਹਿੰਗਾ ਵਿਆਹ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਨਾਂ ਕਿਹਾ ਕਿ ਅਜਿਹੇ ਸਖਤ ਕਾਨੂੰਨ ਸਦਕਾ ਆਮ ਲੋਕਾਂ ਨੂੰ ਮਹਿੰਗੇ ਵਿਆਹਾਂ ਲਈ ਕਰਜੇ ਚੁੱਕਣ ਤੋਂ ਰਾਹਤ ਮਿਲੇਗੀ ਅਤੇ ਕਰਜੇ ਹੇਠ ਦਬੇ ਸਾਧਾਰਨ ਲੋਕਾਂ ਦੀ ਦਸ਼ਾ ਸੁਧਰ ਜਾਵੇਗੀ। ਉਨਾਂ ਦਲੀਲ ਦਿੱਤੀ ਕਿ ਖਰਚੇ ਦੇ ਅਜਿਹੇ ਵੇਰਵੇ ਮੌਜੂਦ ਹੋਣ ਕਾਰਨ ਅਦਾਲਤਾਂ ਨੂੰ ਵੀ ਤਲਾਕ ਅਤੇ ਦਾਜ ਪੀੜਤਾਂ ਦੇ ਮੁਕੱਦਮੇ ਹੱਲ ਕਰਨ ਵਿੱਚ ਮੱਦਦ



ਮਿਲੇਗੀ। ਕੌਂਸਲ ਦੇ ਆਗੂਆਂ ਨੇ ਸਲਾਹ ਦਿੱਤੀ ਹੈ ਕਿ ਕਾਨੂੰਨੀ ਸੋਧ ਵੇਲੇ ਵਿਆਹ ਦੇ ਖਰਚੇ ਵਿੱਚ ਇਹ ਵਿਵਸਥਾ ਵੀ ਬਣਾਈ ਜਾਵੇ ਕਿ ਜੇਕਰ ਦਹੇਜ ਵਜੋਂ ਪਰਿਵਾਰ ਦਾਜ ਦੇਣਾ ਚਾਹੁੰਦਾ ਹੋਵੇ ਤਾਂ ਲਾੜੀ ਦੇ ਖਾਤੇ ਵਿਚ ਨਗਦ ਰਕਮ ਜਮਖ਼ਾ ਕੀਤੀ ਜਾ ਸਕਦੀ ਹੈ ਤਾਂ ਜੋ ਉਹ ਭਵਿੱਖ ਵਿੱਚ ਜ਼ਰੂਰਤ ਪੈਣ 'ਤੇ ਇਨਾਂ ਪੈਸਿਆਂ ਨੂੰ ਵਰਤ ਸਕੇ। ਪੰਜਾਬੀ ਕਲਚਰਲ ਕੌਂਸਲ ਨੇ ਸਮੂਹ ਲੋਕਾਂ ਨੂੰ ਵੀ ਸੱਦਾ ਦਿੱਤਾ ਕਿ ਵਿਆਹ ਅਤੇ ਹੋਰ ਸਮਾਗਮਾਂ ਮੌਕੇ, ਖਾਸ ਕਰਕੇ ਲੜਕੇ ਦੇ ਮਾਪੇ, ਵੱਧ ਖਰਚੇ, ਅਡੰਬਰ ਅਤੇ ਫਾਲਤੂ ਦਿਖਾਵਿਆਂ ਤੋਂ ਬਚਦੇ ਹੋਏ ਵਧੀਆ ਅਤੇ ਸੁਖਾਲਾ ਜੀਵਨ ਜਿਉਣ ਲਈ ਵਾਧੂ ਮਾਲੀ ਬੋਝ ਲੜਕੀ ਵਾਲਿਆਂ 'ਤੇ ਨਾ ਪਾਉਣ ਅਤੇ ਫੋਕੀ ਸ਼ੋਹਰਤ ਖਾਤਰ ਵਿਆਹ ਜਾਂ ਮੰਗਣੀ ਮੌਕੇ ਦਾਜ ਦਾ ਲੈਣ-ਦੇਣ ਬਿਲਕੁਲ ਬੰਦ ਕਰਨ। ਉਨਾਂ ਇਹ ਵੀ ਸੁਝਾਅ ਦਿੱਤਾ ਹੈ ਕਿ ਵਿਆਹ, ਸ਼ਗਨ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ ਵੇਲੇ ਘੱਟ ਪਕਵਾਨ ਤਿਆਰ ਕਰਵਾਏ ਜਾਣ ਤਾਂ ਜੋ ਵਿਅਰਥ ਹੁੰਦੇ ਖਾਣੇ ਨੂੰ ਬਚਾਇਆ ਜਾ ਸਕੇ।

ਕੌਂਸਲ ਨੇ ਸਮੂਹ ਸੂਝਵਾਨ ਪੰਜਾਬੀਆਂ ਨੂੰ ਸੱਦਾ ਦਿੱਤਾ ਹੈ ਕਿ ਦਿਨੋ-ਦਿਨ ਲੋਕਾਂ ਸਿਰ ਵਧ ਰਹੀ ਕਰਜੇ ਦੀ ਪੰਡ ਕਾਰਨ ਉਹ ਇਨਖ਼ਾਂ ਸਮਾਜਿਕ ਤਬਦੀਲੀਆਂ ਨੂੰ ਅਪਨਾਉਣ ਦੀ ਪਹਿਲ ਕਰਨ ਜੋ ਕਿ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ। ਉਨਾਂ ਕਿਹਾ ਕਿ ਖਾਸ ਕਰਕੇ ਸਮੂਹ ਵਿਦਿਅਕ ਸੰਸਥਾਵਾਂ, ਪੰਚਾਇਤਾਂ, ਨਗਰ ਕੌਂਸਲਾਂ ਅਤੇ ਮਹਿਲਾ ਮੰਡਲ ਇਨਾਂ ਰੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਪਿੰਡ ਪੱਧਰ 'ਤੇ ਇਹ ਸਮਾਜ ਸੁਧਾਰਕ ਤਬਦੀਲੀਆਂ ਅਪਨਾਉਣ ਲਈ ਵੱਡਾ ਯੋਗਦਾਨ ਪਾਉਣ।

# ਪਿੰਡ ਪਲਾਹੀ ਵਿਖੇ ਲਗਾਇਆ ਗਿਆ ਕੈਂਸਰ ਜਾਗਰੂਕਤਾ ਕੈਂਪ




**ਫਗਵਾੜਾ–** ਪਿੰਡ ਪਲਾਹੀ ਵਿਖੇ ਵਰਲਡ ਕੈਂਸਰ ਕੇਅਰ ਵਲੋਂ ਗ੍ਰਾਮ ਪੰਚਾਇਤ ਪਲਾਹੀ ਅਤੇ ਬਸਰਾ ਪਰਿਵਾਰ ਯੂ.ਕੇ. ਦੇ ਸਹਿਯੋਗ ਨਾਲ ਕੈਂਸਰ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਆਪਣੇ ਟੈਸਟ ਕਰਵਾਏ। ਇਸ ਸਮੇਂ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਫਿਲਮ ਵੀ ਵਿਖਾਈ ਗਈ। ਨਗਰ ਪੰਚਾਇਤ ਅਤੇ ਬਾਬਾ ਟੇਕ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਡਾਕਟਰਾਂ ਅਤੇ ਮੈਡੀਕਲ ਟੀਮ ਦਾ ਸਰੋਪੇ ਦੇ ਕੇ ਸਨਮਾਨ ਕੀਤਾ ਗਿਆ। ਇਸ ਕੈਂਪ ਵਿੱਚ 120 ਲੋਕਾਂ ਨੇ ਆਪਣੇ ਟੈਸਟ ਕਰਵਾਏ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਗੁਰਪਾਲ ਸਿੰਘ ਸਰਪੰਚ, ਮੋਹਨ ਸਿੰਘ, ਰਣਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

# ਗੁਰਦੇ ਖਰਾਬ ਹੋਣ ਨਾਲ ਨੌਜਵਾਨ ਦੀ ਹਾਲਤ ਵਿਗੜੀ, ਪਰਿਵਾਰ ਨੇ ਲਗਾਈ ਸਹਿਯੋਗ ਦੀ ਗੁਹਾਰ

**ਸ਼ਾਮਚੁਰਾਸੀ (ਚੁੰਬਰ)–** ਕਈ ਵਾਰ ਇਨਸਾਨ ਅਜਿਹੀ ਭਿਆਨਕ ਬਿਮਾਰੀ ਦੀ ਲਪੇਟ ਵਿਚ ਆ ਜਾਂਦਾ ਹੈ, ਜਿਸ ਨਾਲ ਉਹ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਹਿੰਦਾ ਹੈ। ਕੁਝ ਅਜਿਹਾ ਹੀ ਨੌਜਵਾਨ ਸੋਮ ਪ੍ਰਕਾਸ਼ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਧੁਦਿਆਲ ਨਾਲ ਵਾਪਰਿਆ ਜੋ ਅਚਾਨਕ ਹੀ ਦੋਨੋਂ ਗੁਰਦੇ ਹੋਣ ਨਾਲ ਪਰਿਵਾਰ ਲਈ ਰੋਜੀ ਰੋਟੀ ਕਮਾਉਂਦਾ ਮੰਜੇ ਨਾਲ ਜਾ ਲੱਗਾ। ਇਸ ਦਰਦਭਰੀ ਦਾਸਤਾਂ ਬਾਰੇ ਰੋਂਦੇ ਕੁਰਲ-ਾਉਂਦੌਨੋਂ ਗੁਰਦੇ ਖਰਾਬ ਹੋਣ ਦੀ ਪੀੜ ਸਹਿ ਰਹੇ ਸੋਮ ਪ੍ਰਕਾਸ਼ ਉਸ ਦੀ ਮਾਤਾ ਗੁਰਬਖਸ਼ ਕੌਰ ਅਤੇ ਪਿਤਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਉਹ ਇਸ ਪੀੜਾ ਦਾ ਸ਼ਿਕਾਰ ਹਨ ਅਤੇ ਘਰ ਦੀ ਆਰਥਿਕ ਹਾਲਤ ਖੁਸ਼ਹਾਲ ਨਾ ਹੋਣ ਕਰਕੇ ਉਸ ਦੀ ਪਰਿਵਾਰ ਦੀ ਸਾਰੀ ਆਰਥਿਕਤਾ ਇਸ ਬਿਮਾਰੀ ਨੇ ਨਿਗਲ ਲਈ। ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ ਸੋਮਾ ਕਾਫ਼ੀ ਮੇਹਨਤੀ ਨੌਜਵਾਨ ਹੈ ਜੋ ਆਪਣੇ ਕੰਮ ਕਾਰ ਲਈ ਸੋਨਾਲੀਕਾ ਫੈਕਟਰੀ ਵਿਚ ਕੰਮ ਕਰਨ ਤੋਂ ਬਾਅਦ ਚੰਡੀਗੜ੍ਹ ਵਿਖੇ ਕਿਸੇ ਪ੍ਰਾਈਵੇਟ ਕੰਮ ਤੇ ਲੱਗਾ ਹੋਇਆ ਸੀ, ਜਿੱਥੇ ਉਸ ਨੂੰ ਅਚਾਨਕ ਬਿਮਾਰ ਹੋਣ ਤੇ ਪਤਾ ਲੱਗਾ ਕਿ ਉਸ ਦੇ ਦੋਨੋਂ ਗੁਰਦੇ ਖਰਾਬ ਹਨ, ਪਰਿਵਾਰ ਨੇ ਦੱਸਿਆ ਕਿ ਇਕ ਮਹੀਨੇ ਅੰਦਰ ਉਨ੍ਹਾਂ ਦਾ ਕਰੀਬ 25 ਤੋਂ 30 ਹਜ਼ਾਰ ਰੁਪਿਆ ਉਸ ਦੀ ਡਾਇਲਸਿਜ਼ ਅਤੇ ਹੋਰ ਦਵਾਈਆਂ ਦਾ ਖਰਚਾ ਹੈ। ਜਿਸ ਨੂੰ ਲਗਾਤਾਰ ਕਰਨ ਤੋਂ ਉਕਤ ਪਰਿਵਾਰ ਅਸਮਰੱਥ ਹੈ। ਪਰਿਵਾਰ ਨੇ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਕੰਮ ਕਰਨ ਵਾਲੀਆਂ ਸਮਾਜ ਸੇਵੀ ਅਤੇ ਹੋਰ ਸੰਸਥਾਵਾਂ ਨੂੰ ਗੁਹਾਰ ਲਗਾਈ ਹੈ, ਕਿ ਉਨ੍ਹਾਂ ਦੇ ਬੱਚੇ ਦੀ ਜਾਨ ਬਚਾਉਣ ਲਈ ਉਹ ਅੱਗੇ ਆ ਕੇ ਉਨ੍ਹਾਂ ਦੀ ਮਦਦ ਕਰਨ ਤਾਂ ਜੋ ਪਰਿਵਾਰ ਦਾ ਇਹ ਚਿਰਾਗ ਬੁੱਝਣ ਤੋਂ ਬਚਾਇਆ ਸਕੇ।



# ਸਰਕਾਰੀ ਹਾਈ ਸਕੂਲ ਨਹਿਰੂਗੇਟ ਬਟਾਲਾ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ

**ਬਟਾਲਾ–** ਬਰਨਾਲ ਸਿਖਿਆ ਵਿਭਾਗ ਵਿਦਿਆਰਥੀਆਂ ਨੂੰ ਵਧੀਆ ਸੇਧ ਤੇ ਸਮਾਜ ਵਿਚ ਵਧੀਆ ਜੀਵਨ ਬਿਤਾਉਣ ਹਿੱਤ ਆਪਣੀਆਂ ਕੋਸਿਸ਼ਾਂ ਦਿਨੋ ਦਿਨ, ਜਾਰੀ ਰੱਖਦਾ ਹੈ, ਡਾਇਰੈਕ-ਟੋਰੇਟ ਤੇ ਜਿਲਾ ਸਿੱਖਿਆ ਅਫਸਰ ਸੈਕੰਡਰੀ ਗੁਰਦਾਸਪੁਰ ਰਾਕੇਸ਼ ਬਾਲਾ, ਜਿਲਾ ਸਾਂਇੰਸ ਸੁਪਰਵਾਈਜਰ ਸਮੇ ਸਮੇ ਤੇ ਭੇਜੀਆ ਹਦਾਇਤਾ ਦੀ ਪਾਲਣਾ ਹਿੱਤ ਸਰਕਾਰੀ ਹਾਈ ਸਕੂਲ ਨਹਿਰੂਗੇਟ ਦੀ ਮੁਖ ਅਧਿਆਪਕਾ ਮਿਸ ਨੀਨਾ ਤੇ ਸਮੂਚੇ ਸਟਾਫ ਸਦਕਾ ਨਸ਼ਿਆ ਰੂਪੀ ਕੋਹੜ ਨੂੰ ਦੂਰ ਕਰਨ ਤੇ ਤੰਦਰੂਸਤ ਪੰਜਾਬ ਦਾ ਸੁਨੇਹਾ ਵਿਦਿਆਰਥੀਆਂ ਤੱਕ ਤੇ ਸਹਿਰਵਾਸੀਆਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਇਕ ਦੌਰ ਰੈਲੀ ਕੱਢੀ ਗਈ। ਸਮੂਚੇ ਸਟਾਂਫ ਨਾਲ ਕੀਤੀ ਰੈਲੀ ਵਿਚ ਵਿਦਿਆਰਥੀਆ ਨੇ ਹਿਸਾ ਲਿਆ ਤੇ ਸਹਿਰ ਵਾਸੀਆਂ ਨੂੰ ਜਾਗਰੂਕ ਕੀਤਾ। ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋ ਤਿਆਰ ਕਰਵਾਈਆਂ ਤਖਤੀਆਂ ਦੁਆਰਾ ਨਸਿਆ ਵਿਰੁਧ ਪਹਿਰਾ ਦੇਣ ਵਾਸਤੇ ਪ੍ਰੇਰਿਆ ਗਿਆ। ਨਸ਼ਿਆ ਵਿਰੁਧ ਦੌੜ ਰੈਲੀ ਸਕੂਲ ਤੋ ਸੁਰੂ ਹੋਈ ਤੇ ਪੁਲ ਹੰਸਲੀ ਤੋ ਹੁੰਦੀ ਹੋਈ ਦੁਬਾਰਾ ਸਕੂਲ ਪਹੁੰਚੀ।

ਇਸ ਦੌੜ ਰੈਲੀ ਵਿਚ ਮੋਹਰੀ ਰਹੇ ਵਿਦਿਆਰਥੀਆਂ ਨੂੰ ਸਨਮਾਨਿਆ ਵੀ ਗਿਆ। ਆਸ਼ਾ ਰਾਣੀ, ਕੁਲਦੀਪ ਕੁਮਾਰ, ਸੁਖਬੀਰ ਕੌਰ, ਸੋਨੀਆ ਸਰਮਾ, ਨਿਰਮਲ, ਯਾਦਵਿੰਦਰ ਕੌਰ, ਕਿਰਨ, ਅਨੂ ਅਰੋੜਾ, ਮਨਜਿੰਦਰ ਸਿੰਘ, ਸੈਲੀ, ਰੇਨੂੰ, ਰੁਪਿੰਦਰ ਕੌਰ, ਸਤਿੰਦਰਪਾਲ ਕੌਰ, ਬਿਮਲਾ ਦੇਵੀ ਆਦਿ ਸਟਾਫ ਮੈਬਰ ਹਾਜ਼ਰ ਸਨ।



# ਟਾਕ ਕਸੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਆਪਣੇ ਭਾਈਚਾਰੇ ਦੇ ਹੁਸ਼ਿਆਰ ਵਿਦਿਆਰਥੀ ਨੂੰ ਕਰੇਗੀ ਸਨਮਾਨਿਤ

**ਬਠਿੰਡਾ (ਗੁਰਬਾਜ ਗਿੱਲ)–** ਟਾਕ ਕਸੱਤਰੀ ਸਭਾ ਸ੍ਰੀ ਮੁਕਤਸਰ ਸਾਹਿਬ ਆਪਣੇ ਭਾਈਚਾਰੇ ਦੇ ਬੱਚਿਆ ਦੇ ਉਜੱਲ ਭਵਿੱਖ ਦੇ ਲਈ ਅਤੇ ਹਰ ਕੰਪੀਟੀਸ਼ਨ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਲਈ ਆਏ ਸਾਲ ਸਨਮਾਨਿਤ ਸਮਾਰੋਹ ਕਰਕੇ ਹੌਸਲਾ ਵਧਾ ਰਹੀ ਹੈ ਇਸ ਦੇ ਸਬੰਧ ਵਿੱਚ ਸਾਲ 2018 ਦੀ ਲਈ ਗਈ ਪ੍ਰੀਖਿਆ ਵਿੱਚੋਂ ਦਸਵੀਂ ਅਤੇ ਬਾਰ੍ਹਵੀਂ ਕਲਾਸ ਵਿੱਚੋਂ 70 ਫੀਸਦੀ ਤੋ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰੇਗੀ ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਕਰਤਾਰ ਸਿੰਘ ਪੂਰਬਾ, ਸਕੱਤਰ ਸੁਖਮੰਦਰ ਸਿੰਘ ਬੇਦੀ ਅਤੇ ਸਭਾ ਦੇ ਸਰਪ੍ਰਸਤ ਨਿਰੰਜਣ ਸਿੰਘ ਰੱਖਰਾ ਨੇ ਦੱਸਿਆ ਇਸ ਸਬੰਧੀ ਫਾਰਮ ਸਭਾ ਦੇ ਉਪਰੋਕਤ ਮੈਂਬਰਾਂ ਕੋਲੋਂ ਹਾਸਲ ਕੀਤੇ ਜਾ ਸਕਦੇ ਹਨ ਪੂਰੇ ਦਸਤਾਵੇਜ਼ ਨਾਲ ਭਰ ਕੇ ਫਾਰਮ 30 ਜੁਲਾਈ ਤੋ ਪਹਿਲਾ ਪਹਿਲਾ ਸਭਾ ਪਾਸ ਜਮਾ ਕਰਵਾ ਸਕਦੇ ਹਨ ਅਧੂਰੇ ਕਾਗਜ ਅਤੇ ਨਿਸ਼ਚਿਤ ਤਰੀਕ ਤੋ ਬਾਅਦ ਵਿੱਚ ਆਈਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।



# ਸਰਕਾਰੀ ਰਿਪੁਦਮਨ ਕਾਲਜ ਨਾਭਾ ਨੇ ਦਿਖਾਈ ਬੇਰੁਖੀ






**ਨਾਭਾ–** ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿੱਚ ਸਰਕਾਰੀ ਰਿਪੁਦਮਨ ਕਾਲਜ ਨਾਭਾ ਦੀ ਅਥਾਰਟੀ ਨੂੰ ਇੱਕ ਵਫਦ ਮਿਲਿਆ ਅਤੇ ਸੰਸਥਾਂ ਅੰਦਰ ਪੋਸ਼ਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਨਿਯਮਾਂ ਦੀ ਉਲੰਘਣਾ ਕਰਕੇ ਗੈਰ ਕਾਨੂੰਨੀ ਢੰਗ ਨਾਲ SC/ST ਵਿਦਿਆਰਥੀਆਂ ਤੋਂ ਭਰਾਈ ਜਾਂ ਰਹੀ ਫੀਸ, ਬੰਦ ਕਰਵਾਉਣ ਦੀ ਮੰਗ ਕੀਤੀ।

ਪਰ ਰਿਪੁਦਮਨ ਕਾਲਜ ਦੀ ਅਥਾਰਟੀ ਵੱਲੋਂ ਕੇਂਦਰ ਅਤੇ ਰਾਜ ਸਰਕਾਰ ਦੇ ਜਾਰੀ ਕੀਤੇ ਦਿਸ਼ਾ ਨਿਰਦੇਸ਼ਾ ਦੇ ਦਸਤਾਵੇਜ਼ਾਂ ਨੂੰ ਵੀ ਦਰਕਿਨਾਰ ਕਰਦੇ ਹੋਏ, ਪਹਿਲਾਂ ਤਾ ਆਨਾਕਾਨੀ ਕੀਤੀ ਗਈ, ਅਤੇ ਇਸ ਤੋਂ ਆਪਣਾ ਦਲਿੱਤ ਵਿਰੋਧੀ ਚਿਹਰਾ ਦਿਖਾਉਂਦੇ ਹੋਏ ਇਨਕਾਰ ਕਰ ਦਿੱਤਾ। ਜਿਸ ਤੇ ਵਿਦਿਆਰਥੀਆਂ ਵਿੱਚ ਰੋਸ਼ ਜਾਗ ਪਿਆ ਅਤੇ ਵਿਦਿਆਰਥੀਆਂ ਦੁਆਰਾਂ ਕਾਲਜ ਵਿੱਚ ਰੈਲੀ ਕੀਤੀ ਗਈ ਅਤੇ ਪ੍ਰਿਸੀਪਲ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸੂਬਾ ਕਮੇਟੀ ਮੈਬਰ ਗੁਰਸੇਵਕ ਸਿੰਘ ਜਿਲ੍ਹਾ ਆਗੂ ਹਰਦੀਪ ਸਿੰਘ ਢੱਡਰੀਆਂ, ਖੁਸ਼ਵਿੰਦਰ ਨੇ ਕਿਹਾ ਕਿ P.M.S ਦੇ ਨਿਯਮਾਂ ਮੁਤਾਬਕ SC/ST ਵਿਦਿਆਰਥੀਆਂ ਤੋਂ Non Refundable (ਨਾਨ ਰਿਫੰਡ ਏਬਲ) ਫੀਸ਼ ਭਰਾਉਣੀ ਗੈਰ-ਕਾਨੂੰਨੀ ਕਰਵਾਈ ਹੈ। ਜਿਸ ਤਹਿਤ SC/ST ਐਟਰੋ ਐਕਟ ਤਹਿਤ ਪਰਚਾ ਦਰਜ ਹੁੰਦਾ ਹੈ। ਪਰ ਸੰਸਥਾਂ ਦੁਆਰਾਂ ਸਾਰੇ ਨਿਯਮਾਂ ਨੂੰ ਡੱਕੇ ਟੰਗ ਕੇ ਵਿਦਿਆਰਥੀਆਂ ਨੂੰ ਜਬਰੀ ਫੀਸਾਂ ਭਰਨ ਲਈ ਧਮਕਾਇਆ ਜਾ ਰਿਹਾ ਹੈ।




ਵਿਦਿਆਰਥੀ ਆਗੂਆਂ ਨੇ ਕਿਹਾ ਕਿ ਜਿੱਥੇ ਪੂਰੇ ਪੰਜਾਬ ਦੇ ਵਿਦਿਆਰਥੀਆਂ ਦੁਆਰਾ P.S.U ਦੀ ਅਗਵਾਈ ਹੇਠ 2.5 ਲੱਖ ਤੋਂ ਘੱਟ ਤੋ ਸਲਾਨਾ ਆਮਦਨ ਵਾਲੇ ਸਾਰੇ ਵਰਗਾਂ ਦੀ ਫੀਸ਼ ਮੁਆਫੀ ਲਈ ਲੜਕੀਆਂ ਦੀ ਹਰ ਪੱਧਰ ਦੀ ਸਿੱਖਿਆ ਮੁਫਤ ਕਰਨ, ਘੱਟ ਗਿਣਤੀ ਧਰਮਾਂ ਦੇ ਰੋਕੇ ਹੋਏ ਵਜੀਫੇ ਲਾਗੂ ਕਰਨ, ਰਿਪੇਅਰ ਦੀ ਰਿਵੈਲੂਏਸ਼ਨ ਫੀਸ ਰੱਦ ਕਰਨ, ਕੱਚੇ ਭਰਤੀ ਕੀਤੇ ਅਧਿਆਪਕਾਂ ਨੂੰ ਪੱਕੇ ਕਰਨ ਅਤੇ ਤਨਖਾਹ ਸਰਕਾਰੀ ਖਜ਼ਾਨੇ ਤੋਂ ਦੇਣ, SC/ST ਵਿਦਿਆਰਥੀਆਂ ਦੀ ਫੀਸ ਮੁਆਫ ਕਰਨ ਫਿਰੋਜ਼ਪੁਰ ਦੇ ਤੁੜੀ ਬਜਾਰ ਅੰਦਰ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਟਿਕਾਣੇ ਨੂੰ ਵਿਸਾਰਤੀ ਦਰਜਾਂ ਦਵਾਉਣ ਲਈ ਸੂਬਾਂ ਪੱਧਰੀ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਉਥੇ ਰਿਪੁਦਮਨ ਕਾਲਜ ਨਾਭਾ ਦੁਆਰਾ SC/ST ਵਿਦਿਆਰਥੀਆਂ ਤੋਂ ਉਗਰਾਹੀ ਜਾਂ ਰਹੀਂ ਫੀਸ਼ ਦਾ ਵਿਰੋਧ ਕੀਤਾ ਗਿਆ। ਵਿਦਿਆਰਥੀ ਆਗੂ ਧਰਮਵੀਰ ਹਰੀਗੜ੍ਹ, ਗੁਰਧਿਆਨ ਸਿੰਘ, ਤੇ ਹੁਸਨਜੀਤ ਨੇ ਸੰਬੋਧਨ ਕਰਦਿਆ ਵਿਦਿਆਰਥੀਆਂ ਨੂੰ ਫੀਸਾਂ ਦਾ ਬਾਈਕਾਟ ਕਰਨ ਦਾ ਸੁਨੇਹਾ ਦਿੱਤਾ। ਅੰਤ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੁਆਰਾ SC/ST ਵਿਦਿਆਰਥੀਆਂ ਨੂੰ Non Refund-able (ਨਾਨ ਰਿਫੰਡ ਏਬਲ) ਫੀਸ਼ਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੰਦੇ ਹੋਏ ਪੋਸ਼ਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਾਉਣ ਲਈ ਸ਼ੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਗਿਆ। ਵਿਦਿਆਰਥੀ ਆਗੂ ਦਲਵੀਰ ਸਿੰਘ, ਗੁਰਸੇਵਕ ਸਿੰਘ, ਗੁਰਜੀਤ ਸਿੰਘ ਅਤੇ ਨਵੀ ਖਾਨ ਨੇ ਵੀ ਸੰਬੋਧਨ ਕੀਤਾ।

**ਜਾਰੀ ਕਰਤਾ:–ਹੁਸਨਦੀਪ ਸਿੰਘ**
**91–95925–71106, 84273–12495**

# 'ਜਪੁਜੀ ਦਾ ਰੱਬ (ਮੂਲ-ਮੰਤ੍ਰਿਕ ਦ੍ਰਿਸ਼ਟੀਕੋਣ)' 29 ਜੁਲਾਈ ਨੂੰ ਰਿਲੀਜ਼ ਹੋਵੇਗੀ

**ਸਟਾਕਟਨ (ਬਿਊਰੋ)** ਸਮੂਹ ਪੰਜਾਬੀ ਜਗਤ ਲਈ ਇਹ ਵਡੇ ਮਾਣ ਵਾਲੀ ਗਲ ਹੈ, ਕਿ ਉੱਚ ਵਿਦਿਅਕ ਖੇਤਰ ਦੇ ਪ੍ਰੌੜ ਵਿਦਵਾਨ; ਡਾ. ਗੋਬਿੰਦਰ ਸਿੰਘ ਸਮਰਾਓ ਦੁਆਰਾ ਨਵ ਰਚਿਤ ਪੁਸਤਕ 'ਜਪੁਜੀ ਦਾ ਰੱਬ (ਮੂਲ-ਮੰਤ੍ਰਿਕ ਦ੍ਰਿਸ਼ਟੀਕੋਣ)' ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਗੁਰਦਵਾਰਾ ਸਾਹਿਬ ਲੋਡਾਈ ਦੀ ਪ੍ਰਬੰਧਕ ਕਮੇਟੀ ਦੇ ਸਾਂਝੇ ਉਦਮਾਂ ਸਦਕਾ (ਗੁਰਦਵਾਰਾ ਸਾਹਿਬ :12098 ਨਾਰਥ ਵੈਸਟ ਲੇਨ ਲੋਡਾਈ ਸੀ ਏ. 95240.) ਵਿਖੇ 29 ਜੁਲਾਈ 2018 ਦਿਨ ਐਤਵਾਰ ਨੂੰ ਲੋਕ ਅਰਪੱਣ ਕੀਤੀ ਜਾਵੇਗੀ। (ਯਾਦ ਰਹੇ ਕਿ ਇਸ ਪੁਸਤਕ ਦੇ ਲੇਖਾਂ ਨੂੰ ਕੁਝ ਸਮੇਂ ਤੋਂ ਪੰਜਾਬ ਟਾਈਮਜ ਅਤੇ ਕੁਝ ਹਿੱਸਾ 'ਦੇਸ਼ ਦੁਆਬਾ' ਦੇ ਪੰਨਿਆਂ ਵਿੱਚ ਛਪਣ ਦਾ ਮਾਣ ਪਰਾਪਤ ਹੁੰਦਾ ਰਿਹਾ ਹੈ)।

ਇਹ ਫੈਸਲਾ 7 ਜੁਲਾਈ 2018 ਨੂੰ ਲੈਥਰੋਪ ਵਿੱਚ ਹਰਜਿੰਦਰ ਸਿੰਘ ਪੰਧੇਰ ਦੀ ਪ੍ਰਧਾਨਗੀ ਹੇਠ ਹੋਈ ਸਾਹਿਤਕ ਮੀਟਿੰਗ ਵਿੱਚ ਲਿਆ ਗਿਆ। ਮਟਿੰਗ ਦੇ ਪਹਿਲੇ ਪੱਖ ਵਿੱਚ ਸਮਾਗਮ ਸਬੰਧੀ ਪ੍ਰੋਗਰਾਮ ਉਲੀਕਿਆ ਗਿਆ ਜਿਸ ਅਨੁਸਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ ਮਹਿਮਾਨਾਂ ਦੀ ਇਕੱਤ੍ਰਤਾ, ਗੁਫਤਗੂ ਅਤੇ ਚਾਹ ਪਾਣੀ ਹੋਵੇਗਾ। 11.00 ਵਜੇ ਗੁਰਦਵਾਰਾ ਸਾਹਿਬ ਦੇ ਸੈਕਟਰੀ ਅਵਤਾਰ ਸਿੰਘ ਰੰਧਾਵਾ ਵਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਜਾਵੇਗਾ। ਇਸ ਉਪਰੰਤ ਖਾਲਸਾ ਸਕੂਲ ਲੋਡਾਈ ਦੇ ਬੱਚਿਆਂ ਵਲੋਂ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਬਾਣੀ ਵਿੱਚੋਂ ਦੋ ਸ਼ਬਦਾਂ ਦਾ ਗਾਇਨ






ਹੋਵੇਗਾ। ਪ੍ਰੋਗਰਾਮ ਦੇ ਅਗਲੇ ਹਿੱਸੇ ਵਿੱਚ ਹਰਜਿੰਦਰ ਸਿੰਘ ਪੰਧੇਰ ਵਲੋਂ ਪ੍ਰਧਾਨਗੀ ਭਾਸ਼ਣ ਹੋਵੇਗਾ। ਫਿਰ ਸਾਹਿਤਕ ਤੇ ਧਾਰਮਿਕ ਵਿਦਵਾਨ ਡਾ. ਅਮਰੀਕ ਸਿੰਘ, ਅਤੇ ਡਾ. ਅਮਰਜੀਤ ਸਿੰਘ ਇਸ ਪੁਸਤਕ ਬਾਰੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਨਗੇ। ਡਾ. ਗੋਬਿੰਦਰ ਸਿੰਘ ਸਮਰਾਓ ਵਿਦਵਾਨ ਸੱਜਣਾਂ ਵਲੋਂ ਉਠਾਏ ਗਏ ਸਾਰਥਕ ਸਵਾਲਾਂ ਦੇ ਜਵਾਬ ਦੇਣਗੇ। 2.00 ਵਜੇ ਲੰਗਰ ਵਰਤਾਇਆ ਜਾਵੇਗਾ। ਲੰਗਰ ਉਪਰੰਤ ਸ਼ਾਨਦਾਰ ਕਵੀ ਦਰਬਾਰ ਹੋਵੇਗਾ। ਉਸ ਦਿਨ ਹੋਈ ਸਾਹਿਤ ਸਭਾ ਦੀ ਮੀਟਿੰਗ ਦੇ ਦੂਸਰੇ ਪੱਖ ਵਿੱਚ ਸਾਹਿਤਕ ਰਚਨਾਵਾਂ ਦਾ ਭਰਵਾਂ ਦੌਰ ਚਲਿਆ। ਪ੍ਰਿੰਸੀਪਲ ਹਰਨੇਕ ਸਿੰਘ ਵਲੋਂ ਔਰਤ ਉੱਤੇ ਹੋ ਰਹੇ ਤਸ਼ੱਦਦ ਨੂੰ ਦਰਸਾਉਂਦੀ, ਦੇਸੀ ਪਿਛੋਕੜ ਵਿੱਚ ਸਿਰਜੀ ਕਹਾਣੀ 'ਕਰਮਾਂ ਵਾਲੀ' ਪੜ੍ਹ ਕੇ ਸੁਣਾਈ ਗਈ। ਸਰੋਤਿਆਂ ਵਲੋਂ ਕਹਾਣੀ ਦੀ ਸਲਾਹੁਤਾ ਦੇ ਨਾਲ ਨਾਲ ਢੁੱਕਵੇਂ ਸੁਝਾ ਵੀ ਪੇਸ਼ ਕੀਤੇ ਗਏ। ਗੀਤ ਸੰਗੀਤ ਦੇ ਦੌਰ ਵਿੱਚ ਤਾਰਾ ਸਾਗਰ, ਕੁਲਵੰਤ ਸੇਖੋਂ, ਹਰਜੀਤ ਹਠੂਰ, ਮਨਦੀਪ ਗੋਰਾ, ਡਾ. ਗੋਬਿੰਦਰ ਸਿੰਘ ਸਮਰਾਓ, ਨੇ ਖੂਬਸੂਰਤ ਰਚਨਾਵਾਂ ਦਾ ਦੌਰ ਬੰਨਿਆ। ਮੀਟਿੰਗ ਵਿੱਚ ਉਪਰੋਕਤ ਸੱਜਣਾਂ ਤੋਂ ਇਲਾਵਾ ਗੁਰਪ੍ਰੀਤ ਕੌਰ, ਅਜੀਤ ਕੌਰ, ਰਾਜ ਕੁਮਾਰੀ, ਰਵਨੀਤ ਕੌਰ, ਰਮੇਸ਼ ਬੰਗਰ, ਅਵਤਾਰ ਸਿੰਘ ਲਾਖਾ ਤੇ ਹੋਰ ਸੱਜਣਾਂ ਨੇ ਭਾਗ ਲਿਆ। ਅਵਤਾਰ ਸਿੰਘ ਰੰਧਾਵਾ ਨੇ ਆਪਣੀ ਹਾਜ਼ਰੀ ਫੋਨ ਤੇ ਲਵਾਈ। ਪ੍ਰਿੰਸੀਪਲ ਹਰਨੇਕ ਸਿੰਘ ਦੇ ਗ੍ਰਹਿ ਵਿਖੇ ਹੋਈ ਇਸ ਮੀਟਿੰਗ ਵਿੱਚ ਉਹਨਾਂ ਦੇ ਸਮੂਹ ਪਰਵਾਰ ਵਲੋਂ ਚਾਹ ਪਾਣੀ ਦਾ ਵਧੀਆ ਇੰਤਜ਼ਾਮ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਗੁਰਦਵਾਰਾ ਸਾਹਿਬ ਲੋਡਾਈ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਵਿਦਵਾਨ ਸੱਜਣਾਂ ਨੂੰ 29 ਜੁਲਾਈ ਨੂੰ ਹੋ ਰਹੇ ਸਮਾਗਮ ਵਿੱਚ ਪਹੁੰਚਣ ਲਈ ਖੁਲ੍ਹਾ ਸੱਦਾ ਦਿਤਾ ਜਾਂਦਾ ਹੈ। ਸਮੇਂ ਸਿਰ ਪਹੁੰਚਣ ਲਈ ਸਮੂਹ ਕਾਰਜਕਰਨੀ ਕਮੇਟੀ ਤਹਿ ਦਿਲੋਂ ਧੰਨਵਾਦੀ ਹੋਵੇਗੀ। ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ: ਹਰਜਿੰਦਰ ਸਿੰਘ ਪੰਧੇਰ ਫੋਨ: 209-610-5055 ਤੇ ਸੰਪਰਕ ਕੀਤਾ ਜਾ ਸਕਦਾ ਹੈ।

# "ਭਗਤ ਪੂਰਨ ਸਿੰਘ" ਗੀਤ ਦਾ ਪੋਸਟਰ ਡਾ: ਇੰਦਰਜੀਤ ਕੌਰ ਪਿੰਗਲਵਾੜਾ ਵੱਲੋਂ ਲੋਕ ਅਰਪਣ

## ਭਗਤ ਜੀ ਦੇ ਬਰਸੀ ਸਮਾਗਮ 'ਤੇ 2 ਅਗਸਤ ਨੂੰ ਗੀਤ ਹੋਵੇਗਾ ਸ੍ਰੋਤਿਆਂ ਦੇ ਸਪੁਰਦ

**ਸ੍ਰੀ ਅੰਮ੍ਰਿਤਸਰ ਸਾਹਿਬ–** "ਬਹੁਤ ਵਿਰਲੇ ਇਨਸਾਨ ਹੁੰਦੇ ਹਨ ਜੋ ਆਪਣੀਆਂ ਖਾਹਿਸ਼ਾਂ, ਇੱਛਾਵਾਂ, ਲੋੜਾਂ ਨਾਲੋਂ ਲੋਕਾਈ ਦੇ ਦੁੱਖ ਦਰਦ ਨੂੰ ਪਹਿਲ ਦਿੰਦੇ ਹਨ। ਭਗਤ ਪੂਰਨ ਸਿੰਘ ਜੀ ਅਜਿਹੀ ਹੀ ਨੇਕ ਰੂਹ ਸਨ, ਜਿਹਨਾਂ ਨੇ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਦਿਆਂ ਰਾਮਜੀ ਦਾਸ ਤੋਂ ਪੂਰਨ ਸਿੰਘ ਹੋਣ ਦਾ ਸਫ਼ਰ ਤੈਅ ਕੀਤਾ। ਸਾਨੂੰ ਆਪਣੇ ਬੱਚਿਆਂ ਨੂੰ ਉਹਨਾਂ ਦੀ ਜੀਵਨ ਘਾਲਣਾ ਬਾਰੇ ਜਰੂਰ ਜਾਣੂੰ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੇ ਮਨਾਂ ਵਿੱਚ ਮਾਨਵਤਾ ਦੀ ਸੇਵਾ, ਵਾਤਾਵਰਣ ਦੀ ਸੰਭਾਲ, ਪੁਸਤਕ ਸੱਭਿਆਚਾਰ ਨਾਲ ਜੁੜਨ ਵਰਗੇ ਸਦਗੁਣ ਪੈਦਾ ਕੀਤੇ ਜਾ ਸਕਣ।"

ਉਕਤ ਵਿਚਾਰਾਂ ਦਾ ਪ੍ਰਗਟਾਵਾ ਪਿੰਗਲਵਾੜਾ ਚੈਰੀਟੇਬਲ ਸੰਸਥਾ ਦੇ ਮੁੱਖ ਸੇਵਾਦਾਰ ਡਾ: ਇੰਦਰਜੀਤ ਕੌਰ ਜੀ ਨੇ ਭਗਤ ਪੂਰਨ ਸਿੰਘ ਜੀ ਨੂੰ ਸਮਰਪਿਤ ਗੀਤ "ਭਗਤ ਪੂਰਨ ਸਿੰਘ" ਦਾ ਪੋਸਟਰ ਲੋਕ ਅਰਪਣ ਕਰਨ ਦੀ ਰਸਮ ਅਦਾ ਕਰਦਿਆਂ ਕੀਤਾ। ਜਿਕਰਯੋਗ ਹੈ ਕਿ ਐੱਮ ਪੀ 4 ਰਿਕਾਰਡਜ਼



ਅਤੇ ਮਨਜਿੰਦਰ ਗਿੱਲ ਮੰਜ (ਦੁਬਈ) ਦੀ ਪੇਸ਼ਕਸ ਇਸ ਗੀਤ ਨੂੰ ਸ਼ਬਦਾਂ ਦੀ ਲੜੀ 'ਚ ਮਨਦੀਪ ਖੁਰਮੀ ਹਿੰਮਤਪੁਰਾ ਨੇ ਪ੍ਰੋਇਆ ਹੈ ਤੇ ਆਵਾਜ਼ ਦਿੱਤੀ ਹੈ ਗਾਇਕ ਚਰਨਜੀਤ ਖੈੜੀਆ ਨੇ। ਸੁਲਝੇ ਸੰਗੀਤਕਾਰ ਨਿੰਮਾ ਵਿਰਕ ਦੀਆਂ ਧੁਨਾਂ ਨਾਲ ਸ਼ਿੰਗਾਰੇ ਇਸ ਗੀਤ ਦੇ ਵੀਡੀਓ ਨਿਰਦੇਸ਼ਕ ਦੇ ਫਰਜ਼ ਕ੍ਰਿਏਟਿਵ ਕ੍ਰਿਊ ਦੇ ਸੋਨੀ ਠੁੱਲੇਵਾਲ ਅਤੇ ਨਵੀਨ ਜੇਠੀ ਨੇ ਅਦਾ ਕੀਤੇ ਹਨ।

ਪਿੰਗਲਵਾੜਾ ਸੰਸਥਾ ਦੇ ਵਿਹੜੇ ਵਿੱਚ ਸਕੂਲੀ ਬੱਚਿਆਂ ਨੇ ਇਸ ਗੀਤ ਦੀ ਵੀਡੀਓ ਵਿੱਚ ਅਦਾਕਾਰਾਂ ਵਜੋਂ ਵਡਮੁੱਲਾ ਸਾਥ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਜ਼ਿੰਦਗੀ ਵਿੱਚ ਹਰ ਸੁਖ ਸਹੂਲਤ ਮਾਣਦੇ ਹੋਣ ਦੇ ਬਾਵਜੂਦ ਵੀ ਜ਼ਿੰਦਗੀ ਨਾਲ ਸਿਕਵੇ ਸ਼ਿਕਾਇਤਾਂ ਕਰਨ ਨਾਲੋਂ ਹਾਲਾਤਾਂ ਨਾਲ ਜੰਗ ਲੜਨੀ ਹੀ ਜਿੰਦਾਦਿਲ ਹੋਣ ਦਾ ਅਸਲ ਸਬੂਤ ਹੈ।

ਜਿਕਰਯੋਗ ਹੈ ਕਿ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ 2 ਅਗਸਤ ਨੂੰ ਪਿੰਗਲਵਾੜਾ ਦੇ ਸਕੂਲੀ ਬੱਚਿਆਂ ਦੀ ਪੇਸ਼ਕਾਰੀ ਮੌਕੇ ਇਹ ਗੀਤ ਲੋਕ ਅਰਪਣ ਕੀਤਾ ਜਾਵੇਗਾ। ਡਾ: ਇੰਦਰਜੀਤ ਕੌਰ ਜੀ ਨੇ ਇਸ ਗੀਤ ਨਾਲ ਜੁੜੇ ਹਰ ਸਖ਼ਸ਼ ਨੂੰ ਵਧਾਈ ਪੇਸ਼ ਕਰਨ ਦੇ ਨਾਲ ਨਾਲ ਸ਼ਾਬਾਸ਼ ਵੀ ਦਿੱਤੀ।

# ਮਾਸਟਰ ਮੇਜਰ ਸਿੰਘ ਨਾਭਾ ਦੀ ਸੇਵਾ ਮੁਕਤੀ ਤੇ ਸ਼ਾਨਦਾਰ ਵਿਦਾਇਗੀ ਪਾਰਟੀ

**ਸੰਗਰੂਰ–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਸੰਗਰੂਰ) ਵਿਖੇ ਤਕਰੀਬਨ 14 ਸਾਲ ਤੋਂ ਸੇਵਾ ਨਿਭਾ ਰਹੇ ਸ੍ਰ:ਮੇਜਰ ਸਿੰਘ ਸ.ਸ.ਮਾਸਟਰ ਨੂੰ ਉਨ੍ਹਾਂ ਦੀ ਸੇਵਾ ਮੁਕਤੀ ਤੇ ਸਾਦੀ ਅਤੇ ਪ੍ਰਭਾਵਸ਼ਾਲੀ ਵਿਦਾਇਗੀ ਪਾਰਟੀ ਸਮੂਹ ਸਟਾਫ ਵਲੋਂ ਦਿੱਤੀ ਗਈ।ਸ੍ਰ: ਲਛਮਣ ਸਿੰਘ ਨੇ ਸਵਾਗਤੀ ਭਾਸ਼ਣ ਪੜ੍ਹ ਕੇ ਪ੍ਰੋਗਰਾਮ ਦੀ ਸ਼ੁਰਆਤ ਕੀਤੀ। ਲੈਕਚਰਾਰ ਸ਼੍ਰੀ ਕੁਲਦੀਪ ਸਿੰਘ, ਸ੍ਰੀ ਸਿਵ ਕੁਮਾਰ, ਸ਼੍ਰੀ ਮਾਲਵਿੰਦਰ ਸਿੰਘ 'ਤੂਰ'ਅਤੇ ਮਾਸਟਰ ਪਵਨ ਕੁਮਾਰ ਵਲੋਂ ਸ੍ਰ: ਮੇਜਰ ਸਿੰਘ ਨਾਲ ਥੋੜੇ ਸਮੇਂ ਦੌਰਾਣ ਉਨ੍ਹਾਂ ਨਾਲ ਵਿਚਰੇ ਅਨੁਭਵਾਂ ਨੂੰ ਸਾਂਝੇ ਕਰਦੇ ਹੋਏ ਉਨ੍ਹਾਂ ਦੇ ਕੰਮ ਪ੍ਰਤੀ ਸਮਰਪਿਤ ਭਾਵਨਾ ਅਤੇ ਅਖਬਾਰਾਂ 'ਚ ਸਮਾਜਿਕ ਬੁਰਾਈਆਂ ਵਿੱਰੁਧ ਛਪਦੀਆਂ ਰਚਨਾਵਾਂ ਦੀ ਸਰਾਹਨਾ ਕੀਤੀ। ਸ੍ਰ: ਮਨਜੀਤ ਸਿੰਘ ਮੱਖ-ਅਧਿਆਪਕ ਸ. ਮਿ. ਸ. ਆਲੋਅਰਖ ਅਤੇ ਸ੍ਰ: ਹਰਮੇਲ ਸਿੰਘ ਨੇ ਵੀ ਉਨ੍ਹਾਂ ਦੇ ਸੁਭਾਅ ਦੀ ਪ੍ਰਸੰਸ਼ਾ ਕੀਤੀ। ਮੈਡਮ ਰਮਨਦੀਪ ਕੌਰ ਨੇ ਓਨ੍ਹਾਂ ਤੋਂ ਬਹੁਤ ਕੁਝ ਸਿੱਖਣ





ਦੀ ਗੱਲ ਕੀਤੀ। ਪ੍ਰਿੰਸੀਪਲ ਸ਼੍ਰੀਮਤੀ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਵਲੋਂ ਮੇਜਰ ਸਿੰਘ ਨਾਭਾ,ਓਹਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਰਾਜਵੰਤ ਕੌਰ, ਬੇਟੀਆਂ ਨਵਜੋਤ ਕੌਰ, ਸਿਮਰਜੀਤ ਕੌਰ, ਦਾਮਾਦ ਮਲਕੀਤ ਸਿੰਘ, ਦੋਹਤੀ ਏਕਨੂਰ ਕੌਰ ਅਤੇ ਮਾਤਾ ਸ਼੍ਰੀਮਤੀ ਸੁਰਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਮੇਜਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਸਕੂਲ ਨੂੰ ਦਸ ਕੁਰਸੀਆਂ ਦਾਨ ਵਜੋਂ ਦਿੱਤੀਆਂ।

ਉਨ੍ਹਾਂ ਵਲੋਂ ਇਸ ਮੌਕੇ ਸਕੂਲ ਦੇ ਬੱਚਿਆਂ ਨੂੰ ਪੈੱਨ ਵੰਡੇ ਗਏ। ਉਨ੍ਹਾਂ ਵਲੋਂ ਸਕੂਲ ਨੂੰ ਇਕਵੰਜਾ ਸੌ ਰੁਪਏ ਨਗਦ ਰਾਸ਼ੀ ਬੱਚਿਆਂ ਦੀਆਂ ਲੌੜਾਂ ਲਈ ਦਿੱਤੀ ਗਈ। ਗਿਆਰਾਂ-ਗਿਆਰਾਂ ਸੌ ਰੁਪਏ ਸ. ਪ. ਸ. ਮਾਝੀ, ਸ. ਮਿ. ਸ. ਆਲੋਅਰਖ ਅਤੇ ਸ. ਮਿ. ਸ. ਨਕਟੇ ਨੂੰ ਵੀ ਦਿੱਤੇ ਗਏ।

ਪਿੰਸੀਪਲ ਸ਼੍ਰੀਮਤੀ ਛਿੰਦਰਪਾਲ ਕੌਰ ਨੇ ਮੇਜਰ ਸਿੰਘ ਨਾਭਾ ਦੀਆਂ ਸਕੂਲ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸਰਾਹਨਾ ਕੀਤੀ ਅਤੇ ਸਕੂਲ ਦੀ ਕੀਤੀ ਮਦਦ ਲਈ ਧੰਨਵਾਦ ਕੀਤਾ। ਅੰਤ ਵਿੱਚ ਮੇਜਰ ਸਿੰਘ ਨਾਭਾ ਨੇ ਪ੍ਰਿੰਸੀਪਲ ਮੈਡਮ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਦਾ ਇਸ ਵਿਦਾਇਗੀ ਪਾਰਟੀ ਲਈ ਧੰਨਵਾਦ ਕੀਤਾ।

# ਖੂਨਦਾਨੀ ਰਣਜੀਤ ਸਿੰਘ ਜੀਤਾ ਦੀ ਯਾਦ 'ਚ ਲਗਾਇਆ ਖੂਨਦਾਨ ਕੈਂਪ

## ਇਲਾਕੇ ਦੀਆਂ ਸਮਾਜਿਕ ਜਥੇਬੰਦੀਆਂ ਵੱਲੋਂ ਖੂਨ ਦੇ 53 ਯੂਨਿਟ ਦਾਨ

**ਸਮਰਾਲਾ, (ਤਸਵਿੰਦਰ ਸਿੰਘ ਬੜੈਚ ਦੀਵਾਲਾ)–** ਸਮਰਾਲਾ ਇਲਾਕੇ ਦੀਆਂ ਸਮੂਹਿਕ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਖੂਨਦਾਨੀ ਰਣਜੀਤ ਸਿੰਘ ਜੀਤਾ ਦੀ ਯਾਦ 'ਚ ਪਹਿਲਾ ਖੂਨਦਾਨ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਸਮਰਾਲਾ ਸੋਸ਼ਲ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਇਹ ਖੂਨਦਾਨ ਕੈਂਪ ਰਾਜ ਪੁਰਸਕਾਰੀ ਅਤੇ ਯੁਵਕ ਸੇਵਾਵਾਂ ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਮੁੱਤੋਂ ਦੇ ਛੋਟੇ ਭਰਾ ਰਣਜੀਤ ਸਿੰਘ ਜੀਤਾ ਦੀ ਯਾਦ ਵਿੱਚ ਲਗਾਇਆ ਗਿਆ ਹੈ। ਇਸ ਕੈਂਪ ਵਿੱਚ ਸਿਵਲ ਹਸਪਤਾਲ ਲੁਧਿਆਣਾ ਦੀ ਬਲੱਡ ਬੈਂਕ ਟੀਮ ਵੱਲੋਂ 53 ਯੂਨਿਟ ਖੂਨ ਇਕੱਤਰ ਕੀਤਾ ਗਿਆ। ਕੈਂਪ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ





ਸਰਬੰਸ ਸਿੰਘ ਮਾਣਕੀ ਨੇ ਕਿਹਾ ਕਿ ਮਨੁੱਖੀ ਜ਼ਿੰਦਗੀਆਂ ਨੂੰ ਬਚਾਉਣ ਲਈ ਖੂਨ ਦਾ ਦਾਨ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਮਨੁੱਖੀ ਸਰੀਰ ਅੰਦਰ ਹੀ ਤਿਆਰ ਹੁੰਦਾ ਹੈ ਅਤੇ ਬਾਹਰੋਂ ਕਿਸੇ ਵੀ ਸਾਧਨ ਦੇ ਜ਼ਰੀਏ ਇਹ ਖੂਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਲਾਕੇ ਦੀਆਂ ਸਮਾਜਸੇਵੀ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਇਕਜੁੱਟਤਾ ਸਦਕਾ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿੱਚ ਲੋੜਵੰਦ ਮਰੀਜ਼ਾਂ ਨੂੰ ਖੂਨ ਦੀ ਪ੍ਰਾਪਤੀ ਅਸਾਨੀ ਨਾਲ ਹੋ ਜਾਂਦੀ ਹੈ। ਇਸ ਮੌਕੇ ਐਡਵੋਕੇਟ ਗਗਨਦੀਪ ਸ਼ਰਮਾ, ਰਾਜਵਿੰਦਰ ਸਮਰਾਲਾ, ਸੰਜੀਵ ਸਰੀਨ, ਗੁਰਪ੍ਰੀਤ ਸਿੰਘ ਬੇਦੀ, ਚਰਨਜੀਤ ਸਿੰਘ ਥੋਪੀਆ, ਸ਼ੰਕਰ ਕਲਿਆਣ, ਬਾਬਾ ਹਰਨੇਕ ਸਿੰਘ, ਅੰਮ੍ਰਿਤਪਾਲ, ਇੰਦਰੇਸ਼ ਜੈਦਕਾ, ਸੁਖਵਿੰਦਰ ਸਿੰਘ ਸੁੱਖਾ ਖੱਟਰਾਂ, ਦੀਪ ਦਿਲਬਰ, ਗੁਰਮੀਤ ਸਿੰਘ ਗੁਰੀ ਢੀਂਡਸਾ, ਸਰਵਣ ਸਿੰਘ, ਨਵਤੇਜ ਸਿੰਘ ਕੋਟਾਲਾ, ਹਰਮੇਸ਼ ਸਿੰਘ ਫ਼ੌਜੀ, ਅੰਤਰਜੋਤ ਸਿੰਘ, ਗੁਰਪ੍ਰੀਤ ਸਿੰਘ, ਗੋਗੀ ਵਡੇਰਾ ਆਦਿ ਹਾਜ਼ਰ ਸਨ।

# ਪੰਜਾਬੀ ਮਲਟੀਕਲਚਰਲ ਸੁਸਾਇਟੀ ਆਫ ਪਿਟਸਬਰਗ ਵੱਲੋਂ ਤੀਆਂ ਦਾ ਮੇਲਾ 21 ਜੁਲਾਈ ਨੂੰ



**ਪਿਟਸਬਰਗ (ਬਿਊਰੋ)-** ਪੰਜਾਬੀ ਮਲਟੀਕਲਚਰਲ ਸੁਸਾਇਟੀ ਆਫ ਪਿਟਸਬਰਗ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਤੀਆਂ ਦਾ ਮੇਲਾ 21 ਜੁਲਾਈ 2018 ਦਿਨ ਸ਼ਨਿਚਵਰਾਰ ਦੁਪਹਿਰ 1 ਵਜੇ ਤੋਂ ਸ਼ਾਮੀ 4 ਵਜੇ ਤੱਕ 300 Presidio Lane Pittsburg (CA) 94565 ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟਾਂ, ਲਾਈਵ ਡੀ. ਜੇ. ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ ਕਰੋ ਰੂਬੀ ਰਾਜੂ 925-550-1088, ਕਸ਼ਮੀਰ ਕੌਰ 925-329-9835, ਬਲਵੀਰ ਕੌਰ 915-864-3855, ਸੁਮਨ 925-219-599

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਪੀ.ਸੀ.ਐਸ.ਸੈਕਰਾਮੈਂਟੋ ਦੇ 18ਵੇਂ ਤੀਆਂ ਦੇ ਮੇਲੇ 'ਚ ਪੇਸ਼ ਕੀਤੇ ਸਭਿਆਚਾਰਕ ਰੰਗ!

## ਪੰਜਾਬੀ ਕਲਚਰਲ ਸੁਸਾਇਟੀ ਦੇ ਮੇਲੇ 'ਚੌਂ 350 ਕਲਾਕਾਰਾਂ ਨੇ ਹਿੱਸਾ ਲਿਆ

ਸੈਕਰਾਮੈਂਟੋ (ਬਿਊਰੋ)- ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋਂ ਵੱਲੋਂ 18ਵਾਂ ਤੀਆਂ ਦਾ ਮੇਲਾ ਐਤਵਾਰ 15 ਜੁਲਾਈ ਨੂੰ ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ ਵਿਖੇ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਮਿੱਥੇ ਗਏ ਸਮੇਂ ਅਨੁਸਾਰ ਸ਼ੁਰੂ ਹੋਏ ਇਸ ਮੇਲੇ 'ਚੋਂ ਮਡੈਸਟੋ, ਟਰਲਕ, ਸਟਾਕਟਨ, ਲੋਡਾਈ, ਐਲਕਗਰੋਵ, ਸੈਕਰਾਮੈਂਟੋਂ, ਰੋਜ਼ਵਿਲ, ਫੇਅਰਫੀਲਡ ਤੇ ਬੇ-ਏਰੀਆ ਤੋਂ ਸੈਂਕੜੇ ਦੀ ਗਿਣਤੀ 'ਚ ਮੁਟਿਆਰਾਂ, ਬੱਚੀਆਂ ਤੇ ਬੀਬੀਆਂ ਪੂਰੇ ਉਤਸ਼ਾਹ ਨਾਲ ਸੱਜ-ਧੱਜ ਕੇ ਪਹੁੰਚੀਆਂ। ਮੇਲੇ ਦੀਆਂ ਰੌਣਕਾਂ ਪੰਜਾਬ ਦੇ ਪਿੰਡਾਂ ਦੀਆਂ ਤੀਆਂ ਦੀ ਯਾਦ ਦਿਵਾ ਗਈਆਂ।

ਹਾਲ ਦੇ ਬਾਹਰ ਲੱਗੇ ਵੱਖ-ਵੱਖ ਸਟਾਲਾਂ ਦਾ ਨਜ਼ਾਰਾ ਵੇਖਣ ਵਾਲਾ ਸੀ। ਮੇਲੇ ਦੀ ਸ਼ੁਰੂਆਤ ਕਰਦਿਆਂ ਮੁਟਿਆਰਾਂ ਨੇ ਸਾਉਣ ਦੇ ਗੀਤ ਢੋਲਕੀ ਨਾਲ ਗਾ ਕੇ ਸਾਉਥ ਮਹੀਨੇ ਦੀਆਂ ਤੀਆਂ ਦਾ ਮਹੱਤਵ ਤੇ ਵਿਰਸਾ ਸਾਂਝਾ ਕੀਤਾ। ਇਸ ਤੋਂ ਬਾਅਦ ਸਟੇਜ ਸੰਚਾਲਿਕਾ ਮਨਦੀਪ ਫਰਵਾਲਾ ਨੇ ਪੰਜਾਬੀ ਕਲਚਰਲ ਸੁਸਾਇਟੀ ਦੇ 30 ਸਾਲ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਡਾ ਮਕਸਦ ਆਪਣੇ ਸਭਿਆਚਾਰ ਨੂੰ ਇੱਥੇ ਦੇ ਬੱਚਿਆਂ 'ਚੋਂ ਤੇ ਇੱਥੋਂ ਦੀ ਕਮਿਊਨਿਟੀ 'ਚ ਲਿਜਾਣ ਲਈ ਇਕ ਕੜੀ ਦਾ ਕੰਮ ਕਰ ਰਹੇ ਹਾਂ ਤੇ ਨਾਲ ਹੀ ਪੀ. ਸੀ. ਐਸ. ਦੀਆਂ ਨੰਨੀਆਂ ਬੱਚੀਆਂ ਦੀ ਟੀਮ ਨੂੰ ਸੱਦਾ ਦਿੱਤਾ। ਉਸ ਤੋਂ ਬਾਅਦ ਵਾਰੀ ਆਈ ਜੂਨੀਅਰ ਮਜਾਜਣਾਂ ਦੀ। ਪੀ. ਸੀ. ਐਸ. ਦੀਆਂ ਰੌਣਕਾਂ ਜੋ ਸਰੀਨਾਂ ਕੰਗ ਦੁਆਰਾ ਤਿਆਰ ਕੀਤਾ ਡਾਂਸ ਸੀ। ਉਸ ਤੋਂ ਬਾਅਦ ਰੌਣਕ ਵਿਹੜੇ ਦੀ ਪਰਨੀਤ। ਪੀ. ਸੀ. ਐਸ. ਦੀਆਂ ਸ਼ੁੱਧ ਪੰਜਾਬਣਾਂ ਨੇ ਨੱਚ ਕੇ ਧਮਾਲਾਂ ਪਾਈਆਂ। ਫਿਰ ਗਿੱਧੇ ਦੀ ਵਾਰੀ ਆਈ ਜੋ ਪੀ. ਸੀ. ਐਸ. ਦੀਆਂ ਔਰਤਾਂ ਨੇ ਸਟੇਜ ਨੂੰ ਕੰਬਣੀ ਛੇੜ ਦਿੱਤੀ।

ਫਿਰ ਦੋਗਾਣਾ ਅਮਨ ਸੰਧੂ ਤੇ ਅਮ੍ਰਿਤਾ ਡੌਡ ਦੁਆਰਾ ਪੇਸ਼ ਕੀਤਾ ਗਿਆ ਤੇ ਫਿਰ ਮਨਪ੍ਰੀਤ ਤੇਜਸਪ੍ਰੀਤ ਦੀ ਟੀਮ ਨੇ ਗਿੱਧੇ ਵਿਚ ਵਾਹ-ਵਾਹ ਖੱਟੀ। ਫਿਰ ਇਕ ਬਹੁਤ ਹੀ ਮਜਾਕੀਆ ਡਿਊਟ ਸਿਮਰਨ ਤੇ ਰੋਜ਼ੀ ਸੰਧੂ ਨੇ ਪੇਸ਼ ਕੀਤਾ। ਫਿਰ ਭੰਗੜੇ ਦੀ ਵਾਰੀ ਆਈ ਜੋ ਰੋਜ਼ੀ ਸੰਧੂ ਦੁਆਰਾ ਤਿਆਰ ਕੀਤਾ ਗਿਆ ਸੀ। ਇਕ ਹੋਰ ਡਿਊਟ ਮਾਝੇ ਦੀਏ ਮੋਮਬੱਤੀਏ ਗਾ ਕੇ ਵਾਹ-ਵਾਹ ਖੱਟੀ। ਫਿਰ ਵਾਰੀ ਆਈ ਡਾਂਸ ਗਰੁੱਪ ਦੀ ਜੋ ਕਿ ਇਕ ਬਹੁਤ ਹੀ ਵਧੀਆ ਪੇਸ਼ਕਸ਼ ਸੀ। ਫਿਰ ਇਕ ਹੋਰ ਡਾਂਸ ਨੇ ਵਾਹਵਾ ਖੱਟੀ। ਫਿਰ ਇਕ ਗਿੱਘੇ ਦੀ ਵਾਰੀ ਆਈ ਜੋ ਕਿ ਨੂਰ ਜੈਜ ਤੇ ਪ੍ਰੀਤ ਦੀ ਟੀਮ ਨੇ ਇਕ ਬਹੁਤ ਹੀ ਵਧੀਆ ਪੇਸ਼ਕਸ਼ ਕੀਤੀ। ਫਿਰ ਵਾਰੀ ਆਈ ਦਲਜੀਤ ਤੇ ਰੂਪ ਦੀ, ਜਿਹਨਾਂ ਦੋਗਾਣਾ ਗਾ ਕੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਇਸ ਸਾਲ ਮੇਲੇ 'ਚੋਂ ਵਣਜਾਰਨਾਂ ਦਾ ਗੀਤ ਪੇਸ਼ ਕਰਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ।

ਇਹ ਆਈਟਮ ਆਉਂਦੇ ਸਾਲ ਤੱਕ ਯਾਦ ਰਹੇਗੀ। ਜਨਮੀਨ ਫਰਵਾਲਾ, ਅਮਨ, ਸਿਮਰਨ, ਬਲਜੀਤ ਤੇ ਰੋਜ਼ੀ ਦੁਆਰਾ ਪੇਸ਼ ਕੀਤੀ ਗਈ। ਇਸ ਮੇਲੇ 'ਚ ਰੁਪਿੰਦਰ ਕੌਰ, ਸਰੀਨਾ ਕੰਗ, ਰੋਜ਼ੀ ਸੰਧੂ ਤੇ ਦਲਜੀਤ ਕੌਰ ਨੂੰ ਪੀ. ਸੀ. ਐਸ. ਵੱਲੋਂ ਸਨਮਾਨਿਤ ਕੀਤਾ ਗਿਆ, ਕਿਉਂਕਿ ਇਹ ਦੱਸਣਾ ਜ਼ਰੂਰੀ ਹੈ ਕਿ ਇਹਨਾਂ 2 ਮਹੀਨੇ ਕੈਂਪ ਲਗਾ ਕੇ ਇਹ ਸਾਰੇ ਕਲਾਕਾਰਾਂ ਨੂੰ ਤਿਆਰ ਕੀਤਾ। ਅਸੀਂ ਆਪਣੀ ਕਮਿਊਨਿਟੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਾਂ। ਮੇਲੇ ਦਾ ਇਕੱਠ ਦੇਖ ਕੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਾਰਾ ਸ਼ਹਿਰ ਇੱਥੇ ਹੀ ਆਇਆ ਹੋਇਆ ਹੈ।

ਬੋਲੀਆਂ ਪਾ ਕੇ ਦਿਲਾਂ ਦੇ ਗੁਬਾਰ ਵੀ ਕੱਢੇ ਤੇ ਪੰਜਾਬੀ ਜੀਵਨ ਜਾਚ ਨੂੰ ਉਜਾਗਰ ਕਰਦੀਆਂ ਬੋਲੀਆਂ ਪਾ ਕੇ ਨੱਚ-ਨੱਚ ਧਰਤੀ ਵੀ ਹਿਲਾਈ। ਉਪਰੰਤ ਸਾਰਿਆਂ ਨੂੰ ਨੱਚਣ ਦਾ ਸੱਦਾ ਦਿੱਤਾ। ਡੀ. ਜੇ. ਉਪਰ ਉਪਰ ਸਾਰਿਆਂ ਦੇ ਪੈਰ ਥਿਰਕੇ, ਆਈਆਂ ਸੁਆਣੀਆਂ ਤੇ ਮੁਟਿਆਰਾਂ ਨੇ ਨੱਚ-ਨੱਚ ਕੇ ਨੱਚਣ ਦੇ ਚਾਅ ਪੂਰੇ ਕੀਤੇ।

ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ 6 ਵਜੇ ਤੱਕ 4 ਘੰਟੇ ਨਿਰੰਤਰ ਚੱਲੇ ਇਸ ਸਮਾਗਮ ਦਾ ਸਟੇਸ ਸੰਚਾਲਨ ਮਨਦੀਪ ਕੌਰ ਫਰਵਾਲਾ ਨੇ ਬਾਖੂਬੀ ਕੀਤਾ। ਇਸ ਮੇਲੇ ਨੂੰ ਕਾਮਯਾਬ ਕਰਨ ਵਿਚ ਹੇਠ ਲਿਖੇ ਕਮੇਟੀ ਮੈਂਬਰਾਂ ਦੇ ਸਹਿਯੋਗ ਦੁਆਰਾ ਹੀ ਸੰਪੂਰਨ ਹੋ ਨਿੱਬੜਿਆ, ਉਹ ਹਨ ਹਰਪ੍ਰੀਤ ਸਹੋਤਾ, ਦਲਜੀਤ ਗਿੱਲ, ਰਜਵਿੰਦਰ ਪੂਨੀ, ਕਮਲ ਢਿੱਲੋਂ, ਪਰਦੀਪ ਪੂਨੀ, ਭਵਨਦੀਪ ਕੌਰ, ਰਾਜਵੀਰ ਕੌਰ, ਰੂਪ ਢਿੱਲੋਂ, ਸਿਮਰਨ ਸੰਧੂ, ਅਮਨ ਕੌਰ, ਸੁਰਿੰਦਰ ਗਿੱਲ, ਰਾਣੀ ਬਿੰਦਰਾ, ਰੁਪਿੰਦਰ ਕੌਰ, ਰਾਣੀ ਸਰਹੱਦੀ, ਤਜਿੰਦਰ ਕੌਰ, ਕੀਰਤਲ ਵਿਰਕ, ਹਰਮਿੰਦਰ ਕੌਰ, ਪਰਮਜੀਤ ਕੌਰ, ਇੰਦਰਪਾਲ ਕਾਹਲੋਂ, ਪਰਮਜੀਤ ਔਲਖ, ਹਰਪ੍ਰੀਤ ਕੌਰ, ਉਪਿੰਦਰ ਮੱਲ੍ਹੀ, ਬਲਜੀਤ ਕੌਰ, ਜਸਮੀਨ ਸੰਘੇੜਾ, ਸਰਬਜੀਤ ਕੌਰ, ਰੋਜ਼ੀ ਸੰਧੂ, ਜਸਮੀਨ ਕੌਰ ਤੇ ਮਨਦੀਪ ਫਰਵਾਲਾ ਆਦਿ।

ਅਖੀਰ 'ਚ ਮਨਦੀਪ ਫਰਵਾਲਾ ਨੇ ਆਈਆਂ ਪੈਣਾਂ, ਮਾਵਾਂ ਤੇ ਬੱਚੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੇਲੇ ਲੱਗਦੇ ਰਹਿਣ, ਆਪਾਂ ਮਿਲਦੇ ਰਹੀਏ। ਯਾਦ ਰਹੇ ਕਿ ਅਗਲੇ ਸਾਲ ਇਸੇ ਹਾਲ 'ਚ ਵਿਸਾਖੀ ਦਾ ਮੇਲਾ 18 ਮਈ ਤੇ ਤੀਆਂ ਦਾ ਮੇਲਾ 14 ਜੁਲਾਈ ਨੂੰ ਹੋਵੇਗਾ।

ਹੱਸਦੇ ਰਹੋ ਵੱਸਦੇ ਰਹੋ ਆਪਣੇ ਵਿਰਸੇ ਨੂੰ ਤੇ ਮਾਂ-ਬੋਲੀ ਨੂੰ ਹ ਮੇਸ਼ਾ ਯਾਦ ਰੱਖੋ।





















# ਸ੍ਰੀ ਰਾਮ ਮੂਰਤੀ ਸਰੋਏ ਦਾ ਸਨਮਾਨ




**ਮਿਲਪੀਟਸ (ਬਿਊਰੋ)–** ਬੀਤੇ ਦਿਨੀਂ ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ (ਕੈਲੇਫੋਰਨੀਆ) ਵਿਖੇ 2018 ਕਮਿਊਨਿਟੀ ਹੀਰੋਜ਼ ਐਵਾਰਡ ਸਮਾਗਮ ਕੀਤਾ ਗਿਆ। ਜਿਸ ਵਿਚ ਵੱਖ-ਵੱਖ ਕਮਿਊਨਿਟੀ ਆਗੂਆਂ ਦਾ ਸਨਮਾਨ ਕੀਤਾ ਗਿਆ, ਜਿਹਨਾਂ ਵਿਚ ਉਘੇ ਬਿਜਨਸਮੈਨ ਤੇ ਸਮਾਜ ਸੇਵਕ ਸ੍ਰੀ ਰਾਮ ਮੂਰਤੀ ਸਰੋਏ ਨੂੰ ਅਸੈਂਬਲੀ ਮੈਂਬਰ ਕੈਨਸੇਨ ਚੂਅ ਨੇ ਸਨਮਾਨਿਤ ਕੀਤਾ। ਇਹ ਜਾਣਕਾਰੀ ਸ੍ਰੀ ਸਰੋਏ ਜੀ ਨੇ 'ਦੇਸ਼ ਦੁਆਬਾ' ਨਾਲ ਸਾਂਝੀ ਕੀਤੀ।

**ਅਦਾਰਾ 'ਦੇਸ਼ ਦੁਆਬਾ' ਸ੍ਰੀ ਸਰੋਏ ਜੀ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ**



ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਤ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer

ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

**GLOBAL SOLUTION FOR TRANSPORTATION**
(A PAPERLESS SOLUTION FOR TRUCKING)

RAJINDER SINGH  LAKHVIR SINGH

email: info@etruckingsolution.com • www.etruckingsolution.com



# L.A. MERCHANDISE
**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

New folding bed verities

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla  Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free





ਮਨਜੀਤ ਕੌਰ

Email: mkaur@farmersagent.com

# FARMERS INSURANCE

Auto, Home, Business, Commercial, Rental, Workecomp, Life, Health etc.

Manjit Kaur Insurance Agency

Cell: 916-412-5222
Tel: 916-550-0318
Fax: 916-891-5109

COVERED CALIFORNIA

7651 Daly Ave, Suite Sacramento CA 95842



**Buying, Selling any Kind of Real Estate or just need friendly advice call**

RE/MAX

**DALVIR 'DIL' NIJJAR**

916-628-2210

Dil.realtor@gmail.com

2081 Arena Blvd. @ 100 Sacramento CA 95835



Realtor, Lic # 01418648



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh

# ਪੰਜਾਬੀਉ! ਮਸਲੇ ਵਿਚਾਰੋ, ਕੀ ਹੋਵੇ – "ਏਜੰਡਾ ਪੰਜਾਬ"



**ਕੇਹਰ ਸ਼ਰੀਫ**
+49 173 3546050

ਬਚਪਨ ਤੋਂ ਗੱਲਾਂ / ਗੀਤ ਸੁਣਦੇ ਆ ਰਹੇ ਹਾਂ – ਰੰਗਲੇ ਪੰਜਾਬ ਦੀਆਂ। ਪਰ ਹੁਣ ਇਸ ਰੰਗਲੇ ਪੰਜਾਬ ਨੂੰ "ਕੰਗਲੇ ਪੰਜਾਬ" (ਜਿਵੇਂ ਹੁਣ ਕਿਹਾ ਜਾਂਦਾ ਹੈ) ਵਿਚ ਬਦਲਣ ਦਾ ਦੋਸ਼ੀ ਕੌਣ ਹੈ? ਇਹ ਸਫਰ ਬਹੁਤ ਲੰਬਾ ਹੈ। ਦੋਸ਼ੀ ਬਹੁਤ ਸਾਰੀਆਂ ਧਿਰਾਂ ਹੋ ਸਕਦੀਆਂ ਹਨ। ਪਰ ਸੋਚਣਾ ਤਾਂ ਪਵੇਗਾ ਹੀ ਕਿ ਇਹ "ਭਾਣਾ" ਕਿਵੇਂ ਤੇ ਕਿਉਂ ਵਾਪਰਿਆ? ਪੰਜਾਬ ਚੌਤਰਫੇ ਹਮਲੇ ਥੱਲੇ ਕਿਵੇਂ ਅੱਪੜਿਆ ? ਆਈ ਬਿਪਤਾ ਦੇਖ ਕੇ ਵੀ ਪੰਜਾਬੀ ਸਮੇਂ ਸਿਰ ਜਾਗਣ ਤੋਂ ਅਵੇਸਲੇ ਕਿਉਂ ਰਹੇ? ਸਾਡੇ ਬੁੱਧੀਜੀਵੀ ਕੱਛੂਕੁੰਮੇ ਦੀ ਜੂਨੇ ਪੈ ਕੇ ਆਪਣੀ "ਅਣਖੀ ਗਰਦਣ" ਲਕੋ ਕੇ ਕਿਉਂ ਜੀਵਨ ਬਸਰ ਕਰਨ ਲੱਗੇ ਕਿ ਉਨ੍ਹਾਂ ਨੂੰ "ਤੱਤੀ ਵਾਅ" ਨਾ ਲੱਗੇ– ਜਿਨ੍ਹਾਂ ਲੋਕਾਂ ਦੇ ਦੁੱਖਾਂ ਦਰਦਾਂ ਬਾਰੇ ਪੰਜਾਬੀਆਂ ਨੂੰ ਸੁਚੇਤ ਕਰਦਿਆਂ, ਪੰਜਾਬ ਨੂੰ ਜਗਾ ਕੇ ਮਸਲੇ ਹੱਲ ਕਰਨ ਦਾ ਰਾਹ ਦੱਸਣਾ ਸੀ – ਉਹ ਅਵੇਸਲੇ ਕਿਉਂ ਹੋ ਗਏ, ਵਕਤ ਸਿਰ ਜਾਗੇ ਕਿਉਂ ਨਾ? ਲੋਕਾਂ ਨੂੰ ਜਗਾਇਆ ਕਿਉਂ ਨਾ? ਸਦਾ ਹੀ ਆਮ ਲੋਕਾਂ, ਕਿਰਤੀਆਂ-ਮਿਹਨਤਕਸ਼ਾਂ ਦੇ ਭਲੇ ਵਾਸਤੇ ਲੜਨ ਵਾਲੀਆਂ ਖੱਬੀਆਂ ਧਿਰਾਂ ਆਪਸ ਵਿਚ ਹੀ ਕਿਉਂ ਉਲਝੀਆਂ ਰਹੀਆਂ? ਕਾਮੇ ਕਿਰਤੀਆਂ ਦੀ ਕੋਈ ਵੀ ਸਾਂਝੀ ਲੋਕ ਲਹਿਰ ਕਿਉਂ ਨਾ ਉਸਾਰ ਸਕੀਆਂ? ਆਪ ਵੀ ਇਕੱਠੀਆਂ ਨਾ ਹੋ ਸਕੀਆਂ। ਪੰਜਾਬ ਲੁੱਟਿਆ /ਕੁੱਟਿਆ ਜਾਂਦਾ ਰਿਹਾ ਪਰ ਰਾਖੀ ਕਰਨ ਵਾਲੀਆਂ ਲੋਕ ਧਿਰਾਂ ਵੰਡੀਆਂ ਹੋਈਆਂ ਇਕ ਦੂਜੇ ਦਾ ਵਿਰੋਧ ਕਰਦੀਆਂ ਰਹੀਆਂ। ਦਰਅਸਲ ਇਹ ਪੰਜਾਬ ਵਾਸਤੇ, ਆਪਣੇ ਹੱਕਾਂ ਖਾਤਰ ਲੜਾਕੂ ਸੁਭਾਅ ਵਾਲੇ ਰਵਾਇਤੀ ਪੰਜਾਬੀ ਸੁਭਾਅ ਦੇ ਹਾਣ ਦੇ ਨਾਂ ਹੋ ਸਕੇ। ਸਮਾਂ, ਅਜੇ ਵੀ ਪੰਜਾਬ ਖਾਤਰ ਲੜਨ ਵਾਲੇ ਲੋਕਾਂ ਵਲ ਦੇਖ ਰਿਹਾ ਹੈ। ਕਿਸੇ ਵੀ ਸਾਂਝੀ ਲੋਕ ਲਹਿਰ ਦੇ ਆਸਰੇ ਹੱਕਾਂ ਖਾਤਰ ਲੜਨ ਤੋਂ ਬਿਨਾਂ ਪੰਜਾਬ ਨੇ ਮੁੜ ਟਹਿਕਣਾ ਨਹੀਂ। ਇਹ ਕੰਮ ਸਿਰਫ ਸਰਕਾਰ ਦਾ ਹੀ ਨਹੀਂ ਹਰ ਪੰਜਾਬੀ ਇਸ ਵਿਚ ਆਪਣੇ ਢੰਗ ਨਾਲ ਸ਼ਾਮਲ ਹੋਵੇ- ਸਰਕਾਰ ਲੋਕਾਂ ਦੀ ਮੱਦਦ ਲਵੇ।

ਪੰਜਾਬ ਅੰਦਰ ਲੰਬੇ ਸਮੇਂ ਤੋਂ ਲੋਕਤੰਤਰੀ ਪ੍ਰਣਾਲੀ ਰਾਹੀਂ ਚੁਣੇ ਜਾਣ ਤੋਂ ਬਾਅਦ ਜਿੱਤਦੇ ਸਿਆਸੀ ਨੇਤਾ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਅਤੇ ਵਾਰੋ-ਵਾਰੀ ਸਰਕਾਰਾਂ ਚਲਾਉਣ ਵਾਲੀਆਂ ਪਾਰਟੀਆਂ ਆਮ ਕਰਕੇ ਆਪਣੇ ਤੇ ਆਪਣੇ 'ਕੋੜਮੇ' ਦਾ ਬਹੁਤਾ ਫਿਕਰ ਕਰਦੇ ਰਹੇ ਹਨ। ਇਹੀ ਪਾਰਟੀਆਂ ਪੰਜਾਬ ਨੂੰ ਇੱਥੋਂ ਤੱਕ ਪਹੁੰਚਾਉਣ ਦੀਆਂ ਮੁੱਖ ਦੋਸ਼ੀ ਹਨ। ਲੋਕਾਂ ਨਾਲ ਕੀਤੇ ਵਾਅਦੇ ਵਫਾ ਨਾ ਹੋਏ, ਸਗੋਂ ਉਨ੍ਹਾਂ ਨੂੰ "ਸੇਵਾ" ਦੇ ਝੂਠ ਥੱਲੇ ਦੱਬੀ ਰੱਖਿਆ। ਪੰਜਾਬੀਆਂ ਦੇ ਹੱਥੋਂ ਕਿਉਂ ਗੁਆਚ ਗਈ "ਸਰਬੱਤ ਦੇ ਭਲੇ ਵਾਲੀ ਮਾਨਸਿਕਤਾ"? ਇਸ ਕਰਕੇ ਹੀ ਪੰਜਾਬ ਆਪਣੀ ਟਹਿਕ ਗੁਆ ਗਿਆ ਤੇ ਲੋਕ ਇਸਨੂੰ ਫਿਲਮਾਂ ਰਾਹੀ "ਉਡਤਾ ਪੰਜਾਬ" ਕਹਿਣ ਤੱਕ ਪਹੁੰਚ ਗਏ। ਜਿਸ ਨਾਲ ਪੰਜਾਬ ਦਾ ਸਿਰ ਝੁਕਿਆ, ਨੀਵਾਂ ਹੋਇਆ। ਪੰਜਾਬ ਦੇ ਸਿਰ ਨਸ਼ੇੜੀ ਹੋਣ ਦਾ ਕਲੰਕ ਲਾ ਦਿੱਤਾ ਗਿਆ। ਇਸ ਦਾ ਜੁੰਮੇਵਾਰ ਕੌਣ ਸੀ, ਇਸ ਵਿਚ ਕਿੰਨਾ ਸੱਚ ਤੇ ਕਿੰਨਾ ਝੂਠ ਸੀ ਨਿਖੇੜਿਆ ਨਾ ਗਿਆ। ਹਾਕਮਾਂ ਨੂੰ ਇਹ ਤਾਂ ਦੱਸਣਾ ਹੀ ਪਵੇਗਾ – ਕਿ ਰੰਗਲੇ ਪੰਜਾਬ ਨੂੰ "ਚਿੱਟਾ" ਕਿਹੜੀਆਂ ਸ਼ਕਤੀਆਂ ਨੇ ਕੀਤਾ ? ਜਿਨ੍ਹਾਂ ਦੇ ਜੁੰਮੇ ਰੋਕਣ ਦੀ ਜੁੰਮੇਵਾਰੀ ਸੀ ਉਨ੍ਹਾਂ ਨੇ ਕਿਉਂ ਨਾ ਰੋਕਿਆ – ਪੰਜਾਬ ਦੇ ਪੁੱਤਾਂ ਦੀਆਂ ਅਜਾਈਂ ਜਾਨਾਂ ਗਵਾ ਦਿੱਤੀਆਂ।

ਪਿਛਲੇ ਲੰਬੇ ਸਮੇਂ ਤੋਂ ਅਜਿਹਾ ਕਿਉਂ ਹੋਇਆ ਕਿ ਪੰਜਾਬ ਤੇ ਇਥੋਂ ਦੇ ਮਿਹਨਤੀ ਲੋਕ ਗਰੀਬ ਹੁੰਦੇ ਗਏ ਤੇ ਸਿਆਸਤਦਾਨ ਅਮੀਰ ਤੋਂ ਅਮੀਰ ਹੁੰਦੇ ਗਏ। ਉਨ੍ਹਾਂ ਦਾ ਕਿਸੇ ਨੇ ਲੇਖਾ-ਜੋਖਾ ਕਿਉਂ ਨਾ ਕੀਤਾ? ਇਸ ਕਰਕੇ ਇਹ ਕੁੱਝ ਬਿਨਾ ਰੋਕ-ਟੋਕ ਚੱਲੀ ਗਿਆ ਕਿ ਚੋਰ ਤੇ ਕੁੱਤੀ ਰਲੇ ਹੋਏ ਸਨ? ਇਸ ਬਾਰੇ ਕੋਈ ਨਿਰਪੱਖ ਕਮਿਸ਼ਨ ਬਣੇ ਜੋ 6 ਮਹੀਨੇ ਤੋਂ ਇਕ ਸਾਲ ਦੇ ਅੰਦਰ ਅੰਦਰ ਪਿਛਲੇ 15 ਕੁ ਸਾਲ ਦੇ ਸਮੇਂ ਅੰਦਰ ਆਮਦਨ ਤੋਂ ਸੈਕੜੇ ਗੁਣਾਂ ਵੱਧ ਜਾਇਦਾਦ ਬਨਾਉਣ ਵਾਲਿਆਂ ਪੰਜਾਬ ਦੇ ਸਿਆਸਤਦਾਨਾਂ/ ਅਫਸਰਸ਼ਾਹਾਂ ਤੇ ਹੋਰ ਵੀ ਕਈਆਂ ਦੀਆਂ ਜਾਇਦਾਦਾਂ ਨੂੰ ਲੱਭ (ਜੋ ਔਖਾ ਕੰਮ ਨਹੀਂ) ਕੇ ਸਾਰੀਆਂ ਜਾਇਦਾਦਾਂ ਨੀਲਾਮ ਕਰੇ, ਇਸ ਨਾਲ ਪੰਜਾਬ ਦਾ ਕੁੱਲ ਕਰਜਾ ਉੱਤਰ ਸਕਦਾ ਹੈ। ਇਹ ਕਿਵੇਂ ਹੋਇਆ ਕਿ ਕੱਲ੍ਹ ਤੱਕ ਜਿਹੜੇ ਸਾਈਕਲ ਖਰੀਦਣ ਜੋਗੇ ਨਹੀਂ ਸਨ- ਉਨ੍ਹਾਂ ਦਾ ਨਾਂ ਸੈਕੜੇ ਕਰੋੜਾਂ ਦੀਆਂ ਜਾਇਦਾਦਾਂ ਵਾਲਿਆ ਵਿਚ ਬੋਲਦਾ ਹੈ। ਲੋਕ ਤਾਂ ਆਮ ਹੀ ਗੱਲਾਂ ਕਰਦੇ ਹਨ – ਸਰਕਾਰਾਂ ਨੂੰ ਇਸ ਦਾ ਕਿਉਂ ਨਹੀਂ ਪਤਾ ਲਗਦਾ। ਵਿਧਾਨਕਾਰਾਂ ਵਾਸਤੇ ਸਾਲ ਮਗਰੋਂ ਨਹੀਂ ਹਰ 6 ਮਹੀਨੇ ਬਾਅਦ ਆਮਦਨ ਖਰਚ ਦਾ ਹਿਸਾਬ ਪੇਸ਼ ਕਰਨਾ ਲਾਜ਼ਮੀ ਹੋਵੇ – ਜਿਸ ਦੀ ਜਾਂਚ ਕਰਕੇ ਰਿਪੋਰਟ ਜਨਤਕ ਵੀ ਕੀਤੀ ਜਾਵੇ।

ਪੰਜਾਬ ਨੂੰ ਪਿਆਰ ਕਰਨ ਵਾਲੇ ਸੂਝਵਾਨ, ਜਾਗਰੂਕਾਂ ਨੇ ਹੁਣੇ ਜਹੇ "ਚਿੱਟੇ ਦੇ ਵਿਰੋਧ ਵਿਚ ਕਾਲਾ-ਹਫਤਾ – ਮਰੋ ਜਾਂ ਵਿਰੋਧ ਕਰੋ" ਦਾ ਸੱਦਾ ਦਿੱਤਾ- ਨਸ਼ਿਆਂ ਦੇ ਵਿਰੋਧੀ ਪੰਜਾਬ ਦਰਦੀ ਲੋਕਾਂ ਨੇ ਵੱਡਾ ਹੁੰਗਾਰਾ ਭਰਿਆ, ਇਹ ਲਹਿਰ ਲਗਾਤਾਰ ਅੱਗੇ ਵਧਦੀ ਵੇਖ ਸਰਕਾਰ ਨੇ ਵਿਚ ਹੀ "ਡੋਪ ਟੈਸਟ" ਵਾਲਾ ਬੇ-ਮਤਲਬਾ "ਜੁਮਲਾ" ਰੋੜ੍ਹ ਦਿੱਤਾ। ਸਰਕਾਰ ਨੂੰ ਚਾਹੀਦਾ ਹੈ ਕਿ "ਠੇਕੇ ਦੀਆਂ ਬੋਤਲਾਂ" ਵਿਚੋਂ ਮਿਲਦੇ ਟੈਕਸ ਨਾਲ ਸਾਹ ਨਾ ਲਵੇ ਠੇਕਿਆਂ ਤੇ ਵਿਕਦਾ ਨਸ਼ਾ ਵੀ ਬੰਦ ਕਰਨ ਦਾ ਸੋਚੇ, ਨਹੀਂ ਤਾਂ ਡੋਪ ਟੈਸਟ ਦਾ ਅਰਥ ਹੀ ਕੋਈ ਨਹੀਂ। ਨਸ਼ਿਆਂ ਦੇ ਖਿਲਾਫ ਉੱਠੀ ਲਹਿਰ ਜਾਰੀ ਰਹੇ ਤਾਂ ਪੰਜਾਬ ਦੇ ਉਜਲੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਅਗਲਾ ਫੌਰੀ ਚੁੱਕਣ ਵਾਲਾ ਕਦਮ ਹੈ ਕਿ ਨਸ਼ਿਆਂ ਦੇ ਸਮਗਲਰਾਂ ਦੀਆਂ ਜਾਇਦਾਦਾਂ ਦੀ ਤੇਜੀ ਨਾਲ ਘੋਖ ਪੜਤਾਲ ਕਰਕੇ- ਇਹ ਸਾਬਤ ਹੋ ਜਾਣ 'ਤੇ ਕਿ ਜਾਇਦਾਦਾਂ ਮਾੜੇ ਧੰਦਿਆਂ ਨਾਲ ਬਣਾਈਆਂ ਗਈਆਂ ਹਨ ਤੁਰੰਤ ਜਬਤ ਕੀਤੀਆਂ ਜਾਣ। ਪੰਜਾਬ ਬਚੇਗਾ ਤੇ ਮਾੜੇ ਧੰਦੇ ਵਾਲਿਆਂ ਨੂੰ ਸੁਨੇਹਾ ਜਾਵੇਗਾ ਕਿ ਉਹ ਇਹ ਰਾਹ ਛੱਡਣ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਦਿੱਤਾ ਹੈ ਹਾਕਮਾਂ ਦੇ ਝੂਠੇ ਅਤੇ ਧੋਖੇ ਭਰੇ ਲਾਰਿਆਂ ਵੱਲ ਦੇਖਦਿਆਂ- ਲੋਕਾਂ ਵਲੋਂ ਦਿੱਤੀ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ ਪੰਜਾਬ ਅਤੇ ਪੰਜਾਬੀ ਲੁੱਟੇ ਗਏ ਗਰੀਬ ਹੋ ਗਏ। ਪੰਜਾਬ ਦੀ ਨੌਜਵਾਨ ਪੀੜੀ ਠੱਗੀ ਗਈ – ਕਿਸਾਨ, ਮਜ਼ਦੂਰ , ਮੁਲਾਜ਼ਮ ਹਰ ਤਬਕੇ ਨੂੰ ਬਰਬਾਦੀ ਵਾਲੇ ਰਾਹ ਵੱਲ ਧੱਕ ਦਿੱਤਾ ਗਿਆ। ਭ੍ਰਿਸ਼ਟਾਚਾਰ ਹਾਕਮਾਂ ਦੀ ਹਿੱਸੇਦਾਰੀ ਤੋਂ ਬਿਨਾਂ ਇਕ ਦਿਨ ਵੀ ਨਹੀਂ ਚੱਲ ਸਕਦਾ। ਅਫਸਰ ਕਦੇ ਵੀ ਭ੍ਰਿਸ਼ਟ ਨਹੀਂ ਹੋ ਸਕਦਾ ਜੇ ਉਸਦਾ ਸਿਆਸੀ ਆਕਾ ਹਿੱਸਾ-ਪੱਤੀ ਮੰਗਣ ਵਾਲਾ ਬੇਈਮਾਨ ਨਾ ਹੋਵੇ। ਮੰਤਰੀਆਂ-ਸੰਤਰੀਆ ਦੀ ਇਸ ਹਿੱਸੇਦਾਰੀ ਨੂੰ ਸਮਝ ਕੇ ਲੋਕਾਂ ਨੂੰ ਵੀ ਸਮਝਾਉਣਾ ਪਵੇਗਾ, ਜਾਗਣਾ ਪਵੇਗਾ।

ਹਰ ਵਾਰ ਹੀ ਚੋਣਾਂ ਲੰਘਾ ਕੇ ਅਗਲੀਆਂ ਚੋਣਾਂ ਦੀ ਉਡੀਕ ਕਰਨ ਲੱਗ ਪੈਣਾ ਇਹ ਭਲਾਂ ਕਿੱਥੋਂ ਦਾ ਲੋਕ ਰਾਜ ਕਿਹਾ ਜਾ ਸਕਦਾ ਹੈ? ਲੋਕ ਰਾਜ ਤਾਂ ਲੋਕਾਂ ਦੀ ਰਾਜ-ਕਾਜ ਵਿਚ ਰੋਜ਼ਾਨਾ ਦੀ ਸ਼ਮੂਲੀਅਤ ਹੀ ਹੋ ਸਕਦੀ ਹੈ। ਆਜ਼ਾਦੀ ਤੋਂ ਅੱਜ ਤੱਕ ਇਸ ਪਾਸੇ ਕੋਈ ਕਦਮ ਨਹੀਂ ਪੁੱਟਿਆ ਗਿਆ। ਆਮ ਲੋਕ ਵੋਟ ਬਾਰੇ ਕਿੰਨਾ ਜਾਣਦੇ ਹਨ – ਸਿਆਸੀ ਪਾਰਟੀਆਂ ਇਸ ਬਾਰੇ ਲੋਕਾਂ ਨੂੰ ਸੁਚੇਤ ਹੋਣ ਹੀ ਨਹੀਂ ਦੇਣਾ ਚਾਹੁੰਦੀਆਂ। ਹਰ ਵਾਰ ਪਿਛਲੀਆਂ ਚੋਣਾਂ ਵਿਚ ਕੀਤੇ ਵਾਅਦੇ ਭੁੱਲ ਕੇ ਨਵੇਂ ਨਾਅਰੇ ਘੜ ਕੇ ਵੋਟਾਂ 'ਲੁੱਟਣਾ' ਹੀ ਸਿਆਸੀ ਪਾਰਟੀਆਂ ਦਾ 'ਧਰਮ' (ਤੇ ਸ਼ੁਗਲ) ਹੋ ਗਿਆ ਜਾਪਦਾ ਹੈ। ਇਸ ਨੂੰ ਬਦਲੇ ਬਿਨਾਂ ਲੋਕਤੰਤਰ ਦੀ ਰਾਖੀ ਨਹੀਂ ਹੋ ਸਕਦੀ। ਸਵਾਲ ਹੈ ਰਾਖੀ ਕਰੇਗਾ ਕੌਣ? ਜਵਾਬ ਹੈ – ਤੁਸੀਂ, ਲੋਕ !!

ਲੋਕ ਰਾਜ ਹਾਕਮਾਂ ਦਾ ਨਹੀਂ, ਲੋਕਾਂ ਦਾ ਹੁੰਦਾ ਹੈ- ਹਾਕਮ ਥੋੜ ਚਿਰੇ – ਕੱਚੇ ਸੇਵਾਦਾਰ ਹੁੰਦੇ ਹਨ। ਇੱਥੇ ਸੋਚਣ ਦੀ ਗੱਲ ਹੈ ਕਿ ਕੋਈ ਵਿਅਕਤੀ 30-35 ਜਾਂ ਇਸ ਤੋਂ ਵੀ ਵੱਧ ਸਾਲ ਕੰਮ ਕਰਦਾ ਹੈ ਸੇਵਾਮੁਕਤੀ ਤੋਂ ਬਾਅਦ ਉਸਨੂੰ ਪੈਨਸ਼ਨ ਕਿਉਂ ਨਾ ਮਿਲੇ? ਜਦੋਂ ਕਿ ਕਿਸੇ ਵਿਧਾਨਕਾਰ ਜਾਂ ਸੰਸਦ ਮੈਂਬਰ (ਜੋ ਸਰਕਾਰੀ ਮੁਲਾਜਮ ਵੀ ਨਹੀਂ ਹੁੰਦਾ- ਕੱਚਾ (ਸਮਾਂ ਵੱਧ) ਸੇਵਾਦਾਰ ਹੁੰਦਾ ਹੈ ਉਹ ਕਿਸੇ ਵਿਧਾਨ ਸਭਾ ਜਾਂ ਪਾਰਲੀਮੈਂਟ ਵਿਚ ਸਿਰਫ ਪੰਜ ਸਾਲ ਬੈਠ ਕੇ ਕਿਉਂ ਤੇ ਕਿਵੇਂ ਜ਼ਿੰਦਗੀ ਭਰ ਵਾਸਤੇ ਮੋਟੀ ਰਕਮ ਦੇ ਰੂਪ ਵਿਚ ਪੈਨਸ਼ਨ ਲੈਣ ਦਾ ਹੱਕਦਾਰ ਬਣ ਜਾਂਦਾ ਹੈ? ਇਹ ਵੀ ਲੋਕਾਂ ਨੂੰ ਦੱਸਿਆ ਜਾਵੇ ਕਿ ਉਹ ਆ-ਪਣੀਆਂ ਤਨਖਾਹਾਂ-ਭੱਤਿਆਂ ਵਿਚੋਂ ਕਿੰਨੇ ਪੈਸੇ ਆਪਣੀ ਪੈਨਸ਼ਨ ਦੇ ਕਟਵਾਉਂਦੇ ਹਨ) ਅਜਿਹੇ "ਸੇਵਾਦਾਰ" ਕਿਉਂ ਆਪਣੀ ਤਨਖਾਹ ਜਾਂ ਹੋਰ ਸੱਖ-ਸਹੂਲਤਾਂ ਵੀ ਆਪ ਹੀ ਮਿੱਥਣ? ਅਜਿਹੇ ਕੱਚੇ ਸੇਵਾਦਾਰਾਂ ਵਾਸਤੇ ਕਿਉਂ ਨਾ ਕੋਈ ਤਨਖਾਹ/ ਭੱਤਾ ਕਮਿਸ਼ਨ ਜਾਂ ਅਜਿਹੀ ਸੰਸਥਾ ਹੋਵੇ ਜੋ ਉਨ੍ਹਾਂ ਨੂੰ ਮਿਲਣ ਵਾਲੇ "ਸੇਵਾ ਫਲ" ਦਾ ਫੈਸਲਾ ਕਰੇ। ਚੋਣਾਂ ਲੜਨ ਵਾਲੇ ਲੋਕ ਸੇਵਾ ਕਰਨ ਦਾ ਵਚਨ ਦੇ ਕੇ ਚੋਣਾਂ ਲੜਦੇ ਹਨ – ਚੋਣਾਂ ਜਿੱਤਦਿਆਂ ਹੀ ਆਜ਼ਾਦੀ ਤੋਂ ਪਹਿਲਾਂ ਵਾਲੀਆਂ ਰਿਆਸਤਾਂ ਦੇ ਰਾਜਿਆਂ ਵਰਗੇ ਵਿਹਾਰ ਦੇ ਚਾਲ-ਚਲਣ ਵਾਲੇ ਬਣ ਜਾਂਦੇ ਹਨ। ਲੋਕਾਂ ਨੂੰ ਪੁੱਛੇ ਬਿਨਾਂ ਹੀ ਸਭ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਦੇ ਹਨ। ਦੁਨੀਆਂ ਦੀ ਹਰ ਸਹੂਲਤ ਉਹ ਮਾਣਦੇ ਹਨ – ਕਿਉਂ? ਕੀ ਹਰ ਮਿਹਨਤਕਸ਼ ਨਾਗਰਿਕ ਨੂੰ ਉਹ ਸਹੂਲਤਾਂ ਪ੍ਰਾਪਤ ਹਨ ਜੋ ਸਾਡੇ ਅੱਜ ਦੇ "ਚੁਣੇ ਹੋਏ" ਲੋਕ ਨੁਮਾਂਇੰਦੇ (ਅਖੌਤੀ ਸੇਵਾਦਾਰ) ਮਾਣਦੇ ਹਨ ?- ਜੇ ਨਹੀਂ ਤਾਂ ਇਹ "ਸੁਪਰ ਨਾਗਰਿਕ" ਕਿਸ "ਸੰਵਿਧਾਨਕ ਮਰਿਆਦਾ" ਅਧੀਨ ਅਣਗਿਣਤ ਸੁੱਖ-ਸੁਵਿਧਾਵਾਂ ਮਾਣਦੇ ਹਨ। ਇਹ ਵੀ ਤਾਂ ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ।

ਵਿਧਾਨਕਾਰ "ਮਨਮਰਜ਼ੀ" ਪੱਧਰ ਦੀਆਂ ਸਿਹਤ ਸੇਵਾਵਾਂ ਕਿਉਂ ਮਾਣਦੇ ਹਨ? ਕਿਉਂ ਉਨ੍ਹਾਂ ਨੂੰ ਦੇਸ ਪ੍ਰਦੇਸ ਜਿੱਥੇ ਉਹ ਚਾਹੁਣ ਇਲਾਜ ਕਰਵਾਉਣ ਦੀਆਂ ਸਹੂਲਤਾਂ ਮਿਲਦੀਆਂ ਹਨ – ਕੀ ਹਰ ਨਾਗਰਿਕ ਲਈ ਇਹ ਸਹੂਲਤਾਂ ਹਨ? ਜੇ ਨਹੀਂ ਤਾਂ ਕਿਉਂ ਨਹੀਂ? ਵਿਧਾਨਕਾਰਾਂ ਵਾਸਤੇ ਇਹ ਲਾਜ਼ਮੀ ਕੀਤਾ ਜਾਵੇ ਕਿ ਬੀਮਾਰੀ ਵੇਲੇ ਉਨ੍ਹਾਂ ਦਾ ਇਲਾਜ ਵੀ ਆਮ ਨਾਗਰਿਕਾਂ ਵਾਂਗ ਸਿਰਫ ਸਰਕਾਰੀ ਹਸਪਤਾਲ ਵਿਚ ਹੀ ਹੋਵੇ, ਕਿਉਂਕਿ ਸੰਵਿਧਾਨ ਹਰ ਸ਼ਹਿਰੀ ਨੂੰ ਬਰਾਬਰ ਸਮਝਦਾ ਹੈ। ਜੇ ਉਹ ਪ੍ਰਾਈਵੇਟ ਹਸਪਤਾਲ ਜਾਂ ਪਰਦੇਸ ਵਿਚ ਇਲਾਜ ਕਰਵਾਉਣਾ ਚਾਹੁਣ ਤਾਂ ਲੋਕਾਂ ਦੇ ਪੈਸੇ ਨਾਲ ਨਹੀਂ ਉਹ ਆਪਣੇ ਪੈਸੇ ਨਾਲ ਕਰਵਾਉਣ। ਲੋਕ ਰਾਜ ਨਾਲ ਕੀਤਾ ਜਾ ਰਿਹਾ ਇਹ ਮਖੌਲ ਬੰਦ ਹੋਣਾ ਚਾਹੀਦਾ ਹੈ।

ਹਾਕਮਾਂ ਨੂੰ ਚਾਹੀਦਾ ਹੈ ਕਿ ਚੋਣਾਂ ਵੇਲੇ ਆਪਣੇ ਵਲੋਂ ਕੀਤੇ ਵਾਅਦੇ ਨਿਭਾਉਣ – (ਜੋ ਅੱਜ ਤੱਕ ਕਦੇ ਵੀ ਨਿਭਾਏ ਨਹੀਂ ਗਏ ਪਰ ਹਕੂਮਤਾਂ ਕਰਨ ਵਾਲੇ ਇਹ ਮੰਨਣ ਲਈ ਤਿਆਰ ਨਹੀਂ) ਇਹ ਉਨ੍ਹਾਂ ਦੀ ਕਾਨੂੰਨੀ ਤੇ ਇਖਲਾਕੀ ਜੁੰਮੇਵਾਰੀ ਬਣ ਜਾਂਦੀ ਹੈ। ਜੇ ਉਹ ਅਜਿਹਾ ਨਹੀਂ ਕਰਦੇ ਜਾਂ ਆਪਣੇ ਹੀ ਕੀਤੇ ਵਾਅਦੇ ਨੂੰ "ਜੁਮਲਾ" ਆਖ ਕੇ ਲੋਕਾਂ ਨੂੰ ਟਰਕਾ ਦੇਣ ਤਾਂ ਅਜਿਹੀ ਸਥਿਤੀ ਵਿਚ ਕੋਈ ਨਾ ਕੋਈ ਕਾਨੂੰਨੀ ਨਿਯਮ ਬਨਾਉਣੇ ਚਾਹੀਦੇ ਹਨ ਕਿ ਕੋਈ ਵੀ ਸਿਆਸੀ ਧਿਰ ਅਜਿਹਾ ਨਾ ਕਰ ਸਕੇ। ਇਸ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਦੇਸ਼ ਦੇ ਸੂਝਵਾਨਾਂ / ਬੁੱਧੀਜੀਵੀਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਬਹਿਸ ਛੇੜਨੀ ਚਾਹੀਦੀ ਹੈ।

ਵਿਰੋਧੀ ਸਿਆਸੀ ਪਾਰਟੀਆਂ ਵਲੋਂ ਹਕੂਮਤ ਦੇ ਗਲਤ ਫੈਸਲਿਆਂ ਬਾਰੇ ਵਿਰੋਧ ਹੀ ਨਹੀਂ ਕਰਨਾ ਹੁੰਦਾ ਸਗੋਂ ਸਰਕਾਰ ਦੀਆਂ ਲੋਕ ਵਿਰੋਧ ਦੀਆਂ ਨੀਤੀਆਂ ਦੇ ਵਿਰੋਧ ਵਿਚ ਲੋਕ ਪੱਖੀ ਬਦਲਵੀਆਂ ਨੀਤੀਆ ਦਾ ਖਾਕਾ ਵੀ ਲੋਕਾਂ ਅਤੇ ਸਰਕਾਰਾਂ ਅੱਗੇ ਪੇਸ਼ ਕਰਨਾ ਹੁੰਦਾ ਹੈ ਤਾਂ ਜੋ ਲੋਕ ਪੱਖੀ, ਲੋਕਤੰਤਰੀ ਨੀਤੀਆਂ ਬਨਾਉਣ ਵਿਚ ਮੱਦਦ ਹੋ ਸਕੇ। ਹੁਣ ਮਸਲਿਆਂ ਦੀ ਸਿਰਫ ਚਿੰਤਾ ਹੀ ਕਾਫੀ ਨਹੀਂ ਸਗੋਂ ਚਿੰਤਨ ਕਰਨਾ ਤੇ ਹੱਲ ਦੱਸਣਾ ਜਰੂਰੀ ਹੈ। (ਇਹਨੂੰ ਕਹਿੰਦੇ ਹਨ ਜੀ ਬਦਲਵੀਂ ਸਿਆਸਤ) ਪਰ ਰਿਵਾਜ਼ ਹੀ ਪੈ ਗਿਆ ਕਿ ਵਿਰੋਧ ਭਰਿਆ ਬਿਆਨ ਜਾਂ ਦੋ-ਚਾਰ ਲੀਰਾਂ ਦੇ ਪੁਤਲੇ ਬਣਾ ਕੇ ਕਿਸੇ ਲੀਡਰ ਦਾ ਨਾਂ ਰੱਖ ਕੇ ਫੂਕ ਦੇਣ ਨਾਲ ਹੀ ਸਬਰ ਕਰ / ਕਰਾ ਲਿਆ ਜਾਂਦਾ ਹੈ। ਇਹ ਰਾਹ ਆਪਣੇ ਆਪ ਨਾਲ ਧੋਖਾ ਹੈ। ਲੋਕਾਂ ਦੀ ਸ਼ਕਤੀ ਨੂੰ ਅਜਾਈਂ ਨਸ਼ਟ ਕਰਨਾ ਵੀ ਹੈ। ਇਸ ਦੀ ਥਾਂ ਲੋਕਾਂ ਨੂੰ ਲੋਕਤੰਤਰ ਬਾਰੇ ਸਿੱਖਿਅਤ ਕਰਨਾ ਪਵੇਗਾ।

ਕਿਸਾਨੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਪਿਛਲੇ ਲੰਬੇ ਸਮੇਂ ਤੋਂ ਕਰਜ਼ਾ ਮਾਰੇ ਕਿਸਾਨਾਂ ਦੀਆਂ ਬਹੁਤ ਖੁਦਕੁਸ਼ੀਆਂ ਹੋਈਆਂ ਹਨ। ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਵਾਰਾਂ ਦੀਆਂ ਮੁਸੀਬਤਾਂ ਪਹਿਲਾਂ ਤੋਂ ਵੀ ਵਧ ਗਈਆਂ ਹਨ। ਖੁਦਕੁਸ਼ੀਆਂ ਵਾਲੇ ਪਾਸਿਉਂ ਕਿਸਾਨਾਂ ਨੂੰ ਰੋਕਣ ਵਾਸਤੇ ਬਹੁਤੇ ਗੰਭੀਰ ਜਤਨ ਨਹੀਂ ਹੋਏ – ਜੋ ਹੋਣੇ ਚਾਹੀਦੇ ਹਨ। ਸਰਕਾਰਾਂ ਔਖੀਆਂ ਹਾਲਤਾਂ ਹੰਢਾ ਰਹੇ ਕਿਸਾਨਾਂ ਦੀਆਂ ਮੱਦਦਗਾਰ ਹੋਣ। ਸਰਕਾਰੀ ਬਿਆਨਾਂ ਨੂੰ ਅਮਲ ਵਿਚ ਵੀ ਲਿਆਉਣਾ ਚਾਹੀਦਾ ਹੈ। ਕਿਸਾਨ-ਮਜਦੂਰ ਰਲ ਕੇ ਬਹੁਤ ਮਿਹਨਤ ਕਰਦੇ ਹਨ ਪਰ ਫਸਲ / ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲੇ ਤੇ ਜੀਊਣ ਯੋਗ ਹਾਲਤਾਂ ਵੀ ਮਿਲਣ। ਦੁੱਖਾਂ ਦੇ ਮਾਰੇ ਉਹ ਜੂਨ ਪੂਰੀ ਹੀ ਨਾ ਕਰਨ – ਖੁਸ਼ੀ ਨਾਲ ਜਿੰਦਗੀ ਹੰਢਾਉਣ। ਸਮਾਜਿਕ ਪੱਖੋਂ ਹਾਲਾਤ ਬਦਲਣ ਵਾਸਤੇ ਕਿਸਾਨ ਆਪ ਵੀ ਜਤਨ ਕਰਨ। ਸਮਾਜਿਕ ਕਾਰਜਾਂ (ਵਿਆਹਾਂ, ਮਰਨਿਆਂ/ਪਰਨਿਆਂ 'ਤੇ) ਦੇ ਖਰਚੇ ਘਟਾਉਣੇ ਪੈਣਗੇ। ਵਿਆਹਾਂ ਨੂੰ ਮੇਲੇ ਨਹੀਂ ਪਰਵਾਰਕ ਕਾਰਜ ਹੀ ਰੱਖਣਾ ਚਾਹੀਦਾ ਹੈ। ਇਸ ਵਾਸਤੇ ਮੈਰਿਜ ਪੈਲਸਾਂ ਦੇ ਖਰਚੇ ਛੱਡ ਕੇ ਜੰਞਘਰਾਂ ਦੀ ਵਰਤੋਂ ਹੋ ਸਕਦੀ ਹੈ ਜੋ ਸਸਤੀ ਹੋਵੇਗੀ।

ਧਰਤੀ ਅਤੇ ਵਾਤਾਵਰਣ ਨੂੰ ਬਚਾਉਣ ਵਾਸਤੇ ਕਿਸੇ ਪਾਸਿਉਂ ਕੋਈ ਚੰਗੀ ਅਗਵਾਈ ਨਹੀਂ ਮਿਲ ਰਹੀ। ਪੰਜਾਬ ਅੰਦਰ ਪਾਣੀ ਦਾ ਸੰਕਟ ਹਰ ਰੋਜ਼ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਯੁਨੈਸਕੋ ਜਿਸਦਾ ਭਾਰਤ ਵੀ ਮੈਂਬਰ ਹੈ ਸਰਕਾਰਾਂ ਵਲੋਂ ਨਾਗਰਿਕਾਂ ਲਈ ਦਿੱਤਾ ਜਾਣ ਵਾਲਾ ਸਾਫ ਤੇ ਸ਼ੁੱਧ ਪਾਣੀ ਵੀ ਮਨੁੱਖੀ ਅਧਿਕਾਰਾਂ ਵਿਚ ਗਿਣਦੀ ਹੈ। ਕੀ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਪ੍ਰਦੂਸ਼ਿਤ / ਗੰਦਾ, ਜ਼ਹਿਰਾਂ ਰਲਿਆਂ ਪਾਣੀ ਦੇ ਕੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਨਹੀਂ ਕਰ ਰਹੀਆਂ? ਇਸ ਬਾਰੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਵੀ ਸਰਗਰਮ ਹੋ ਕੇ ਲੋਕਾਂ ਨਾਲ ਖੜ੍ਹਨਾ ਪਵੇਗਾ ਤੇ ਸਰਕਾਰਾਂ ਨੂੰ ਇਸ ਬਿਪਤਾ ਤੋਂ ਨਿਯਾਤ ਪਾਉਣ ਵਾਸਤੇ ਸੁਝਾਅ ਦੇਣੇ ਚਾਹੀਦੇ ਹਨ। ਫੇਰ ਸਰਕਾਰਾਂ ਉਨ੍ਹਾਂ ਸੁਝਾਵਾਂ 'ਤੇ ਅਮਲ ਕਰਨ।

ਨਾਲ ਹੀ ਕਿਸਾਨੀ ਨੇ ਜੇ ਪੰਜਾਬ ਨੂੰ ਬੰਜਰ ਹੋਣੋਂ ਬਚਾਉਣਾ ਹੈ ਤਾਂ ਝੋਨਾ ਲਾਉਣਾ ਉਦੋਂ ਤੱਕ ਬੰਦ ਕਰਨਾ ਚਾਹੀਦਾ ਹੈ ਜਦੋਂ ਤੱਕ ਘੱਟ ਤੋਂ ਘੱਟ ਪਾਣੀ ਨਾਲ ਝੋਨਾ ਪਾਲਣ ਵਾਲਾ ਕੋਈ ਬੀਜ ਜਾਂ ਤਕਨੀਕ ਨਹੀਂ ਆ ਜਾਂਦੀ। ਅਗਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਮਹਿਰੂਮ ਨਾ ਕਰੋ। ਨਾਲ ਹੀ ਸਰਕਾਰ ਫਸਲਾਂ ਬਾਰੇ ਬਦਲਵੀਂ ਕਿਸਾਨ ਪੱਖੀ ਨੀਤੀ ਬਣਾਵੇ ਕਿ ਜਿਹੜੇ ਕਿਸਾਨ ਬਦਲਵੀਆਂ ਫਸਲਾਂ ਬੀਜਣ ਉਨ੍ਹਾਂ ਫਸਲਾਂ ਦੀ ਖਰੀਦਾਰੀ ਦੀ ਸਰਕਾਰ ਵਲੋਂ 100 ਫੀਸਦੀ ਗਰੰਟੀ ਕੀਤੀ ਜਾਵੇ- ਬਦਲਵੀਂ ਫਸਲ ਵਿਚ ਘਾਟਾ ਪੈਣ ਦੀ ਸੂਰਤ ਵਿਚ ਸਰਕਾਰ ਕੋਈ ਫੰਡ ਕਾਇਮ ਕਰਕੇ ਕਿਸਾਨਾਂ ਦਾ ਘਾਟਾ ਪੂਰਾ ਕਰੇ, ਇਸ ਨਾਲ ਪੰਜਾਬ ਵਿਚ ਲਗਾਤਾਰ ਪੈਦਾ ਹੁੰਦੇ ਜਾ ਰਹੇ ਪਾਣੀ ਦੇ ਸੰਕਟ ਤੋਂ ਬਚਣ ਦਾ ਰਾਹ ਵੀ ਮਿਲ ਸਕਦਾ ਹੈ।

ਸਾਡੇ ਦੇਸ਼ ਵਿਚ ਜੁਰਮਾਂ ਨਾਲ ਸਿੱਝਣ ਵਾਸਤੇ ਬਿਨਾਂ ਸੋਚੇ ਹੀ ਮੰਗ ਕਰ ਦਿੱਤੀ ਜਾਂਦੀ ਹੈ- 'ਇਹਦੇ ਵਾਸਤੇ ਮੌਤ ਦੀ ਸਜ਼ਾ ਦਾ ਕਾਨੂੰਨ ਬਣਾਉ'। ਇਹ ਗਲਤ ਰਾਹ ਹੀ ਕਿਹਾ ਜਾ ਸਕਦਾ। ਦੁਨੀਆਂ ਵਿਚ ਮੌਤ ਦੀ ਸਜ਼ਾ ਖਤਮ ਕਰਨ ਦੀ ਲਹਿਰ ਚੱਲ ਰਹੀ ਹੈ। ਮੌਤ ਦੀ ਸਜ਼ਾ ਕਿਸੇ ਮਸਲੇ ਦਾ ਹੱਲ ਨਹੀਂ !!- "ਸਟੇਟ" ਨੂੰ ਕਿਸੇ ਦੀ ਜਾਨ ਲੈਣ ਦਾ ਹੱਕ ਵੀ ਨਹੀਂ ਹੋਣਾ ਚਾਹੀਦਾ। ਅਸੀਂ ਮੱਧਯੁੱਗ ਵਿਚ ਨਹੀਂ ਰਹਿ ਰਹੇ। ਇਹ 21 ਵੀਂ ਸਦੀ ਅਤੇ ਸੱਭਿਆ ਸਮਾਜ ਦੀ ਨਿਸ਼ਾਨੀ ਵੀ ਨਹੀਂ ਕਹੀ ਜਾ ਸਕਦੀ। ਹਾਂ, ਸਰਕਾਰ ਵਲੋਂ ਇਸ ਤਰ੍ਹਾਂ ਦੀਆਂ ਖੋਖਲੀਆਂ ਗੱਲਾਂ ਕਰਕੇ ਲੋਕਾਂ ਅੰਦਰ ਭੰਬਲਭੂਸਾ ਪੈਦਾ ਕੀਤਾ ਜਾ ਸਕਦਾ ਹੈ। ਮਸਲੇ ਤਾਂ ਸਾਹਮਣੇ ਹਨ ਹੱਲ ਸੱਭਿਅਕ ਹੋਣਾ ਚਾਹੀਦਾ ਹੈ। ਮੌਤ ਦੀ ਸਜ਼ਾ ਦੇ ਥਾਵੇਂ ਉਮਰ ਭਰ ਵਾਸਤੇ ਸਖ਼ਤੀ ਵਾਲੀ ਲਟਕਵੀਂ ਕੈਦ ਕਿਉਂ ਨਹੀਂ ਸੋਚੀ ਜਾ ਸਕਦੀ- ਮੁਜਰਮ ਵੀ ਤਿਲ ਤਿਲ ਹੋ ਕੇ ਮਰੇ, ਕੀਤੇ ਜੁਰਮ ਦੀ ਸਜ਼ਾ ਭੁਗਤੇ।

– ਲੋਕੋ ਜਾਗੋ – ਆਪਣਾ ਏਕਾ ਕਰੋ- ਫ਼ਰਜ਼ ਤਾਂ ਤੁਸੀਂ ਨਿਭਾ ਰਹੇ ਹੋ – ਆਪਣੇ ਹੱਕਾਂ ਬਾਰੇ ਵੀ ਜਾਣੋ ਤੇ ਸੁਚੇਤ ਹੋਵੋ।

-ਮਸਲਿਆਂ ਦੀ ਬੁਨਿਆਦ ਜਾਣਕੇ ਉਨ੍ਹਾਂ ਦਾ ਹੱਲ ਦੱਸਣਾ ਜਰੂਰੀ ਹੈ।

– ਪੰਜਾਬੀਆਂ ਨੂੰ ਪੰਜਾਬੀ ਤੇ ਪੰਜਾਬੀਅਤ (ਪੰਜਾਬ ਦੀ ਹਸਤੀ) ਨਾਲੋਂ ਤੋੜਨ ਦੇ ਜਤਨ ਹੋ ਰਹੇ ਹਨ- ਪੰਜਾਬ ਵਿਚ ਪੂਰਨ ਤੌਰ ਤੇ ਪੰਜਾਬੀ ਬੋਲੀ

ਤੇ ਪੰਜਾਬੀ ਭਾਸ਼ਾ ਨੂੰ ਪਰਫੁਲਤ ਕਰਨ ਵਾਸਤੇ, ਪੰਜਾਬੀ ਭਾਸ਼ਾ ਐਕਟ ਪੂਰਨ ਤੌਰ 'ਤੇ ਲਾਗੂ ਕਰਵਾਉਣ ਦੇ ਜਤਨ ਕਰਨੇ।

– ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਵਿਗਿਆਨਕ ਤਰੀਕੇ ਨਾਲ ਪੰਜਾਬੀ ਭਾਸ਼ਾ ਵਿਚ ਮਿਆਰੀ ਸਿੱਖਿਆ ਦਾ ਪਰਬੰਧ ਕਰਨਾ। ਅਤੇ ਹੱਥੀਂ ਕੰਮ ਕਰਨ ਵਾਲੀ ਤਕਨੀਕ ਦਾ ਗਿਆਨ ਦੇਣਾ- ਸਭ ਤੋਂ ਵੱਡੀ ਗੱਲ ਕਿ ਕੰਮ ਦਾ ਸੱਭਿਆਚਾਰ ਮੁੜ ਪੈਦਾ ਕਰਨਾ ਹੈ।

– ਸਮਾਜ ਦੇ ਹਰ ਵਿਅਕਤੀ ਵਾਸਤੇ ਬਰਾਬਰ ਵਿਦਿਆ + ਸਿਹਤ ਤੇ ਹੋਰ ਜੀਊਣਯੋਗ ਸਹੂਲਤਾਂ ਦੇਣ ਦਾ ਪ੍ਰਬੰਧ ਕਰਨਾ।

– ਪੜ੍ਹਾਈ ਖਤਮ ਹੁੰਦਿਆਂ ਹੀ ਹਰ ਕਿਸੇ ਨੂੰ ਉਸਦੀ ਯੋਗਤਾ ਅਨੁਸਾਰ ਰੁਜ਼ਗਾਰ ਦੇਣਾ ਲਾਜ਼ਮੀ ਹੋਵੇ। ਰੁਜ਼ਗਾਰ ਨਾ ਮਿਲਣ ਦੀ ਹਾਲਤ ਵਿਚ

ਬੇਰੁਜ਼ਗਾਰੀ ਦੇ ਸਮੇਂ ਗੁਜ਼ਾਰੇ ਯੋਗ ਭੱਤਾ ਦਿੱਤਾ ਜਾਵੇ। ਇਸ ਨਾਲ ਨੌਜਵਾਨ ਬੇਗਾਨਗੀ ਦੀ ਭਾਵਨਾ ਦੇ ਸ਼ਿਕਾਰ ਹੋਣੋਂ ਬਚ ਜਾਣਗੇ।

– ਕਿਸਾਨਾਂ- ਮਜ਼ਦੂਰਾਂ ਭਾਵ ਹਰ ਮਿਹਨਤਕਸ਼ ਨੂੰ ਮਿਹਨਤ ਦਾ ਪੂਰਾ ਮੁੱਲ ਦੇਣਾ। ਬਾਅਦ ਵਿਚ ਹਰ ਕਾਮੇ ਨੂੰ ਪੈਨਸ਼ਨ ਮਿਲੇ ਤਾਂ ਕਿ ਕਿਸੇ ਨੂੰ ਵੀ ਬੁਢਾਪੇ ਵਿਚ ਆਪਣੇ ਹੀ ਬੱਚਿਆਂ ਜਾਂ ਕਿਸੇ ਦੂਸਰੇ ਦੇ ਹੱਥਾਂ ਵਲ ਦੇਖਣਾ ਨਾ ਪਵੇ। ਭਾਵ ਕਿ ਵੈੱਲਫੇਅਰ ਸਟੇਟ ਹੋਵੇ।

– ਹਰ ਕਾਮੇ ਵਾਸਤੇ ਪੈਨਸ਼ਨ ਦਾ ਪ੍ਰਬੰਧ ਕਰਨ ਨਾਲ ਭ੍ਰਿਸ਼ਟ-ਾਚਾਰ ਵੀ ਘੱਟ ਕੀਤਾ ਜਾ ਸਕਦਾ ਹੈ। ਫੇਰ ਕਿਸੇ ਨੂੰ ਗਲਤ ਰਾਹ ਅਪਣਾ ਕੇ

ਰੀਟਾਇਰ ਹੋਣ ਤੋਂ ਬਾਅਦ ਦੇ ਸਮੇਂ ਵਾਸਤੇ ਗਲਤ ਢੰਗਾਂ ਨਾਲ ਮਾਇਆ ਇਕੱਠੀ ਨਹੀਂ ਕਰਨੀ ਪਵੇਗੀ।

– ਟਰਾਂਸਪੋਰਟ ਅਜਿਹਾ ਖੇਤਰ ਹੈ ਜਿੱਥੋਂ ਸਰਕਾਰ ਨੂੰ ਬਹੁਤ ਆਮਦਨ ਹੋ ਸਕਦੀ ਹੈ – ਪਰ ਪਹਿਲਾਂ ਟਰਾਂਸਪੋਰਟ ਦੀ ਨੀਤੀ ਬਦਲ ਕੇ 90 ਫੀਸਦੀ ਸਰਕਾਰੀ ਅਤੇ 10 ਫੀਸਦੀ ਪ੍ਰਾਈਵੇਟ ਵਾਲੀ ਵੰਡ ਕਰਨੀ ਬਹੁਤ ਜਰੂਰੀ ਹੈ। ਸਰਕਾਰ ਸਿਰਫ ਧਨਾਢਾਂ ਨੂੰ ਪਾਲਣਾ ਬੰਦ ਕਰੇ।

– ਪੰਜਾਬ ਅੰਦਰ ਭਾਰੀ ਸਨਅਤ ਦੇ ਨਾਲ ਹੀ ਖੇਤੀਬਾੜੀ ਅਧਾਰਤ ਸਨਅਤ ਦਾ ਨਿਰਮਾਣ ਤੇ ਪਸਾਰ ਖੇਤੀ ਸੰਕਟ ਤੋਂ ਬਾਹਰ ਨਿਕਲਣ ਵਿਚ ਸਹਾਈ ਹੋ ਸਕਦਾ ਹੈ – ਲੋੜ ਹੈ ਸਰਕਾਰ ਵਲੋਂ ਲੋਕਾਂ ਦੇ ਭਲੇ ਵਾਲੀ ਇੱਛਾਸ਼ਕਤੀ ਦੀ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਦਿੱਤਾ ਹੈ ਹਾਕਮਾਂ ਦੇ ਝੂਠੇ ਅਤੇ ਧੋਖੇਭਰੇ ਲਾਰਿਆਂ ਵੱਲ ਦੇਖਦਿਆਂ- ਜਿਸ ਸਮੇਂ ਅੰਦਰ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ ਪੰਜਾਬ ਅਤੇ ਪੰਜਾਬੀ ਲੁੱਟੇ ਗਏ। ਪੰਜਾਬ ਦੀ ਨੌਜਵਾਨ ਪੀੜੀ ਠੱਗੀ ਗਈ – ਬਰਬਾਦੀ ਦੇ ਰਾਹੇ ਪਾਈ ਗਈ। ਭ੍ਰਿਸ਼ਟਾਚਾਰ ਹਾਕਮਾਂ ਦੀ ਹਿੱਸੇਦਾਰੀ ਤੋਂ ਬਿਨਾਂ ਇਕ ਦਿਨ ਵੀ ਨਹੀਂ ਚੱਲ ਸਕਦਾ। ਇਸ ਹਿੱਸੇਦਾਰੀ ਨੂੰ ਹਾਕਮ ਲੈਣਾ ਬੰਦ ਕਰ ਦੇਣ ਤਾਂ ਇਹ ਸਮੱਸਿਆ ਹੱਲ ਹੋਣ ਵੱਲ ਵਧਿਆ ਜਾ ਸਕਦਾ ਹੈ। ਜਿਸ ਮਹਿਕਮੇ ਵਿਚ ਭ੍ਰਿਸ਼ਟਾਚਾਰ ਹੋਵੇ ਉਸ ਮਹਿਕਮੇ ਦੇ ਮੰਤਰੀ ਨੂੰ ਇਸ ਦਾ ਜ਼ੁਮੇਵਾਰ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਉਸ ਨੇ ਸਾਫ ਸੁਥਰਾ ਪ੍ਰਸ਼ਾਸਨ ਦੇਣ ਦੀ ਕਸਮ "ਖਾਧੀ" ਹੁੰਦੀ ਹੈ – ਉਹ ਆਪਣੀ ਕਸਮ ਨੂੰ ਚੇਤੇ ਰੱਖੇ ਤਾਂ ਕਿਧਰੇ ਵੀ ਭ੍ਰਿਸ਼ਟਾਚਾਰ ਨਹੀਂ ਹੋ ਸਕਦਾ।

"ਸੇਵਾ" ਦੀ ਝੂਠੀ ਡੌਂਡੀ ਪਿੱਟਣ ਅਤੇ ਹਕੂਮਤ ਕਰਨ ਵਾਲੇ ਸਿਆਸੀ ਲੋਕਾਂ ਆਪਣੇ ਕੀਤੇ ਵਾਅਦੇ ਨਾ ਨਿਭਾਏ। ਲੰਡੂ ਕਿਸਮ ਦੇ ਗੀਤਕਾਰਾਂ (?) /ਗਾਇਕਾਂ ਜਿਨ੍ਹਾਂ ਨੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੇ ਹਿੰਸਾ ਦੇ ਰਾਹ ਤੋਰਨ ਵਾਲੇ ਕੁਕਰਮ ਵਿਚ ਬਹੁਤ ਵਾਧਾ ਕੀਤਾ ਇਨ੍ਹਾਂ ਦੇ ਬਣੇ ਮਹੱਲਾਂ ਦੀਆਂ ਨੀਹਾਂ ਵਿਚ ਹਿੰਸਾ ਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤੀ ਕਮਾਈ ਸ਼ਾਮਲ ਹੈ – ਇਨ੍ਹਾਂ ਪੈਸੇ ਦੇ ਲੋਭੀਆਂ ਨੇ ਪੰਜਾਬ ਦੇ ਖਿਲਾਫ ਗੁਨਾਹ ਕੀਤਾ/ਪਾਪ ਕੀਤਾ ਹੈ – ਮਾਇਆ ਮਗਰ ਦੌੜਨ ਵਾਲੇ ਅਜਿਹੇ ਲੋਕਾਂ ਬਾਰੇ ਬਾਬਾ ਨਾਨਕ ਨੇ ਸਾਨੂੰ ਕੀ ਆਖਿਆ ਹੈ –

"ਪਾਪਾਂ ਬਾਝੌਂ ਹੋਇ ਨਾਹੀਂ ਮੋਇਆਂ ਸਾਥ ਨਾ ਜਾਈ।" ਪੈਸੇ ਦੀ ਅੰਨ੍ਹੀ ਦੌੜ ਵਿਚ ਗੁਆਚਿਆਂ ਵਿਚੋਂ ਹੈ ਕਿਸੇ ਨੂੰ ਚੇਤਾ ਬਾਬੇ ਦੇ ਬੋਲਾਂ ਦਾ? ਬਿਲਕੁੱਲ ਨਹੀਂ। ਜੇ ਬੋਲ ਚੇਤੇ ਹੋਣ ਤਾਂ ਇਹ ਇਸ ਰਾਹੇ ਹੀ ਨਾ ਤੁਰਨ। ਸਿਆਸਤਦਾਨ ਇਸ ਰਾਹੇ ਤੁਰਨ ਵਾਲੇ ਸਭ ਤੋਂ ਮੋਹਰੀ ਹਨ।

ਪੰਜਾਬੀਆਂ ਨੂੰ ਆਪਣੇ ਭਰਾਤਰੀ ਰਿਸ਼ਤਿਆਂ 'ਤੇ ਬਹੁਤ ਮਾਣ ਹੁੰਦਾ ਸੀ, ਪਰ ਹਰ ਕਿਸੇ ਤੋਂ ਕਿਸੇ ਤਰ੍ਹਾਂ ਵੀ ਅੱਗੇ ਲੰਘ ਜਾਣ ਦੀ ਦੌੜ ਵਿਚ ਅਸੀਂ ਆਪਣੇ ਹੀ ਦੋਸ਼ੀ ਬਣ ਗਏ ਹਾਂ। ਜਿੱਥੇ ਹੋਰ ਖੇਤਰਾਂ ਵਿਚ ਗੰਧਲਾਪਨ ਆਇਆ ਹੈ , ਰਿਸ਼ਤੇ ਵੀ ਗੰਧਲ ਗਏ ਹਨ। ਸਮਾਜਕ ਮਹੌਲ ਹੁਣ ਇੱਥੋਂ ਤੱਕ ਨਿੱਘਰ ਗਿਆ ਹੈ ਕਿ ਰਿਸ਼ਤੇਦਾਰ ਤਾਂ ਦੂਰ ਦੀ ਗੱਲ ਭੈਣਾਂ-ਭਰਾਵਾਂ ਦੇ ਰਿਸ਼ਤੇ ਸਵਾਰਥੀ ਹੋ ਕੇ ਤਾਰ ਤਾਰ ਹੋ ਰਹੇ ਹਨ- ਇਸੇ ਸਵਾਰਥੀ ਬਿਰਤੀ ਕਰਕੇ ਹਰ ਕੋਈ ਦੂਜੇ ਤੋਂ ਕਿਸੇ ਵੀ ਤਰੀਕੇ ਨਾਲ ਭਾਵ ਕੂਹਣੀ ਮਾਰ ਕੇ ਅੱਗੇ ਲੰਘਿਆ ਚਾਹੁੰਦਾ ਹੈ।

ਅੰਨ੍ਹੇ ਮੁਨਾਫਿਆਂ ਦੇ ਲੋਭੀਆਂ ਵਲੋਂ ਪੰਜਾਬ ਦੀ ਨੌਜਵਾਨੀ ਨੂੰ ਹੀ ਨਹੀਂ ਧਰਤੀ ਨੂੰ ਵੀ ਖਾਦਾਂ ਤੇ ਕੀਟਨਾਸ਼ਕ ਸਪਰੇਆਂ ਨਾਲ "ਨਸ਼ੇ" ਤੇ ਲਾ ਦਿੱਤਾ ਗਿਆ ਹੈ। ਕੀ ਕਿਸਾਨਾਂ ਨੂੰ ਇਸ ਬਾਰੇ ਦੱਸਿਆ ਜਾਂਦਾ ਹੈ ਕਿ ਜਿਹੜੀਆਂ ਖਾਦਾਂ ਤੇ ਸਪਰੇਆਂ ਉਹ ਵਰਤ ਰਹੇ ਹਨ – ਉਹ ਧਰਤੀ ਵਿਚ ਜਜ਼ਬ ਹੋ

**(ਬਾਕੀ ਸਫਾ 16 'ਤੇ)**

# ਬਿਹਤਰ ਹੈ ਜੇ ਚਮਚਾਗਿਰੀ ਤੋਂ ਬਚਿਆ ਜਾਵੇ



ਸ਼ਾਮ ਸਿੰਘ
(ਅੰਗ-ਸੰਗ)
98141-13338

ਚਮਚਾਗਿਰੀ ਤੇ ਚਾਪਲੂਸੀ ਦੋਵੇਂ ਭੈਣਾਂ ਹਨ, ਜਿਨ੍ਹਾਂ ਦੇ ਸੁਭਾਅ ਅਤੇ ਤਾਸੀਰ ਇੱਕ ਦੂਜੀ ਤੋਂ ਵੱਖਰੇ ਨਹੀਂ। ਇਹ ਦੋਵੇਂ ਉੱਥੇ ਥਾਂ ਬਣਾ ਲੈਂਦੀਆਂ ਹਨ, ਜਿੱਥੇ ਯੋਗਤਾ ਨਾ ਚੱਲਦੀ ਹੋਵੇ, ਜਿੱਥੇ ਗੁਣਾਂ ਦੀ ਕਦਰ ਨਾ ਹੁੰਦੀ ਹੋਵੇ। ਯੋਗਤਾ ਅਤੇ ਗੁਣਾਂ ਨੂੰ ਹਾਰ ਦੇਣ ਲਈ ਚਾਪਲੂਸੀ ਅਤੇ ਚਮਚਾਗਿਰੀ ਏਨੀਆਂ ਕਾਰਗਰ ਸਿੱਧ ਹੁੰਦੀਆਂ ਹਨ ਕਿ ਇਨ੍ਹਾਂ ਦਾ ਮੁਕਾਬਲਾ ਹੀ ਨਹੀਂ ਹੋ ਸਕਦਾ। ਇਹ ਦੋਵੇਂ ਮੈਰਿਟ ਨੂੰ ਥੱਲੇ ਸੁੱਟਣ ਵਾਲੀਆਂ ਹਨ, ਜਿਸ ਕਰ ਕੇ ਇਹਨਾਂ ਨੂੰ ਚੰਗਾ ਨਹੀਂ ਸਮਝਿਆ ਜਾਣਾ ਚਾਹੀਦਾ।

ਸਭ ਤੋਂ ਪਹਿਲਾਂ ਤਾਂ ਧਰਮ-ਅਚਾਰੀਆਂ ਅਤੇ ਪ੍ਰਚਾਰਕਾਂ ਨੇ ਬੰਦੇ ਨੂੰ ਰੱਬ ਦੇ ਇਸ ਕਦਰ ਦਾਸ ਬਣਾ ਕੇ ਰੱਖ ਦਿੱਤਾ ਹੈ ਕਿ ਉਹ ਚਾਪਲੂਸੀ ਅਤੇ ਚਮਚਾਗਿਰੀ ਦੇ ਰਾਹ ਤੁਰਨ ਤੋਂ ਬਗ਼ੈਰ ਕੋਈ ਹੋਰ ਰਸਤਾ ਲੱਭ ਹੀ ਨਹੀਂ ਸਕਦਾ। ਰੱਬ ਤਾਂ ਰੱਜਿਆ-ਪੁੱਜਿਆ ਹੈ, ਉਸ ਨੂੰ ਕਿਸੇ ਤੋਂ ਪੂਜਾ ਕਰਵਾਉਣ, ਸਿਫ਼ਤਾਂ ਸੁਣਨ ਦੀ ਕੋਈ ਭੁੱਖ ਨਹੀਂ ਹੋ ਸਕਦੀ, ਪਰ ਰੱਬ ਦੇ ਨੇੜੇ ਹੋਣ ਦਾ ਢਕਵੰਜ ਕਰਨ ਵਾਲੇ ਹੋਰਨਾਂ ਨੂੰ ਉਸ ਦੀ ਚਮਚਾਗਿਰੀ ਤੋਂ ਦੂਰ ਨਹੀਂ ਰਹਿਣ ਦਿੰਦੇ।

ਲੋਕਤੰਤਰ ਵਿੱਚ ਲੋਕਾਂ ਦਾ ਪੂਰਾ ਦਖ਼ਲ ਹੁੰਦਾ ਹੈ, ਜਿਸ ਕਾਰਨ ਲੋਕਾਂ ਵਿੱਚੋਂ ਬਣੇ ਨੇਤਾਵਾਂ ਨੂੰ ਕਿਸੇ ਤਰ੍ਹਾਂ ਦੀ ਚਾਪਲੂਸੀ ਜਾਂ ਚਮਚਾਗਿਰੀ ਦੀ ਆਸ ਨਹੀਂ ਰੱਖਣੀ ਚਾਹੀਦੀ, ਪਰ ਨੇਤਾ-ਲੋਕ ਆਮ ਜਨਤਾ ਵਿੱਚ ਆਪਣੀ ਹਸਤੀ ਦਾ ਪ੍ਰਭਾਵ ਪਾਉਣ ਅਤੇ ਜਮਾਉਣ ਲਈ ਲੋਕਾਂ ਦੀ ਗ਼ਰੀਬੀ ਅਤੇ ਕਮਜ਼ੋਰੀ ਨੂੰ ਆਪਣੇ ਹੱਕ ਵਿੱਚ ਵਰਤਣ ਲਈ ਉਹਨਾਂ ਦੀ ਨਿਮਰਤਾ ਨੂੰ ਚਮਚਾਗਿਰੀ ਦੀ ਜੇਬ ਵਿੱਚ ਪਾਏ ਬਗ਼ੈਰ ਸਾਹ ਨਹੀਂ ਲੈਂਦੇ।

ਪਹਿਲਾਂ ਤਾਂ ਧਰਮ ਵਾਲਿਆਂ ਨੇ ਬੰਦੇ ਨੂੰ ਨਿਮਰਤਾ ਅਜਿਹੀ ਧਾਰਨ ਕਰਵਾਈ ਕਿ ਉਹ ਕਮਜ਼ੋਰ ਅਤੇ ਵਿਚਾਰਾ ਜਿਹਾ ਹੋ ਕੇ ਰਹਿ ਗਿਆ। ਆਪਣੇ ਆਪ ਨੂੰ ਨਿਤਾਣਾ ਅਤੇ ਬੇਸਹਾਰਾ ਸਮਝਦਿਆਂ ਉਹ ਆਪਣੀ ਕਮਜ਼ੋਰੀ ਦੇ ਅਹਿਸਾਸ ਕਰ ਕੇ ਚਾਪਲੂਸੀ ਦੇ ਰਾਹ ਤੁਰ ਪਿਆ। ਉਹ ਰੱਬ ਦਾ ਭਗਤ ਨਹੀਂ, ਚਮਚਾ ਬਣ ਕੇ ਰਹਿ ਗਿਆ, ਜਿਸ ਦਾ ਕੰਮ ਕੇਵਲ ਚਮਚਾਗਿਰੀ ਕਰਨਾ ਰਹਿ ਗਿਆ।

ਫੇਰ ਸਿਆਸਤ 'ਚ ਜਿੱਡਾ ਵੱਡਾ ਕੋਈ ਨੇਤਾ, ਓਨੀ ਹੀ ਉਸ ਵਿੱਚ ਹਉਮੈ। ਉਹ ਓਨਾ ਚਿਰ ਉਸ ਰਸਤੇ ਤੋਂ ਮੁੜਦਾ ਨਹੀਂ, ਜਿੰਨਾ ਚਿਰ ਹੰਕਾਰੀ ਨਾ ਹੋ ਜਾਵੇ ਅਤੇ ਆਪਣੀ ਨੇੜਲੀ ਜਨਤਾ ਤੋਂ ਚਮਚਾਗਿਰੀ ਨਾ ਕਰਵਾਉਣ ਲੱਗ ਪਵੇ। ਜਿਨ੍ਹਾਂ ਲੋਕਾਂ ਦੇ ਕੰਮ ਨਹੀਂ ਹੁੰਦੇ, ਉਨ੍ਹਾਂ ਦੀ ਮਜਬੂਰੀ ਬਣ ਜਾਂਦੀ ਹੈ ਕਿ ਉਹ ਨੇਤਾਵਾਂ ਦੀ ਜੀ-ਹਜ਼ੂਰੀ ਕਰਨ। ਅਜਿਹਾ ਕਰਨ ਨਾਲ ਹੀ ਉਨ੍ਹਾਂ ਦੇ ਕੰਮ ਹੁੰਦੇ ਹਨ, ਹਾਲਾਂਕਿ ਇਸ ਸਿਸਟਮ ਮੁਤਾਬਕ ਹੋਣ ਤਾਂ ਕਿਤੇ ਬਿਹਤਰ।

ਸਿਆਸਤ ਹੋਵੇ ਜਾਂ ਫੇਰ ਸਰਕਾਰੀ ਤਾਣਾ-ਬਾਣਾ, ਸਭ ਥਾਂਈਂ ਚਮਚਾਗਿਰੀ ਆਪਣੀ ਥਾਂ ਬਣਾਈ ਰੱਖਦੀ ਹੈ, ਤਾਂ ਜੁ ਆਸਾਨ ਚਾਲ ਚੱਲਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਨਾ ਹੋਵੇ। ਨੇਤਾ ਜਾਂ ਵੱਡੇ ਅਧਿਕਾਰੀ ਦੇ ਜੋੜੇ ਤੱਕ ਪਹਿਨਾਉਣ ਲਈ ਹੇਠਲੇ ਮੁਲਾਜ਼ਮਾਂ ਨੂੰ ਸਰਗਰਮ ਦੇਖਿਆ ਜਾ ਸਕਦਾ ਹੈ, ਤਾਂ ਕਿ ਉਨ੍ਹਾਂ ਦੀ ਸਰਪ੍ਰਸਤੀ ਅਤੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕੇ। ਕਈ ਵਾਰ ਕਿਸੇ ਮੰਤਰੀ ਦੇ ਅੱਗੇ ਝੁਕ ਕੇ ਗੋਡਿਆਂ ਉੱਤੇ ਹੱਥ ਲਾਉਣ ਨੂੰ ਵੀ ਚੰਗਾ ਨਹੀਂ ਸਮਝਿਆ ਜਾਂਦਾ।

ਬਾਦਸ਼ਾਹਾਂ ਦੇ ਸਮਿਆਂ 'ਚ ਚਮਚਾਗਿਰੀ ਦੇ ਚਮਤਕਾਰ ਇਤਿਹਾਸ ਦੇ ਪੰਨਿਆਂ ਵਿੱਚ ਸੰਭਾਲੇ ਪਏ ਹਨ, ਜਦੋਂ ਕਿਸੇ ਬਾਦਸ਼ਾਹ ਦੀ ਸਲਾਮਤੀ ਮੰਗਣ ਵਾਲੇ ਵੀ ਕੋਈ ਨਾ ਕੋਈ ਰੁਤਬਾ ਹਾਸਲ ਕੀਤੇ ਬਗ਼ੈਰ ਨਹੀਂ ਸਨ ਰਹਿੰਦੇ। ਹੁਣ ਸਮੇਂ ਬਦਲ ਗਏ ਹਨ, ਪਰ ਚਮਚਿਆਂ ਨੇ ਚਮਚਾਗਿਰੀ ਨਹੀਂ ਛੱਡੀ। ਉਹਨਾਂ ਚਾਪਲੂਸੀ ਦੇ ਨਵੇਂ-ਨਵੇਂ ਰਾਹ ਤਲਾਸ਼ ਕਰਨ ਵਿੱਚ ਢਿੱਲ ਨਹੀਂ ਵਰਤੀ। ਇਸੇ ਲਈ ਚਾਪਲੂਸ ਅੱਜ ਵੀ ਚਮਚਾਗਿਰੀ ਕਰ ਕੇ ਉਸ ਥਾਂ 'ਤੇ ਆਸਾਨੀ ਨਾਲ ਪਹੁੰਚ ਜਾਂਦੇ ਹਨ, ਜਿੱਥੇ ਉਹ ਹੋਰ ਕਿਸੇ ਤਰ੍ਹਾਂ ਨਹੀਂ ਪਹੁੰਚ ਸਕਦੇ।

ਚੰਗਾ ਤਾਂ ਇਹੀ ਹੈ ਕਿ ਚਮਚਾਗਿਰੀ ਕਰ ਕੇ ਕਿਸੇ ਦਾ ਹੱਕ ਨਾ ਮਾਰਿਆ ਜਾਵੇ, ਚਾਪਲੂਸੀ ਕਰ ਕੇ ਯੋਗਤਾ ਅਤੇ ਮੈਰਿਟ ਦਾ ਗਲਾ ਨਾ ਘੁੱਟਿਆ ਜਾਵੇ। ਬਿਹਤਰ ਇਹੀ ਹੈ ਕਿ ਚਮਚਾਗਿਰੀ ਤੋਂ ਬਚਿਆ ਜਾਵੇ, ਤਾਂ ਕਿ ਉੱਚ ਕਦਰਾਂ-ਕੀਮਤਾਂ ਦਾ ਆਦਰ ਬਣਿਆ ਰਹੇ ਅਤੇ ਚਾਪਲੂਸ ਚਾਪਲੂਸੀ ਕਰਨ ਤੋਂ ਤੌਬਾ ਕਰ ਲੈਣ।

ਨੇਤਾਵਾਂ ਅਤੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਅੱਜ ਦੇ ਸਮੇਂ ਦੇ ਹਾਣੀ ਬਣਨ ਅਤੇ ਹਰ ਮਨੁੱਖ ਦੀ ਆਨ, ਸ਼ਾਨ ਅਤੇ ਅਣਖ ਬਣੀ ਰਹਿਣ ਦੇਣ। ਅਜਿਹਾ ਹੋਣ ਨਾਲ ਮਹਾਨ ਭਾਰਤ ਦੀ ਜਨਤਾ ਨਿਮਾਣੀ, ਨਿਤਾਣੀ, ਲਾਚਾਰ, ਬੇਵੱਸ ਅਤੇ ਬੇਸਹਾਰਾ ਹੋਣ ਤੋਂ ਬਚੀ ਰਹੇਗੀ। ਅਜਿਹਾ ਹੋਣਾ ਲੋੜ ਵੀ ਹੈ, ਬਿਹਤਰੀ ਵੀ।

ਸੀਨੀਅਰ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਸਿਰਾਂ ਨੂੰ ਝੁਕਣਾ ਨਾ ਸਿਖਾਉਣ, ਸਗੋਂ ਸਿਰ ਤਾਣ ਕੇ ਰੱਖਣ ਦੀ ਪ੍ਰੇਰਨਾ ਦੇਣ। ਅਜਿਹਾ ਹੋਣ ਨਾਲ ਜਨਤਾ ਦਾ ਆਪਣਾ ਆਪ ਸਵੈ-ਮਾਣ ਨਾਲ ਵੀ ਭਰੇਗਾ ਅਤੇ ਭਰੋਸੇ ਯੋਗਤਾ ਨਾਲ ਵੀ। ਬਿਹਤਰ ਇਹੀ ਹੈ ਕਿ ਚਮਚਾਗਿਰੀ ਤੋਂ ਜਿੰਨਾ ਵੀ ਹੋ ਸਕੇ, ਬਚਿਆ ਜਾਵੇ, ਤਾਂ ਕਿ ਆਪੇ ਨੂੰ ਠੇਸ ਨਾ ਪਹੁੰਚੇ।

ਫ਼ੌਜ ਅਤੇ ਹੋਰ ਸੁਰੱਖਿਆ ਸੈਨਾਵਾਂ ਵਿੱਚ ਇਹ ਚਮਚਾਗਿਰੀ ਜਾਂ ਚਾਪਲੂਸੀ ਦੀ ਕੋਈ ਥਾਂ ਹੀ ਨਹੀਂ ਹੋਣੀ ਚਾਹੀਦੀ। ਅੰਗਰੇਜ਼ ਆਪਣੀ ਜੂਠ ਛੱਡ ਗਏ ਸਨ, ਜਿਸ ਕਰ ਕੇ ਦਾਸ-ਭਾਵਨਾ ਦੇਰ ਤੱਕ ਬਣੀ ਰਹੀ, ਪਰ ਜਦੋਂ ਦੇਰ ਬਾਅਦ ਫ਼ੌਜ ਦੇ ਅਫ਼ਸਰਾਂ ਨੂੰ ਜਾਗ ਆਈ ਤਾਂ 'ਅਰਦਲੀ' ਦਾ ਕੰਮ ਕਰਨ ਵਾਲੇ ਜਵਾਨਾਂ ਨੂੰ ਇਸ ਅਰਦਲੀਪੁਣੇ ਤੋਂ ਮੁਕਤ ਕਰ ਦਿੱਤਾ ਗਿਆ।

ਸਮਾਜ ਦੇ ਸਾਰੇ ਹੀ ਖੇਤਰਾਂ ਵਿੱਚ ਚਾਪਲੂਸੀ ਅਤੇ ਚਮਚਾਗਿਰੀ ਖ਼ਤਮ ਹੋਣੀ ਚਾਹੀਦੀ ਹੈ, ਤਾਂ ਕਿ ਮਨੁੱਖ ਆਪਣੀ ਕਮਾਈ ਯੋਗਤਾ ਅਤੇ ਮੈਰਿਟ ਦੇ ਆਧਾਰ 'ਤੇ ਆਪਣੀ ਥਾਂ ਬਣਾਵੇ ਅਤੇ ਕਮਾਈ ਨਾਲ ਪ੍ਰਾਪਤ ਕੀਤੇ ਰੁਤਬੇ 'ਤੇ ਮਾਣ ਕਰ ਸਕੇ। ਬਿਹਤਰ ਹੋਵੇ, ਜੇ ਸਾਰੇ ਹੀ ਉਹ ਇਹ ਰਾਹ ਛੱਡ ਦੇਣ, ਜਿਹੜੇ ਚਮਚਾਗਿਰੀ ਅਪਣਾਏ ਬਿਨਾਂ ਨਹੀਂ ਤੁਰਦੇ।

**ਨਸ਼ਿਆਂ ਦਾ ਸ਼ੋਰ**

ਬਹੁਤ ਉੱਚਾ ਸ਼ੋਰ ਹੈ ਕਿ ਪੰਜਾਬ ਵਿੱਚ ਨਸ਼ਿਆਂ ਦਾ ਜ਼ੋਰ ਹੈ। ਨਸ਼ੇ ਤਸਕਰਾਂ ਅਤੇ ਥਾਂ-ਥਾਂ ਵੇਚਣ ਵਾਲਿਆਂ ਦੇ ਨਾਂਅ ਵੀ ਲਏ ਜਾ ਰਹੇ ਨੇ, ਫੇਰ ਵੀ ਫੜੇ ਨਹੀਂ ਜਾ ਰਹੇ। ਕਾਬੂ 'ਚ ਨਹੀਂ ਆ ਰਹੇ। ਸਰਕਾਰ ਨੇ ਜੇ ਕਰਨਾ ਹੋਵੇ ਤਾਂ ਨਸ਼ਿਆਂ 'ਤੇ ਕਾਬੂ ਕਰਨਾ ਕੋਈ ਔਖਾ ਨਹੀਂ, ਪਰ ਸਰਕਾਰ ਤਾਂ ਥਾਂ-ਥਾਂ ਠੇਕੇ ਖੋਲ੍ਹ ਕੇ ਲੋਕਾਂ ਨੂੰ ਨਸ਼ਿਆਂ ਦੇ ਆਦੀ ਬਣਾਉਣ ਲਈ ਪੂਰੇ ਰਾਹ ਅਤੇ ਦੁਆਰ ਖੋਲ੍ਹੀ ਬੈਠੀ ਹੈ। ਫੇਰ ਸ਼ਰਾਬ ਦੇ ਨਾਲ-ਨਾਲ ਹੋਰ ਨਸ਼ਿਆਂ ਨੇ ਵੀ ਆਪਣੀ ਥਾਂ ਬਣਾ ਲਈ ਹੈ, ਜਿਨ੍ਹਾਂ ਦੇ ਨਾਂਅ ਲੈਣ ਤੋਂ ਗੁਰੇਜ਼ ਹੀ ਕਰਨਾ ਚੰਗਾ ਰਹੇਗਾ।

ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਨਸ਼ੇ ਵੇਚਣ ਵਾਲਿਆਂ 'ਚ ਔਰਤਾਂ ਦੀ ਵੀ ਸ਼ਮੂਲੀਅਤ ਹੋਣੀ ਦੱਸੀ ਜਾ ਰਹੀ ਹੈ। ਵੀਰੋ-ਭੈਣੋ, ਨਸ਼ੇ ਵੇਚਣੇ ਛੱਡ ਦਿਉ, ਤਾਂ ਕਿ ਵਰਤਣ ਲਈ ਲੱਭ ਹੀ ਨਾ ਸਕਣ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਬੈਂਕ ਅਧਿਕਾਰੀ : ਬਈ ਇਹ ਤੇਰੇ ਸਾਰੇ ਨੋਟ ਨਕਲੀ ਹਨ, ਬੈਂਕ ਵਿੱਚ ਜਮ੍ਹਾਂ ਨਹੀਂ ਹੋ ਸਕਦੇ।

ਗਾਹਕ : ਤੁਹਾਨੂੰ ਕੀ, ਤੁਸੀਂ ਕਰ ਲਉ, ਖਾਤੇ ਤਾਂ ਮੇਰੇ ਵਿੱਚ ਹੀ ਜਮ੍ਹਾਂ ਹੋਣੇ ਹਨ।

*********

# ਪੰਜਾਬੀਉ! ਮਸਲੇ ਵਿਚਾਰੋ, ਕੀ ਹੋਵੇ – "ਏਜੰਡਾ ਪੰਜਾਬ"

**(ਸਫਾ 15 ਦੀ ਬਾਕੀ)**

ਕੇ ਧਰਤੀ ਵਿਚਲੇ ਪਾਣੀ ਨੂੰ ਜ਼ਹਿਰੀ ਕਰਕੇ ਮਨੁੱਖੀ ਜਾਨ ਵਾਸਤੇ ਖਤਰਾ ਪੈਦਾ ਕਰ ਰਹੀਆਂ ਹਨ। ਕਿਹੜੇ ਖਤਰਨਾਕ ਤੱਤ ਹਨ ਜੋ ਰਸਾਇਣਕ ਤੱਤਾਂ ਰਾਹੀਂ ਪਾਣੀ ਵਿਚੋਂ ਫੇਰ ਮਨੁੱਖੀ ਸਰੀਰਾਂ ਵਿਚ ਸ਼ਾਮਲ ਹੋ ਰਹੇ ਹਨ, ਬੀਮਾਰੀਆਂ ਦੇ ਰੂਪ ਵਿਚ ਬਾਹਰ ਨਿਕਲਦੇ ਹਨ? ਕੀ ਸਰਕਾਰ ਨੇ ਕਦੇ ਕੋਈ ਅਜਿਹਾ ਸਰਵੇਖਣ ਕਰਵਾ ਕੇ ਲੋਕਾਂ ਨੂੰ ਸੁਚੇਤ ਕਰਕੇ ਇਸ ਤੋਂ ਬਚਾਉਣ ਦੇ ਕੋਈ ਜਤਨ ਕੀਤੇ ਹਨ? ਵਾਤਾਵਰਣ ਨੂੰ ਪ੍ਰਦੂਸ਼ਿਤ / ਪਲੀਤ ਕਰਨ ਵੇਲੇ ਸਾਨੂੰ ਬਾਬੇ ਨਾਨਕ ਦੇ ਬੋਲ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।" ਕਿਉਂ ਚੇਤੇ ਨਹੀਂ ਰਹਿੰਦੇ?

ਹਰ ਜੁਰਮ ਬਾਰੇ ਅਵਾਗੌਣ ਸਖਤ ਕਾਨੂੰਨਾਂ ਦੀ ਲੋੜ ਨਹੀਂ ਸਗੋਂ ਸਮਾਜਿਕ ਮਾਹੌਲ ਸੁਧਾਰਨ ਦੀ ਲੋੜ ਹੈ- ਸਿਆਸਤਦਨਾਂ, ਅਫਸਰਸ਼ਾਹਾਂ ਤੇ ਹਰ ਨਾਗਰਿਕ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ। ਪੁਲੀਸ ਹਰ ਨਾਗਰਿਕ ਦੀ ਰਾਖੀ ਵਾਸਤੇ ਹੋਵੇ – ਨਾ ਕਿ ਕੁੱਝ ਗਿਣੇ ਚੁਣੇ ਆਪਣੇ ਆਪ ਨੂੰ "ਪਤਵੰਤੇ" ਕਹਾਉਣ ਵਾਲਿਆਂ ਦੀ ਰਾਖੀ ਲਈ। ਹਰ ਨਾਗਰਿਕ ਪਤਵੰਤਾ ਕਿਉਂ ਨਾ ਹੋਵੇ? ਸੋ ਇਹ ਇਕ ਨੰਬਰ ਦੇ ਤੇ ਦੋ ਨੰਬਰ ਦੇ ਸ਼ਹਿਰੀ ਬਨਾਉਣ ਵਾਲੀ ਕਵਾਇਦ ਬੰਦ ਹੋਵੇ (ਸੰਵਿਧਾਨ ਪੱਖੋਂ ਵੀ ਇਹ ਗਲਤ ਹੈ)। ਸਮਾਜ ਅੰਦਰ ਡਰ-ਭੈਅ ਮੁਕਤ ਮਾਹੌਲ ਪੈਦਾ ਕੀਤਾ ਜਾਵੇ- ਫੇਰ ਕਿਸੇ ਨੂੰ ਵੀ ਵਾਧੂ ਸੁਰੱਖਿਆ ਦੀ ਲੋੜ ਨਹੀਂ ਪਵੇਗੀ। ਅਸਲੋਂ ਹੈਰਾਨ ਕਰਨ ਵਾਲੀ ਗੱਲ ਕਿ ਆਪਣੇ ਆਪ ਨੂੰ "ਧਾਰਮਿਕ ਸੇਵਾਦਾਰ"(?) ਕਹਾਉਣ ਵਾਲੇ ਵੀ ਆਪਣੇ ਵਾਸਤੇ ਸੁਰੱਖਿਆ ਦੀ ਮੰਗ ਕਰਦੇ ਹਨ? ਕੀ ਇਨ੍ਹਾਂ ਨੂੰ ਆਪਣੇ ਇਸ਼ਟ 'ਤੇ ਵੀ ਭਰੋਸਾ ਨਹੀਂ? ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਨ੍ਹਾਂ "ਪਤਵੰਤੇ" ਸਮਝੇ ਜਾਣ ਵਾਲਿਆਂ ਉੱਤੇ ਅਜਾਈਂ ਕੀਤੇ ਜਾਂਦੇ ਖਰਚ ਦੇ ਪੈਸੇ ਬਚਾ ਕੇ ਲੋਕਾਂ ਲਈ ਬਣਦੀਆਂ ਮੁਸੀਬਤਾਂ ਦੇ ਹੱਲ ਕਰਨ ਵਾਸਤੇ ਖਰਚ ਕੀਤੇ ਜਾਣੇ।

ਪੰਜਾਬ ਚਿਰਾਂ ਤੋਂ ਚੌਤਰਫੇ ਹਮਲੇ ਦੀ ਮਾਰ ਹੇਠ ਹੈ – ਇਸ ਨੂੰ ਆਪੋ ਆਪਣੀਆਂ ਪਾਰਟੀਆਂ ਦੇ ਨਹੀਂ ਪੰਜਾਬ ਦੇ ਹਿਤੈਸ਼ੀ ਹਮਦਰਦ ਬਣਕੇ ਅੱਗੇ ਆਉ- ਆਪੋ ਆਪਣੀ ਪੈਂਠ ਬਣਾਉਣ ਵਾਲੇ ਹੀਰੋਵਾਦ ਨੇ ਤਾਂ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ। ਨਾ ਇੱਥੇ ਚੱਜ ਦੀ ਵਿੱਦਿਆ ਨੀਤੀ, ਨਾ ਖੇਤੀਬਾੜੀ ਬਾਰੇ ਕੋਈ ਕਿਸਾਨ ਦੇ ਭਲੇ ਵਾਲੀ ਨੀਤੀ, ਨਾ ਹੀ ਸੱਭਿਆਚਾਰਕ ਨੀਤੀ ਜੋ ਸਾਡੀ ਜੀਵਨ ਜਾਚ ਨੂੰ ਸਮੇਂ ਦੇ ਹਾਣ ਦੀ ਬਣਾ ਸਕੇ। ਵਿੱਦਿਅਕ ਅਦਾਰਿਆਂ ਨੂੰ ਸਰਕਾਰ ਦੀ ਕਿਰਪਾ ਨਾਲ ਜਲੇਬੀਆਂ-ਪਕੌੜੇ ਵੇਚਣ ਵਾਲਿਆਂ ਮੁਨਾਫੇਖੋਰਾਂ ਨੇ ਅਗਵਾ ਕੀਤਾ ਹੋਇਆ ਹੈ। ਨਿਰੋਲ ਮੁਨਾਫੇ ਖਾਤਰ "ਹਲਵਾਈਆਂ" ਵਲੋਂ ਖੋਲ੍ਹੀਆਂ "ਯੂਨੀਵਰਸਿਟੀਆਂ" ਕਿਹੜੇ ਜੀਨੀਅਸ ਪੈਦਾ ਕਰਨਗੀਆਂ- ਸਾਫ ਹੈ ਕਿ ਇਨ੍ਹਾਂ ਦੀ ਪਿੱਠ 'ਤੇ ਹਕੂਮਤੀ ਧਿਰਾਂ ਦਾ ਹੱਥ ਹੁੰਦਾ ਹੈ। ਗਿਆਨ ਵਿਹੂਣੀ ਵਿੱਦਿਆ ਦੇ ਕੇ ਸਿਰਫ "ਡਿਗਰੀਆ" ਵੰਡੀਆਂ ਜਾ ਰਹੀਆਂ ਹਨ। ਪ੍ਰਾਈਵੇਟ ਅਦਾਰੇ ਲੋਕਾਂ ਦੀ ਲੁੱਟ ਕਰ ਰਹੇ ਹਨ? ਕਿਉਂ ਨਹੀਂ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਬਰਾਬਰ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਮਨਮਰਜ਼ੀ ਦੀਆਂ ਸਰਕਾਰੀ ਸਕੂਲਾਂ ਨਾਲੋਂ ਕਿਤੇ ਵੱਧ ਤੇ ਅਧਿਆਪਕਾਂ ਦੀਆਂ ਤਨਖਾਹਾਂ ਘੱਟ ਕਿਉਂ ਹਨ? ਪੰਜਾਬ ਅੰਦਰ ਬਹੁਤ ਸਾਰੇ ਮਹਿਕਮਿਆਂ ਅੰਦਰ ਲੱਖਾਂ ਹੀ ਅਸਾਮੀਆਂ ਸਮੇਤ ਅਧਿਆਪਕਾਂ ਦੇ ਖਾਲੀ ਹੋਣ ਬਾਰੇ ਨਿੱਤ ਪੜ੍ਹਦੇ ਹਾਂ, ਲੱਖਾਂ ਹੀ ਸਿੱਖਿਅਤ ਨੌਜਵਾਨ ਵਿਹਲੇ ਫਿਰ ਰਹੇ ਹਨ- ਕੰਮ ਹੋਣ ਦੇ ਬਾਵਜੂਦ ਵਿਹਲੇ ਹੱਥਾਂ ਨੂੰ ਕੰਮ ਕਿਉਂ ਨਹੀਂ ਦਿੱਤਾ ਜਾ ਰਿਹਾ? ਨੌਜਵਾਨਾਂ ਅੰਦਰ ਬੇਰੋਜ਼ਗਾਰੀ ਵੱਡਾ ਕਾਰਨ ਹੈ ਉਹ ਤਣਾਅ ਭਰੀ ਸਥਿਤੀ ਦਾ ਸਾਹਮਣਾ ਕਰਦਿਆਂ ਕਈ ਵਾਰ ਹਾਰੇ ਜਹੇ ਮਹਿਸੂਸ ਕਰਕੇ, ਢਹਿੰਦੀਆਂ ਕਲਾਂ ਦੇ ਸ਼ਿਕਾਰ ਹੋ ਕੇ, ਹਾਲਤਾਂ ਦਾ ਮੁਕਾਬਲਾ ਨਾ ਕਰਨ ਦੀ ਸੂਰਤ ਵਿਚ ਨਸ਼ਿਆਂ ਵੱਲ ਵੀ ਵਧ ਜਾਂਦੇ ਹਨ- ਸਿੱਧੇ ਤੌਰ 'ਤੇ ਸਰਕਾਰ ਇਸਦੀ ਜੁੰਮੇਵਾਰ ਹੈ।

ਕੁਰਾਹੇ ਪਏ ਮਾੜੀ ਕਿਸਮ ਦੇ "ਗੀਤਕਾਰਾਂ" ਅਤੇ "ਗਾਇਕਾਂ" ਨੂੰ ਜਿਹੜੇ ਇਸੇ ਪੰਜਾਬ ਦਾ ਅੰਨ ਖਾਂਦੇ ਹਨ ਵੀ ਸੋਚਣਾ ਪਵੇਗਾ ਤੇ ਉਨ੍ਹਾਂ ਨੂੰ ਵੀ ਬਦਬੋ ਮਾਰਦਾ ਲੱਚਰ ਗਾਇਕੀ ਵਾਲਾ ਲੁੱਚ ਤਲਣਾ ਬੰਦ ਕਰਨਾ ਪਵੇਗਾ। ਪਿਛਲੇ ਸਮੇਂ ਵਿਚ ਉੱਭਰੇ ਇਹ ਅਸਲੋਂ ਫੁਕਰੇ ਤੇ ਨਾਸ਼ੁਕਰੇ ਗਾਇਕ/ਗਾਇਕਾਵਾਂ ਜੋ ਆਪਣੇ ਆਪ ਨੂੰ "ਸੈਲੀਬਰਿਟੀ" ਕਹਾਉਣਾ ਪਸੰਦ ਕਰਨ ਲੱਗ ਪਏ /ਪਈਆਂ ਹਨ ਇਨ੍ਹਾਂ ਦੀ ਗਾਇਕੀ ਸੁਣਨੀ ਵੀ ਲੋਕਾਂ ਨੂੰ ਬੰਦ ਕਰਨੀ ਪਵੇਗੀ। ਸੁੱਚੀਆਂ ਕਲਮਾਂ ਫੜੀ ਬੈਠੇ ਤੇ ਸੱਭਿਅਕ ਸ਼ਬਦ ਲਿਖ ਰਹੇ ਗੀਤਕਾਰਾਂ ਨੂੰ ਆਪਣੇ ਸੱਭਿਆਚਾਰਕ ਰੀਤ ਦੇ ਵਿਹੜੇ ਗੰਦ ਪਾਉਣ ਵਾਲੀਆਂ ਕੰਜਰ ਕਲਮਾਂ ਦੇ ਖਿਲਾਫ ਉੱਠਣਾ ਪਵੇਗਾ। ਜਿਹੜੇ ਆਪਣੀਆਂ ਮਾਵਾਂ -ਭੈਣਾਂ ਨਾਲ ਬੈਠ ਕੇ ਆਪਣੇ ਗਾਏ ਗੀਤ ਨਹੀਂ ਸੁਣ ਸਕਦੇ, ਉਹੀ ਗੰਦ ਸਮਾਜ ਨੂੰ ਪਰੋਸ ਰਹੇ ਹਨ।

– ਪੰਜਾਬ ਦੀ ਸੱਭਿਆਚਾਰਕ ਰੀਤ ਤੋਂ ਟੁੱਟੇ "ਗੀਤ" ਲਿਖਣ ਤੇ ਗਾਉਣ ਵਾਲੇ ਸਭ ਤੋਂ ਵੱਡੇ ਦੋਸ਼ੀ ਹਨ- ਉਨ੍ਹਾਂ ਨੂੰ ਵੀ ਪੰਜਾਬ ਵਿਰੋਧੀ ਲਾਅਨਤੀਆਂ ਵਿਚ ਹੀ ਗਿਣਨਾ ਪਵੇਗਾ ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਨਸ਼ਿਆਂ ਤੇ ਹਥਿਆਰਾਂ ਦੇ ਪੈਰਾਂ ਹੇਠ ਰੋਲ ਕੇ ਆਪਣੇ ਘਰ ਭਰੇ ਹਨ- ਉਹ ਬਿਨਾਂ ਕਿਸੇ ਸ਼ੱਕ ਪੰਜਾਬ ਨੂੰ ਚਿੱਕੜ ਵਿਚ ਫਸਾਉਣ ਦੇ ਦੋਸ਼ੀ ਹਨ। ਸ਼ਰਮ ਉਹ ਅਜੇ ਵੀ ਨਹੀਂ ਕਰ ਰਹੇ- ਇਨ੍ਹਾਂ ਦੀਆਂ "ਚਿੱਟੀਆਂ ਕੋਠੀਆਂ" ਦੀ ਜਾਂਚ ਪੜਤਾਲ ਵੀ ਜਰੂਰ ਹੋਵੇ – ਕੀ ਇਹ ਸਿਰਫ ਗਾਇਕੀ ਦੀ ਕਮਾਈ ਹੀ ਹੈ? ਜਾਂ ਕੁੱਝ ਹੋਰ ਵੀ ਹੈ। ਪਤਾ ਤਾਂ ਲੱਗੇ, ਲੋਕਾਂ ਨੂੰ ਇਨ੍ਹਾਂ ਦੇ ਅਸਲ ਚਿਹਰੇ ਦਿਸਣ।

ਪੰਜਾਬ ਅੰਦਰ ਡੇਰਾਵਾਦ ਨੇ ਵੱਖੋ ਵੱਖ "ਧਰਮਾਂ" ਦੇ ਨਾਂ ਹੇਠ ਲੋਕਾਂ ਨੂੰ ਵਹਿਮਾਂ ਭਰਮਾਂ ਵੱਲ ਧੱਕਿਆ ਹੈ। ਇਹੋ ਵਹਿਮ-ਭਰਮ ਵੱਡੀ ਜੋਕ ਬਣਕੇ ਲਾਅਨਤ ਦੇ ਰੂਪ ਵਿਚ ਪੰਜਾਬ ਨੂੰ ਚੰਬੜੀ ਹੋਈ ਹੈ। ਡੇਰਿਆਂ ਵਿਚ "ਸੱਭਿਆਚਾਰਕ" ਮੇਲਿਆਂ ਦੇ ਨਾਂ 'ਤੇ ਨਾਮਵਰ ਗਵੱਈਆਂ ਉੱਪਰ ਨੋਟਾਂ ਦੀਆਂ ਬੋਰੀਆਂ, ਝੋਲੇ ਭਰ ਭਰ ਕੇ ਸੁੱਟੇ ਜਾਂਦੇ ਹਨ- ਕੀ ਕਦੇ ਕਿਸੇ ਸਰਕਾਰੀ ਜੁੰਮੇਵਾਰ ਨੇ ਕਿਸੇ ਵੀ ਡੇਰੇਦਾਰ ਨੂੰ ਜਾ ਕੇ ਪੁੱਛਿਆ ਹੈ- ਇਹ ਨੋਟਾਂ ਦੀਆਂ ਬੋਰੀਆਂ ਕਿਹੜੇ ਰਾਹੋਂ ਆਈਆਂ? ਉਨ੍ਹਾਂ ਦੀ ਆਮਦਨ ਦੇ ਕੀ ਸਾਧਨ ਹਨ? ਕੀ ਇਨ੍ਹਾਂ ਡੇਰਿਆਂ ਨੂੰ ਕਮਾਈ ਕਰਦੀਆਂ ਦੁਕਾਨਾਂ ਵਾਲੇ ਕਾਨੂੰਨ ਹੇਠ ਨਹੀਂ ਲਿਆਉਣਾ ਚਾਹੀਦਾ ? ਪਤਾ ਸਰਕਾਰਾਂ ਨੂੰ ਵੀ ਹੈ ਕਿ ਇਨ੍ਹਾਂ ਡੇਰਿਆਂ ਵਿਚ ਕਿਹੜੇ ਕਿਹੜੇ "ਧੰਦੇ" ਹੁੰਦੇ ਹਨ? ਪਰ 'ਮੂੰਹ ਖਾਵੇ ਅੱਖਾਂ ਸ਼ਰਮਾਣ' ਵਾਲੀ ਹਾਲਤ ਹੈ ਇਨ੍ਹਾਂ ਸਿਆਸੀ ਲੀਡਰਾਂ ਦੀ। ਸਾਰੀਆਂ ਹੀ ਧਨਾਢ ਪਾਰਟੀਆਂ ਦੇ ਢੁੱਠਾਂ ਵਾਲੇ ਲੀਡਰ ਇਨ੍ਹਾਂ ਡੇਰੇਦਾਰਾਂ ਤੋਂ ਵੋਟਾਂ ਦੀ ਭੀਖ ਮੰਗਣ ਜਾਂਦੇ ਹਨ – ਬਲਾਤਕਾਰੀ ਰਾਮ ਰਹੀਮ ਵਰਗਿਆਂ ਤੋਂ ਵੀ। ਇਹ ਲੀਡਰ ਫੇਰ ਉਨ੍ਹਾਂ "ਡੇਰੇਦਾਰਾਂ" ਦੇ ਕੰਮ ਵੀ ਤਾਂ ਆਉਂਦੇ ਹਨ। ਮੁਫਤ ਵਿਚ ਇਹ ਡੇਰੇਦਾਰ ਵੀ ਨਹੀਂ ਵਰਤ ਹੁੰਦੇ। ਪਰ ਇਹ ਪੰਜਾਬ ਅੰਦਰ ਸਿਹਤਮੰਦ ਭਾਈਚਾਰਕ ਸਾਂਝ ਦੇ ਜੜ੍ਹੀਂ ਤੇਲ ਦੇਣ ਵਾਲੇ ਅੱਡੇ ਹਨ। ਸਰਕਾਰ ਨੂੰ ਇਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ। ਡੇਰੇ ਧਰਮਾਂ ਦੀ ਬਦਨਾਮੀ ਦਾ ਕਾਰਨ ਵੀ ਬਣਦੇ ਹਨ।

ਪੰਜਾਬ ਅੰਦਰ ਲੋਕਪੱਖੀ ਮੀਡੀਏ ਨੂੰ ਤਕੜਾ ਕਰਨ ਦੀ ਲੋੜ ਹੈ – ਤਾਂ ਕਿ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਸਮਾਜ ਦੇ ਹੋਰ ਮਿਹਨਤਕਸ਼ ਤਬਕਿਆਂ ਦੀਆਂ ਆਪਣੀਆਂ ਹੱਕੀ ਮੰਗਾਂ ਵਾਲੀਆਂ ਲਹਿਰਾਂ ਦੇ ਉਭਾਰ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਇਸ ਨਾਲ ਸਮਾਜ ਅੰਦਰ ਭਾਈਚਾਰਕ ਸਾਂਝ ਹੋਰ ਤਕੜੀ ਹੋਵੇਗੀ। ਲੋਕ ਪੱਖੀ ਸਾਹਿਤ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਆਮ ਬੰਦੇ ਨੂੰ ਸਮਾਜਕ ਮਸਲਿਆਂ ਬਾਰੇ ਚੇਤੰਨ ਕਰਨਾ ਸਾਡੇ ਬੁੱਧੀਜੀਵੀਆਂ ਦਾ ਕਾਰਜ ਹੋਣਾ ਚਾਹੀਦਾ ਹੈ। ਲੋਕ ਸੇਵਾ ਦਾ ਇਹ ਅਸਲੀ ਰਾਹ ਹੈ।

ਪੰਜਾਬ ਦੇ ਸੂਝਵਾਨੋਂ, ਪੰਜਾਬ ਦੇ ਦਰਦੀਉ – ਪੰਜਾਬੀਉ !!

ਪੰਜਾਬ ਦੀ ਧਰਤੀ ਨੂੰ ਪਿਆਰ ਕਰਨ ਵਾਲਿਉਂ ਮਹੱਬਤੀ ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਕੱਠੇ ਹੋ ਕੇ ਲੱਕ ਬੰਨੇ ਬਿਨਾਂ ਨਹੀਂ ਸਰਨਾ। ਬਾਬੇ ਨਾਨਕ ਦੇ, ਭਗਤ ਸਿੰਘ, ਸਰਾਭੇ ਵਰਗੇ ਸ਼ਹੀਦਾ ਤੇ ਅਣਗਿਣਤ ਹੋਰ ਸੂਰਬੀਰਾਂ ਵਾਲੇ ਪੰਜਾਬ ਦੇ ਹਰ ਖਿੱਤੇ ਨੂੰ "ਮੁਨਾਫਿਆਂ ਦੀ ਕੈਂਸਰ" ਨੇ ਪਲੀਤ ਕਰ ਦਿੱਤਾ ਗਿਆ ਹੈ- ਪੰਜਾਬ ਦੀਆਂ ਅਗਲੀਆਂ ਪੀੜੀਆਂ ਨੂੰ ਬਚਾ ਲਵੋ – ਬਚਾ ਲਵੋ।

ਕਿਸ਼ਤਾਂ ਵਿਚ ਉੱਜੜ ਰਹੇ , ਬਰਬਾਦ ਹੋ ਰਹੇ / ਮਰ ਰਹੇ ਪੰਜਾਬ, ਨੂੰ ਬਚਾਉਣ ਦਾ ਸਵਾਲ ਹੈ ਇਸ ਕਰਕੇ : ਪੰਜਾਬ ਦੇ ਸੋਹਣੇ ਭਵਿੱਖ ਵਾਸਤੇ ਕੀਤੇ ਜਾਣ ਵਾਲੇ ਚੌਤਰਫੇ ਸੰਘਰਸ਼ ਦੀ ਰੂਪ-ਰੇਖਾ ਉਲੀਕੋ- ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਫੇਰ ਰੰਗਲੇ ਪੰਜਾਬ ਦੀਆਂ ਵਾਸੀ ਹੋਣ। ਇਹ ਤਾਂ ਕੁੱਝ ਨੁਕਤੇ ਹੀ ਹਨ ਸੂਝਵਾਨਾਂ ਨੂੰ ਰਲ਼ ਕੇ ਪੂਰਾ "ਏਜੰਡਾ ਪੰਜਾਬ" ਤਿਆਰ ਕਰਨਾ ਪਵੇਗਾ।

= ਇਹ ਇਕ ਅਰਜ਼ ਹੈ, ਤਰਲਾ ਹੈ ਪੰਜਾਬ ਦੇ ਮੋਹ ਵਿਚ ਭਿੱਜੇ ਹੋਏ ਦਾ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਵੀ ਕਹਿੰਦੀ ਹੈ :

ਉੱਠੋ ਕਿ ਉੱਠ ਕੇ ਦੇਸ਼ ਦਾ ਮੂੰਹ-ਮੱਥਾ ਡੌਲ਼ੀਏ
ਮੁੜ ਕੇ ਪੰਜਾਬ ਸਾਜੀਏ, ਨਾਨਕ ਦੇ ਖ਼ਾਬ ਦਾ।
ਪੱਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ
ਖੇੜੇ ਦੇ ਵਿੱਚ ਲਿਆਈਏ ਮੁੜ ਫੁੱਲ ਗੁਲਾਬ ਦਾ।

# ਤਿੰਨ ਨੌਜਾਵਨਾਂ ਨੇ ਦੋਨਾਲੀ ਦਿਖਾਕੇ ਇੱਕ ਵਪਾਰੀ ਤੋਂ ਲੁੱਟੇ ਪੋਣੇ ਚਾਰ ਲੱਖ,ਅੱਧੇ ਘੰਟੇ ਵਿਚ ਗ੍ਰਿਫਤਾਰ ਕੀਤੇ ਤਿੰਨੇ ਲੁਟੇਰੇ

ਪੰਜਾਬ- ਹਿਮਾਚਲ ਦੀ ਸਰਹੱਦ ਤੇ ਵਸੇ ਨੰਗਲ ਇਲਾਕੇ ਵਿੱਚ ਅਪਰਾਧਿਕ ਵਾਰਦਾਤਾਂ ਵੱਧ ਰਹੀਆਂ ਹਨ। ਅੱਜ ਦਿਨ ਦਿਹਾੜੇ ਸਥਾਨਕ ਰੇਲਵੇ ਰੋਡ ਨੰਗਲ ਵਿੱਚ ਤਿੰਨ ਨੋਜਵਾਨਾ ਨੇ ਇਕ ਮਨੀ ਐਕਸਚੈਂਰ ਉਸ ਦੀ ਦੁਕਾਨ ਅੰਦਰ ਦਾਖਲ ਹੋਕੇ ਦੋਨਾਲੀ ਦਿਖਾ ਕੇ ਲਗਪਗ ਪੋਣੇ ਚਾਰ ਲੱਖ ਰੁਪਏ ਲੁੱਟ ਲਏ। ਇਸ ਸਬੰਧੀ ਲੁੱਟ ਦੇ ਸ਼ਿਕਾਰ ਹੋਏ ਸ਼ਾਸ਼ਤਰੀ ਮਨੀ ਐਕਸਚੈਂਜਰ ਰੇਲਵੇ ਰੋਡ ਨੰਗਲ ਦੇ ਮਾਲਕ ਸੁਰੇਸ਼ ਕੁਮਾਰ ਸ਼ਾਸ਼ਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਲੱਗਭੱ ਤਿੰਨ ਵਜ਼ੇ ਮੂੰਹ ਨੂੰ ਢੱਕੇ ਹੋਏ ਤਿੰਨ ਨੌਜਵਾਨ ਬਿਨ੍ਹਾਂ ਨੰਬਰ ਦੀ ਇਕ ਕਾਲੇ ਰੰਗ ਦੀ ਸਕੂਟੀ ਤੇ ਪਹੁੰਚੇ। ਇਨ੍ਹਾਂ ਵਿਚੋਂ ਦੋ ਨੌ-ਜਵਾਨ ਦਫ਼ਤਰ ਦੇ ਅੰਦਰ ਦਾਖਲ ਹੋ ਗਏ ਜਦੋਂਕਿ ਇਕ ਸਕੂਟੀ ਤੇ ਬਾਹਰ ਹੀ ਖੜ੍ਹਾ ਰਿਹਾ। ਉਨ੍ਹਾਂ ਦੱਸਿਆ ਕਿ ਅੰਦਰ ਦਾਖਲ ਹੋਏ ਇਨ੍ਹਾਂ ਨੌਜਵਾਨਾਂ ਵਿਚੋਂ ਇਕ ਕੋਲ ਦੌਨਾਲੀ ਅਤੇ ਇਕ ਪਾਸ ਡੰਡੇ ਵਰਗਾ ਹਥਿਆਰ ਸੀ। ਉਨ੍ਹਾਂ ਦੱਸਿਆ ਕਿ ਇਕ ਨੌਜਾਵਨ ਨੇ ਸੱਭ ਤੋਂ ਪਹਿਲਾਂ ਮੈਨੂੰ ਦੋਨਾਲੀ ਦਿਖਾਈ ਤੇ ਮੇਰੇ ਨਾਲ ਹੱਥੋਪਾਈ ਕੀਤੀ ਅਤੇ ਗੱਲੇ ਵਿਚ ਪਈ ਹੋਈ ਸਾਰੀ ਨਗਦੀ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਮੈਂ ਗੱਲੇ ਵਿਚ ਪਈ ਸਾਰੀ ਨਗਦੀ ਇਨ੍ਹਾਂ ਨੌਜਵਾਨਾਂ ਨੂੰ ਦੇ ਦਿੱਤੀ। ਉਨ੍ਹਾਂ ਦੱਸਿਆ ਕਿ ਉਕਤ ਤਿੰਨੋ ਨੌਜਵਾਨ ਪਹਿਲਾਂ ਤਾਂ ਦੁਕਾਨ ਦੇ ਬਾਹਰ ਡਿੱਗੇ ਅਤੇ ਫਿਰ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਵਾਰਦਾਤ ਦੀ ਸੁਚਨਾ ਤੁਰੰਤ ਨੰਗਲ ਪੁਲਿਸ ਨੂੰ ਦਿੱਤੀ ਗਈ। ਡੀ ਐਸਪੀ ਅਨੰਦਪੁਰ ਸਾਹਿਬ/ਨੰਗਲ ਰਮਿੰਦਰ ਸਿੰਘ ਕਾਹਲੋਂ ਜੋਕਿ ਅੱਜ ਕਿਸੇ ਮਸਲੇ ਨੂੰ ਲੈ ਕੇ ਨੰਗਲ ਵਿਚ ਹੀ ਸਨ ਪੁਲਿਸ ਪਾਰਟੀ ਨੂੰ ਲੈਕੇ ਘਟਨਾ ਵਾਲੀ ਥਾਂ ਤੇ ਪੰਹੁਚੇ। ਡੀ ਐਸ ਪੀ ਕਾਹਲੋਂ ਨੂੰ ਉਕਤ ਲੁਟੇਰਿਆਂ ਦੇ ਪਿੰਡ ਮਾਣਕਪੁਰ ਵੱਲ ਨੂੰ ਭੱਜਣ ਦੇ ਸੁਚਨਾ ਮਿਲੀ । ਡੀ ਐਸ ਪੀ ਕਾਹਲੋਂ ਅਤੇ ਥਾਣਾ ਮੁੱਖੀ ਨੰਗਲ ਸੰਨੀ ਖੰਨਾ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਹੋਏ ਲਗਭਗ ਅੱਧੇ ਘੰਟੇ ਵਿਚ ਪਿੰਡ ਮਾਣਪੁਰ ਕੋਲ ਇਨ੍ਹਾਂ ਲੁਟੇਰਿਆਂ ਨੂੰ ਹਥਿਆਰ ਅਤੇ ਨਗਦੀ ਸਹਿਤ ਗ੍ਰਿਫਤਾਰ ਕਰ ਲਿਆ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਪੀ ਰੋਪੜ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਬਹੁਤ ਹੀ ਤੇਜ਼ੀ ਨਾਲ ਕਾਰਵਾਈ ਕਰਕੇ ਇਨ੍ਹਾਂ ਤਿੰਨਾਂ ਲੁਟੇਰਿਆਂ ਨੂੰ ਗ੍ਰਿਫਤਾਰ ਕਰਕੇ ਇਕ ਮਿਸਾਲ ਪੈਦਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨਾ ਦੀ ਪਹਿਚਾਣਾ ਹਰਕੰਵਲ (25) ਪੁੱਤਰ ਨਰਿੰਦਰ ਸਿੰਘ, ਤਰਨਪ੍ਰੀਤ ਸਿੰਘ (17) ਪੁੱਤਰ ਸੁਖਵਿੰਦਰ ਸਿੰਘ, ਨਵੀਨ ਸ਼ਰਮਾ (17) ਪੁੱਤਰ ਸੁਗਰੀਵ ਕੁਮਾਰ ਤਿੰਨੋ ਹੀ ਨਿਵਾਸੀ ਪਿੰਡ ਬਰਾਰੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੌਜਵਾਨਾ ਖਿਲਾਫ਼ ਧਾਰਾ 392, 43 ਆਈ ਪੀ ਸੀ ਆਰਮਜ ਐਕਟ ਤਹਿਤ ਮਾਮਲਾ ਦਰਜ਼ ਕੀਤਾ ਗਿਆ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਜਿਸ ਵਿਅਕਤੀ ਦੀ ਦੋਨਾਲੀ ਹੈ ਉਸਦੇ ਖਿਲਾਫ ਵੀ ਬਣਦੀ ਕਾਰਵਾਈ ਅਮਲ ਵਿਚ ਲਿਆਦੀ ਜਾਵੇਗੀ। **– ਕੁਲਦੀਪ ਚੰਦ**





# ਪੰਚਾਇਤਾਂ ਵਿੱਚ ਦਲਿਤਾਂ ਦੀ ਹਿੱਸੇਦਾਰੀ

**ਆਪਣੇ ਵਿੱਚ ਸਿਮਟੇ ਭਾਰਤੀ ਪੇਂਡੂ ਭਾਈਚਾਰੇ ਉਤੇ ਮੈਟਕਾਫ ਦੇ ਇਸ ਦਿਲ ਕੰਬਾਊ ਚਿਤਰਣ ਰਾਹੀਂ ਅੰਬੇਦਕਰ ਨੇ ਦਲੀਲ ਦਿੱਤੀ, ''ਪਿੰਡ ਕੀ ਹੈ? ਇਹ ਸਥਾਨਕਤਾ ਦਾ ਖੂਹ ਹੈ। ਅਗਿਆਨ, ਸੰਕੀਰਨਤਾ ਅਤੇ ਸੰਪਰਦਾਇਕਤਾ ਦੀ ਗੁਫ਼ਾ ਹੈ। ਮੈਨੂੰ ਖੁਸ਼ੀ ਹੈ ਕਿ ਸੰਵਿਧਾਨ ਦੇ ਮਸੌਦੇ ਵਿੱਚ ਪਿੰਡ ਨਹੀਂ, ਬਲਕਿ ਵਿਅਕਤੀ ਨੂੰ ਇਕਾਈ ਮੰਨਿਆ ਗਿਆ ਹੈ। ਇਸੇ ਅਧਾਰ ਤੇ ਪੰਚਾਇਤਾਂ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੋਕ ਇਹ ਕਹਿ ਦਿੰਦੇ ਹਨ ਕਿ ਅੰਬੇਦਕਰ ਪੰਚਾਇਤਾਂ ਦੇ ਵਿਰੁੱਧ ਸਨ। ਪਰ 6 ਅਕਤੂਬਰ 1932 ਨੂੰ ਬੰਬਈ ਪੇਂਡੂ ਪੰਚਾਇਤ ਬਿੱਲ ਉਤੇ ਉਹਨਾ ਨੇ ਪੰਚਾਇਤ ਦਾ ਪੱਖ ਲੈ ਕੇ ਉਸ ਵਿੱਚ ਸ਼ੋਸ਼ਤ ਸਮਾਜ ਲਈ ਪ੍ਰਤੀਨਿਧਤਾ ਦੇਣ ਦੀ ਵਕਾਲਤ ਕੀਤੀ ਸੀ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਮਹੀਪਾਲ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਭਾਰਤ ਵਿੱਚ ਪੰਚਾਇਤਾਂ ਬਹੁਤ ਪੁਰਾਣੇ ਸਮੇਂ ਤੋਂ ਹਨ। ਪੰਚ-ਾਇਤਾਂ ਕਿਵੇਂ ਸੰਵਿਧਾਨ ਦਾ ਅੰਗ ਬਣੀਆਂ, ਇਹ ਇੱਕ ਦਿਲਚਸਪ ਕਹਾਣੀ ਹੈ। ਆਜ਼ਾਦ ਭਾਰਤ ਦੇ ਲਈ ਨਵਾਂ ਸੰਵਿਧਾਨ ਬਨਾਉਣ ਲਈ ਸੰਵਿਧਾਨ ਸਭਾ ਦਾ ਗਠਨ ਦਸੰਬਰ 1946 ਵਿੱਚ ਹੋ ਗਿਆ ਸੀ। ਸੰਵਿਧਾਨ ਸਭਾ ਵਿੱਚ ਜਦ ਉਦੇਸ਼ ਅਤੇ ਟੀਚਿਆਂ ਸਬੰਧੀ ਪ੍ਰਸਤਾਵ ਪੇਸ਼ ਕੀਤਾ ਗਿਆ ਤਾਂ ਉਸ ਵਿੱਚ ਆਜ਼ਾਦ ਭਾਰਤ ਵਿੱਚ ਪੰਚਾਇਤਾਂ ਦੇ ਸਥਾਨ, ਉਹਨਾ ਦੀ ਭੂਮਿਕਾ ਆਦਿ ਦਾ ਉਲੇਖ ਨਹੀਂ ਸੀ। ਸੰਵਿਧਾਨ ਸਭਾ ਵਿੱਚ ਬਹਿਸ ਦਾ ਇੱਕ ਮੁੱਖ ਮੁੱਦਾ ਆਜ਼ਾਦ ਭਾਰਤ ਵਿੱਚ ਪੰਚਾਇਤਾਂ ਦੇ ਸਥਾਨ ਦਾ ਵੀ ਸੀ। ਇਸ ਮੁੱਦੇ ਉਤੇ ਚਾਰ ਨਵੰਬਰ 1948 ਨੂੰ ਹੋਈ ਬਹਿਸ ਦੀ ਸ਼ੁਰੂਆਤ ਡਾ: ਭੀਮਰਾਓ ਅੰਬੇਦਕਰ ਨੇ ਕੀਤੀ ਅਤੇ ਉਹਨਾ ਨੇ ਮੈਟਕਾਫ ਦੇ ਇੱਕ ਪ੍ਰਸਿੱਧ ਕਥਨ ਦਾ ਹਵਾਲਾ ਦਿੰਦਿਆਂ ਕਿਹਾ, ''ਰਾਜਬੰਸ ਦੇ ਬਾਅਦ ਰਾਜਬੰਸ ਆਉਂਦੇ ਚਲੇ ਗਏ, ਇਕ ਤੋਂ ਬਾਅਦ ਇੱਕ ਕਰਾਂਤੀ ਹੁੰਦੀ ਚਲੀ ਗਈ। ਮੁਗਲ, ਅੰਗਰੇਜ਼ ਅਤੇ ਹੋਰ ਸ਼ਾਸਕ, ਸ਼ਾਸਨ ਕਰਕੇ ਚਲੇ ਗਏ, ਲੇਕਿਨ ਭਾਰਤ ਦੇ ਪੇਂਡੂ ਭਾਈਚਾਰੇ ਵਿੱਚ ਕੋਈ ਬਦਲਾਅ ਨਹੀਂ ਆਇਆ। ਵੈਰੀ ਸੈਨਾਵਾਂ ਕੋਲੋਂ ਗੁਜਰੀਆਂ। ਪਿੰਡਾਂ ਵਾਲਿਆਂ ਨੇ ਆਪਣੇ ਪਸ਼ੂ ਚਾਰ ਦੀਵਾਰੀਆਂ 'ਚ ਬੰਦ ਕਰ ਲਏ ਅਤੇ ਸੈਨਾਵਾਂ ਬਿਨ੍ਹਾਂ ਕੁਝ ਕੀਤੇ ਚਲੀਆਂ ਗਈਆਂ''।

ਆਪਣੇ ਵਿੱਚ ਸਿਮਟੇ ਭਾਰਤੀ ਪੇਂਡੂ ਭਾਈਚਾਰੇ ਉਤੇ ਮੈਟਕਾਫ ਦੇ ਇਸ ਦਿਲ ਕੰਬਾਊ ਚਿਤਰਣ ਰਾਹੀਂ ਅੰਬੇਦਕਰ ਨੇ ਦਲੀਲ ਦਿੱਤੀ, ''ਪਿੰਡ ਕੀ ਹੈ? ਇਹ ਸਥਾਨਕਤਾ ਦਾ ਖੂਹ ਹੈ। ਅਗਿਆਨ, ਸੰਕੀਰਨਤਾ ਅਤੇ ਸੰਪਰਦਾਇਕਤਾ ਦੀ ਗੁਫ਼ਾ ਹੈ। ਮੈਨੂੰ ਖੁਸ਼ੀ ਹੈ ਕਿ ਸੰਵਿਧਾਨ ਦੇ ਮਸੌਦੇ ਵਿੱਚ ਪਿੰਡ ਨਹੀਂ, ਬਲਕਿ ਵਿਅਕਤੀ ਨੂੰ ਇਕਾਈ ਮੰਨਿਆ ਗਿਆ ਹੈ। ਇਸੇ ਅਧਾਰ ਤੇ ਪੰਚਾਇਤਾਂ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੋਕ ਇਹ ਕਹਿ ਦਿੰਦੇ ਹਨ ਕਿ ਅੰਬੇਦਕਰ ਪੰਚਾਇਤਾਂ ਦੇ ਵਿਰੁੱਧ ਸਨ। ਪਰ 6 ਅਕਤੂਬਰ 1932 ਨੂੰ ਬੰਬਈ ਪੇਂਡੂ ਪੰਚਾਇਤ ਬਿੱਲ ਉਤੇ ਉਹਨਾ ਨੇ ਪੰਚਾਇਤ ਦਾ ਪੱਖ ਲੈ ਕੇ ਉਸ ਵਿੱਚ ਸ਼ੋਸ਼ਤ ਸਮਾਜ ਲਈ ਪ੍ਰਤੀਨਿਧਤਾ ਦੇਣ ਦੀ ਵਕਾਲਤ ਕੀਤੀ ਸੀ। ਡਾ: ਅੰਬੇਦਕਰ ਨੇ ਜੇਕਰ ਸੰਵਿਧਾਨ ਸਭਾ ਵਿੱਚ ਵੀ ਪੰਚਾਇਤਾਂ ਦਾ ਪੱਖ ਲੈ ਕੇ ਉਹਨਾ ਨੂੰ ਰਾਜਾਂ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਦੇ ਅਧਿਆਏ ਵਿੱਚ ਨਾ ਰੱਖਕੇ ਸੰਵਿਧਾਨ ਦੇ ਨੌਵੇਂ ਅਧਿਆਏ ਵਿਚ ਰਖਵਾਉਣ ਦਾ ਪੱਖ ਲਿਆ ਹੁੰਦਾ ਅਤੇ ਇਹਨਾ ਸੰਸਥਾਵਾਂ ਵਿੱਚ ਦਲਿਤਾਂ ਦੀ ਪ੍ਰਤੀਨਿਧਤਾ ਦੀ ਵਕਾਲਤਾ ਕਰਦੇ, ਜਿਹੇ ਜਿਹਾ ਕਿ ਉਹਨਾ ਨੇ 1932 ਵਿੱਚ ਬਣਾਈ ਵਿਧਾਨ ਸਭਾ ਵਿੱਚ ਕੀਤਾ ਸੀ, ਤਾਂ ਅੱਜ ਪੇਂਡੂ ਦਲਿਤਾਂ ਦੀ ਸਥਿਤੀ ਵਿੱਚ ਬਹੁਤ ਸੁਧਾਰ ਹੋ ਗਿਆ ਹੁੰਦਾ। ਜੋ ਕੰਮ ਆਜ਼ਾਦੀ ਪ੍ਰਾਪਤੀ ਦੇ 43 ਸਾਲਾਂ ਬਾਅਦ 73 ਵੇ ਸੰਵਿਧਾਨ ਸੋਧ ਦੇ ਰਾਹੀਂ ਹੋਇਆ ਹੈ, ਉਹ ਸੰਵਿਧਾਨ ਲਾਗੂ ਹੋਣ ਦੇ ਨਾਲ ਹੀ ਸ਼ੁਰੂ ਹੋ ਜਾਂਦਾ। ਯਕੀਨੀ ਤੌਰ ਤੇ ਅੰਬੇਦਕਰ ਨੇ ਉਸ ਸਮੇਂ ਦੇ ਹਾਲਾਤਾਂ ਨੂੰ ਧਿਆਨ 'ਚ ਰੱਖਦਿਆਂ ਆਪਣਾ ਇਹ ਆਕਲਣ ਕੀਤਾ ਸੀ। ਇਸ ਸਮੇਂ ਪੰਚਾਇਤਾਂ ਵਿੱਚ ਲਗਭਗ ਅੱਠ ਲੱਖ ਪ੍ਰਤੀਨਿਧੀ ਦਲਿਤ ਅਤੇ ਅਨੁਸੂਚਿਤ ਜਨਜਾਤੀ ਤੋਂ ਸਰਪੰਚਾਂ ਅਤੇ ਪੰਚਾਂ ਦੇ ਰੂਪ ਵਿੱਚ ਚੁਣੇ ਹੋਏ ਹਨ। ਇੰਨੀ ਭਾਰੀ ਸੰਖਿਆ ਦੇ ਬਾਵਜੂਦ ਉਹਨਾ ਦੀ ਪ੍ਰਭਾਵੀ ਹਿੱਸੇਦਾਰੀ ਪੰਚਾਇਤਾਂ ਵਿੱਚ ਨਹੀਂ ਹੈ। ਇਸਦਾ ਕਾਰਨ ਇਹਨਾ ਵਰਗਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਹੈ। ਜੇਕਰ ਦਲਿਤ ਸਰਪੰਚ ਹੈ, ਉਸਦੇ ਸ਼ਕਤੀਆਂ ਅਤੇ ਹੱਕ ਪਿੰਡਾਂ ਦੇ ਪ੍ਰਭਾਵੀ ਲੋਕਾਂ ਵਲੋਂ ਵਰਤੇ ਜਾ ਰਹੇ ਹਨ। ਉਹਨਾ ਨੂੰ ਜਿਥੇ ਕਿਹਾ ਜਾਂਦਾ ਹੈ, ਉਹ ਉਥੇ ਅੰਗੂਠਾ ਲਗਾ ਦਿੰਦਾ ਹੈ ਜਾਂ ਦਸਤਖਤ ਕਰ ਦਿੰਦਾ ਹੈ। ਜੇਕਰ ਸਰਪੰਚ ਔਰਤ ਹੈ ਤਾਂ ਉਸਦਾ ਦੋਹਰਾ ਸ਼ੋਸ਼ਣ ਹੁੰਦਾ ਹੈ। ਉਸਦੇ ਹੱਕ ਅਤੇ ਸ਼ਕਤੀਆਂ ਘਰ ਵਾਲੇ ਜਾਂ ਕਿਸੇ ਹੋਰ ਪਰਿਵਾਰ ਦੇ ਮੈਂਬਰ ਰਾਹੀਂ ਪਿੰਡ ਦੇ ਪ੍ਰਭਾਵਸ਼ਾਲੀ ਲੋਕਾਂ ਵਲੋਂ ਵਰਤੇ ਜਾਂਦੇ ਹਨ। ਇਹ ਕਿਉਂ ਹੋ ਰਿਹਾ ਹੈ? ਇਸਦਾ ਮੁਖ ਕਾਰਨ ਹੈ ਕਿ ਉਹਨਾ ਨੂੰ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਉਹਨਾ ਨੂੰ ਡਰ ਹੈ ਕਿ ਜੇਕਰ ਉਹ ਸਹੀ ਗੱਲ ਦਾ ਪੱਖ ਲੈਣਗੇ, ਤਾਂ ਉਹਨਾ ਦਾ ਸਾਥ ਕੌਣ ਦੇਵੇਗਾ? ਉਹਨਾ ਨੂੰ ਪੰਚਾਇਤਾਂ ਦੇ ਹੱਕਾਂ ਦੇ ਬਾਰੇ ਵਿੱਚ ਜਾਣਕਾਰੀ ਕੌਣ ਦੇਵੇਗਾ?ਉਹਨਾ ਦਾ ਸਾਥ ਕੌਣ ਦੇਵੇਗਾ? ਪੰਚਾਇਤਾਂ ਦਾ ਇੱਕ ਮੁੱਖ ਕੰਮ ਪਿੰਡਾਂ ਦੇ ਆਰਥਿਕ ਅਤੇ ਸਮਾਜਕ ਨਿਆਂ ਦੀਆਂ ਯੋਜਨਾਵਾਂ ਬਨਾਉਣਾ ਹੈ, ਜਿਸ ਵਿੱਚ 29 ਵਿਸ਼ੇ ਸ਼ਾਮਲ ਹਨ। ਇਸ ਵਿੱਚ ਉਹ ਸਾਰੇ ਵਿਸ਼ੇ ਸ਼ਾਮਲ ਹਨ, ਜੋ ਪਿੰਡਾਂ ਦੇ ਵਿਕਾਸ ਲਈ ਜ਼ਰੂਰੀ ਹਨ। ਸੰਵਿਧਾਨ ਦੇ ਅਨੁਸਾਰ ਆਰਥਿਕ ਵਿਕਾਸ, ਸਮਾਜਿਕ ਪੱਖੋਂ ਸਭਨਾਂ ਲਈ ਨਿਆਪੂਰਵਕ ਹੋਵੇ ਅਰਥਾਤ ਆਰਥਿਕ ਵਿਕਾਸ ਤਦੇ ਨਿਆਪੂਰਵਕ ਹੋਵੇਗਾ, ਜਦ ਪਿੰਡ ਦੇ ਪੱਛੜੇ ਖੇਤਰ ਦਾ ਵਿਕਾਸ ਹੋਵੇਗਾ ਜਾਂ ਜਿਥੇ ਪੱਛੜੇ ਲੋਕ ਰਹਿੰਦੇ ਹਨ, ਉਹਨਾ ਦਾ ਵਿਕਾਸ ਹੋਵੇਗਾ।

ਲੇਖਕ ਹਰਿਆਣਾ, ਉਤਰਪ੍ਰਦੇਸ਼ ਅਤੇ ਰਾਜਸਥਾਨ ਦੇ ਲਗਭਗ 400 ਪਿੰਡਾਂ ਵਿੱਚ ਘੁੰਮ ਚੁੱਕਾ ਹੈ ਅਤੇ ਵੇਖਿਆ ਹੈ ਕਿ ਜਿਥੇ ਦਲਿਤ ਬਸਤੀ ਹੈ, ਆਦਿਵਾਸੀ ਬਸਤੀ ਹੈ ਜਾਂ ਖੇਤਰ ਹੈ, ਉਥੇ ਜੇਕਰ ਤੁਲਨਾਤਮਕ ਨਜ਼ਰ ਨਾਲ ਵੇਖੀਏ ਤਾਂ ਵਿਕਾਸ ਘੱਟ ਹੋਇਆ ਹੈ। ਕਾਰਣ? ਜੋ ਲੋਕ ਇਥੇ ਰਹਿੰਦੇ ਹਨ, ਉਹਨਾ ਦੀ ਹਿੱਸੇਦਾਰੀ ਨਹੀਂ ਹੈ। ਪੰਚਾਇਤਾਂ 'ਚ ਕੇਵਲ ਇੱਕ ਵੇਰ ਵੋਟਾਂ ਪਵਾ ਲਵੋ, ਇਹੀ ਉਹਨਾ ਦੀ ਹਿੱਸੇਦਾਰੀ ਹੈ। ਦੂਜੀ ਸਮੱਸਿਆ ਹੈ ਕਿ ਪੰਚਾਇਤਾਂ ਵਿੱਚ ਪੰਚਾਂ ਦੀ ਹਿੱਸੇਦਾਰੀ ਹੈ ਹੀ ਨਹੀਂ। ਸਰਪੰਚ ਆਪਣੇ ਕੁਝ ਖਾਸ ਲੋਕਾਂ ਨਾਲ ਬੈਠਕ ਦਾ ਕੋਰਮ ਪੂਰਾ ਕਰ ਲੈਂਦਾ ਹੈ ਅਤੇ ਸਰਕਾਰੀ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਪੈਸੇ ਦੀ ਬੰਦਰ ਵੰਡ ਹੁੰਦੀ ਰਹਿੰਦੀ ਹੈ।

ਪਿੰਡ ਦੇ ਅੰਦਰ ਵਿੱਤੀ ਸਾਲ 2018-19 ਵਿੱਚ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਨੇ 1,14,915 ਕਰੋੜ ਰੁਪਏ ਵੰਡੇ। ਇਸ ਵਿੱਚ 55000ਕਰੋੜ ਰੁਪਏ ਦਾ ਮਗਨਰੇਗਾ (ਮਹਾਤਮਾ ਗਾਂਧੀ ਗ੍ਰਾਮੀਣ ਰੋਜ਼ਗਾਰ ਗਰੰਟੀ ਯੋਜਨਾ) ਦਾ ਪੈਸਾ ਵੀ ਸ਼ਾਮਲ ਹੈ। ਦੋ ਲੱਖ ਕਰੋੜ ਤੋਂ ਵੀ ਜ਼ਿਆਦਾ ਦੀ ਪੈਸੇ ਦੀ ਵੰਡ ਪਿੰਡਾਂ ਦੇ ਵਿਕਾਸ ਲਈ ਚੌਹਦਵੇਂ ਵਿੱਤ ਕਮਿਸ਼ਨ ਰਾਹੀਂ ਪੰਜ ਸਾਲਾਂ ਲਈ ਦਿੱਤੀ ਜਾ ਰਹੀ ਹੈ। ਹੋਰ ਵਿਭਾਗ ਜਿਵੇਂ ਸਿੱਖਿਆ, ਸਿਹਤ, ਖੇਤੀ ਆਦਿ ਦੇ ਲਈ ਪਿੰਡਾਂ ਨੂੰ ਦਿੱਤਾ ਗਿਆ ਪੈਸਾ ਵੀ ਇਸ ਵਿੱਚ ਸ਼ਾਮਲ ਕਰ ਲਿਆ ਜਾਵੇ, ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨਾ ਪੈਸਾ ਪਿੰਡਾਂ ਨੂੰ ਜਾ ਰਿਹਾ ਹੈ। ਜਾਹਿਰ ਹੈ ਪੈਸਾ ਤਾਂ ਆ ਰਿਹਾ ਹੈ, ਮਗਰ ਉਸਦੀ ਸਹੀ ਵਰਤੋਂ ਕਿਵੇਂ ਹੋਵੇ, ਇਹ ਇਕ ਵੱਡੀ ਚਣੌਤੀ ਹੈ।

ਪਿੰਡਾਂ ਵਿੱਚ ਕੰਮ ਕਰ ਰਹੇ ਦਲਿਤ ਅਤੇ ਆਦਿਵਾਸੀ ਸੰਗਠਨ ਜੋ ਪੰਚਾਇਤਾਂ ਲਈ ਕੰਮ ਕਰ ਰਹੇ ਹਨ, ਜੇਕਰ ਹੇਠ ਲਿਖੇ ਅਨੁਸਾਰ ਪੰਚਾਇਤਾਂ ਲਈ ਕੰਮ ਕਰਨ ਤਾਂ ਡਾ: ਅੰਬੇਦਕਰ ਦੇ ਵਿਚਾਰਾਂ ਨੂੰ ਅਮਲ ਵਿੱਚ ਲਿਆ ਸਕਣਗੇ। ਪਹਿਲਾ, ਉਹ ਇਹ ਜਾਂਚ ਕਰਨ ਕਿ ਪਿੰਡਾਂ ਵਿੱਚ ਪੰਚਾਇਤਾਂ ਵਿੱਚ ਰੋਜ਼ਗਾਰ ਦੇ ਲਈ ਅਤੇ ਸਮੂਹਿਕ ਪੇਂਡੂ ਵਿਕਾਸ ਲਈ ਕਿੰਨਾ ਪੈਸਾ ਪਿੰਡ ਪੰਚਾਇਤ ਨੂੰ ਆ ਰਿਹਾ ਹੈ ਅਤੇ ਉਸਦਾ ਕਿੰਨਾ ਹਿੱਸਾ ਪਿੰਡਾਂ ਦੇ ਪੱਛੜੇ ਖੇਤਰ ਵਿੱਚ ਪੱਛੜੇ ਲੋਕਾਂ 'ਤੇ ਖਰਚਿਆਂ ਜਾ ਰਿਹਾ ਹੈ। ਦੂਜਾ, ਉਹ ਵੇਖਣ ਕਿ ਇਹਨਾ ਦਲਿਤਾਂ ਉਤੇ ਆਦਿਵਾਸੀ ਸਮਾਜ ਦੇ ਸਰਪੰਚ ਜਾਂ ਪੰਚਾਂ ਦੀ ਸਮਰੱਥਾ ਅਤੇ ਸ਼ਮੂਲੀਅਤ ਵਧਾਈ ਜਾ ਸਕਦੀ ਹੈ।

ਤੀਜਾ, ਉਹਨਾ ਨੂੰ ਲਗਾਤਾਰ 'ਮਦਦ' ਦਿੱਤੀ ਜਾਵੇ। ਸਥਾਨਕ ਪੱਧਰ ਤੇ ਪੱਛੜੇ ਵਰਗ ਲਈ ਸਮਾਜਕ ਨਿਆਪੂਰਵਕ ਯੋਜਨਾਵਾਂ ਬਨਣ। ਇਸ ਤਰ੍ਹਾਂ ਜੇਕਰ ਇਹਨਾ ਸੰਗਠਨਾਂ ਵਲੋਂ ਪਿੰਡ ਦੇ ਗਰੀਬ ਲੋਕਾਂ ਦੇ ਵਿਕਾਸ ਲਈ ਕੰਮ ਨਹੀਂ ਕੀਤਾ ਜਾਂਦਾ ਤਾਂ ਉਹ ''ਸਮਾਜਿਕ ਐਕਸ਼ਨ'' ਵਿੱਚ ਨਹੀਂ ਹਨ ਅਤੇ ਸਮਾਜ ਦਾ ਕਰਜ਼ਾ ਵਾਪਿਸ ਨਹੀਂ ਕਰਨਗੇ ਅਰਥਾਤ 'ਪੇ-ਬੈਕ' ਨਹੀਂ ਕਰ ਰਹੇ।

# ਹਾਕੀ ਦਾ ਸਰਦਾਰ- ਬਲਬੀਰ ਸਿੰਘ 'ਸੀਨੀਅਰ'



ਜਗਜੀਤ ਸਿੰਘ 'ਗਣੇਸ਼ਪੁਰ'
91-94655-76022

ਕਦੇ ਸਮਾਂ ਸੀ ਕਿ ਪੂਰੀ ਦੁਨੀਆ ਵਿੱਚ ਭਾਰਤੀ ਹਾਕੀ ਟੀਮ ਦੀ ਤੂਤੀ ਬੋਲਦੀ ਸੀ ਅਤੇ ਭਾਰਤੀ ਟੀਮ ਵਿੱਚ ਸਰਦਾਰ ਖਿਡਾਰੀਆ ਦਾ ਬੋਲਬਾਲਾ ਸੀ। ਅੰਤਰਰਾਸ਼ਟਰੀ ਪੱਧਰ ਤੇ 18 ਦੇਸ਼ਾਂ ਦੀਆਂ ਰਾਸ਼ਟਰੀ ਟੀਮਾਂ ਵਿੱਚ ਸਿੱਖ ਖਿਡਾਰੀ ਆਪਣੀ ਖੇਡ ਕਲਾਂ ਦਾ ਪ੍ਰਦਰਸ਼ਨ ਕਰ ਚੁੱਕੇ ਹਨ।ਸਿੱਖ ਖਿਡਾਰੀਆਂ ਦੇ ਭਾਰਤੀ ਟੀਮ ਵਿੱਚ ਪਾਏ ਯੋਗਦਾਨ ਦਾ ਇਸ ਤੱਥ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 1928 ਤੋਂ ਲੈ ਕੇ ਸੋਨਾ ਤਗਮਾ ਜੇਤੂ ਹਰੇਕ ਭਾਰਤੀ ਟੀਮ ਦਾ ਹਿੱਸਾ ਰਹੇ। 1968 'ਚ ਮੈਕਸੀਕੋ ਓਲਪਿੰਕ ਵਿੱਚ ਕੁੱਲ 18 ਖਿਡਾਰੀਆਂ ਵਿੱਚ 13 ਸਿੱਖ ਖਿਡਾਰੀ ਸਨ।ਸਿੱਖ ਸਰਦਾਰ ਓਲਪਿੰਕ, ਵਿਸ਼ਵ ਕੱਪ, ਚੈਂਪੀਅਨਜ਼ ਟਰਾਫ਼ੀ ਅਤੇ ਏਸ਼ੀਅਨ ਖੇਡਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵਜੋਂ ਨੁਮਾਇੰਦਗੀ ਕਰ ਚੁੱਕੇ ਹਨ। ਇਨ੍ਹਾਂ ਵਿੱਚੋਂ ਹੀ ਇਕ ਭਾਰਤੀ ਟੀਮ ਦੇ ਸਫਲ ਕਪਤਾਨ ਅਤੇ ਮਹਾਨ ਸੈਂਟਰ ਫਾਰਵਰਡ ਖਿਡਾਰੀ ਰਹੇ ਸ. ਬਲਬੀਰ ਸਿੰਘ ਸੀਨੀਅਰ ਹਨ ਜਿੰਨਾ ਆਪਣੀ ਖੇਡ ਕਲਾਂ ਦੀ ਧਾਕ ਪੂਰੀ ਦੁਨੀਆ ਵਿੱਚ ਪਾਈ।ਉਨ੍ਹਾਂ ਦਾ ਪੂਰਾ ਨਾਮ ਬਲਬੀਰ ਸਿੰਘ ਦੁਸਾਂਝ ਹੈ ਪਰ ਪੂਰੀ ਦੁਨੀਆ ਉਨ੍ਹਾਂ ਨੂੰ ਬਲਬੀਰ ਸਿੰਘ ਸੀਨੀਅਰ ਦੇ ਨਾਮ ਨਾਲ ਜਾਣਦੀ ਹੈ। ਸ. ਬਲਬੀਰ ਸਿੰਘ ਜੀ ਦਾ ਜਨਮ 31/12/1923 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਸ. ਦਲੀਪ ਸਿੰਘ ਸੀ ਜੋ ਕਿ ਇਕ ਅਜ਼ਾਦੀ ਘੁਲਾਟੀਏ ਸਨ ਅਤੇ ਮਾਤਾ ਜੀ ਦਾ ਨਾਮ ਕਰਮ ਕੌਰ ਸੀ। ਸ. ਬਲਬੀਰ ਸਿੰਘ ਦਾ ਜੱਦੀ ਪਿੰਡ ਪੁਆਦੜਾ ਹੈ ਜੋ ਕਿ ਜ਼ਿਲ੍ਹਾ ਜਲੰਧਰ ਵਿੱਚ ਹੀ ਪੈਂਦਾ ਹੈ। ਬਲਬੀਰ ਸਿੰਘ ਜੀ ਨੇ ਮੋਗੇ ਦੇ ਦੇਵ ਸਮਾਜ ਸਕੂਲ ਵਿਖੇ ਆਪਣੇ ਖੇਡ ਜੀਵਨ ਦੀ ਸ਼ੁਰੂਆਤ ਗੋਲ-ਕੀਪਰ ਵਜੋਂ ਕੀਤੀ ਪਰ ਬਾਅਦ ਵਿੱਚ ਉਹ ਫਾਰਵਰਡ ਲਾਈਨ ਵਿੱਚ ਖੇਡਣ ਲੱਗੇ। ਸ. ਹਰਬੇਲ ਸਿੰਘ ਜੋ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਟੀਮ ਦੇ ਕੋਚ ਸਨ ਉਹ ਬਲਬੀਰ ਸਿੰਘ ਦੀ ਖੇਡ ਕਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੇ ਜ਼ੋਰ ਦੇਣ ਤੇ ਬਲਬੀਰ ਸਿੰਘ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਖ਼ਾਲਸਾ ਕਾਲਜ ਅੰਮ੍ਰਿਤਸਰ 1942 'ਚ ਵਿੱਚ ਆ ਕੇ ਉਨ੍ਹਾਂ ਦੀ ਦੇਖ ਰੇਖ ਵਿੱਚ ਹਾਕੀ ਖੇਡਣ ਲੱਗੇ। 1942'ਚ ਹੀ ਉਨ੍ਹਾਂ ਦੀ ਪੰਜਾਬ ਯੂਨੀਵਰਸਿਟੀ ਦੀ ਟੀਮ ਵਿੱਚ ਚੋਣ ਹੋਈ ਅਤੇ ਉਨ੍ਹਾਂ ਦੀ ਕਪਤਾਨੀ ਦੇ ਅੰਦਰ ਹੀ ਯੂਨੀਵਰਸਿਟੀ ਲਗਾਤਾਰ 1943,44,45 ਵਿੱਚ ਇੰਟਰ ਯੂਨੀਵਰਸਿਟੀ ਖ਼ਿਤਾਬ ਜਿੱਤਣ ਵਿੱਚ ਕਾਮਯਾਬ ਰਹੀ। ਉਹ ਵੰਡ ਤੋਂ ਪਹਿਲਾ ਦੇ ਪੰਜਾਬ ਦੀ 1947 'ਚ ਨੈਸ਼ਨਲ ਚੈਂਪੀਅਨ ਜਿੱਤਣ ਵਾਲੀ ਟੀਮ ਦੇ ਖਿਡਾਰੀ ਵੀ ਰਹੇ। ਪੰਜਾਬ ਪੁਲਿਸ ਵਿੱਚ ਨੌਕਰੀ ਕਰਦੇ ਉਨ੍ਹਾਂ ਨੇ 1941 ਤੋਂ 1961 ਤੱਕ ਪੰਜਾਬ ਪੁਲਿਸ ਹਾਕੀ ਟੀਮ ਦੀ ਕਪਤਾਨੀ ਵੀ ਕੀਤੀ। ਉਨ੍ਹਾਂ ਨੇ ਆਪਣੀ ਪਹਿਲੀ ਲੰਡਨ ਓਲਪਿੰਕ 1948 'ਚ ਆਪਣੇ ਪਹਿਲੇ ਹੀ ਮੈਚ ਵਿੱਚ ਅਰਜਨਟੀਨਾ ਦੇ ਖ਼ਿਲਾਫ਼ 6 ਗੋਲ ਹੀ ਨਹੀਂ ਕੀਤੇ ਸਗੋਂ ਹੈਟ੍ਰਿਕ ਵੀ ਬਣਾਈ। ਫਾਈਨਲ ਮੈਚ ਵਿੱਚ ਭਾਰਤ ਨੇ ਬਰਤਾਨੀਆ ਜਿਨ੍ਹਾਂ ਨੇ ਸਾਡੇ ਦੇਸ਼ ਤੇ 200 ਸਾਲ ਰਾਜ ਕੀਤਾ ਉਸ ਦੇਸ਼ ਦੀ ਟੀਮ ਨੂੰ ਉਸ ਦੇ ਖੇਡ ਮੈਦਾਨ ਅੰਦਰ 4-0 ਨਾਲ ਹਰਾਇਆ, ਇਸ ਵਿੱਚ ਬਲਬੀਰ ਸਿੰਘ ਦੇ



ਵੀ 2 ਸ਼ਾਨਦਾਰ ਗੋਲ ਸ਼ਾਮਿਲ ਸਨ। ਇਸ ਓਲਪਿੰਕ ਵਿੱਚ ਸ. ਬਲਬੀਰ ਸਿੰਘ ਨੂੰ ਖੇਡ ਰਾਜਨੀਤੀ ਦਾ ਵੀ ਸ਼ਿਕਾਰ ਹੋਣਾ ਪਿਆ ਤੇ ਉਹ ਕੁਝ ਮੈਚ ਨਹੀਂ ਖੇਡ ਸਕੇ। 1952 'ਚ ਹੈਲਸਿੰਕੀ, ਫਿਨਲੈਂਡ ਵਿੱਚ ਹੋਇਆ ਓਲਪਿੰਕ ਖੇਡਾਂ ਵਿੱਚ ਉਨ੍ਹਾਂ ਨੂੰ ਭਾਰਤੀ ਖੇਡ ਦਲ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਅਤੇ ਉਹ ਭਾਰਤੀ ਹਾਕੀ ਟੀਮ ਦੇ ਵਾਈਸ ਕੈਪਟਨ ਵਜੋਂ ਖੇਡੇ। ਇਸ ਓਲਪਿੰਕ ਵਿੱਚ ਬਰਤਾਨੀਆ ਦੇ ਖ਼ਿਲਾਫ਼ ਸੈਮੀ ਫਾਈਨਲ ਵਿੱਚ ਉਨ੍ਹਾਂ ਨੇ ਇਕ ਵਾਰ ਫਿਰ ਹੈਟ-ਟ੍ਰਿਕ ਬਣਾਈ, ਇਹ ਮੈਚ ਭਾਰਤ ਬਲਬੀਰ ਸਿੰਘ ਦੇ ਹੀ ਤਿੰਨ ਗੋਲਾਂ ਨਾਲ ਜਿੱਤਿਆ। ਫਾਈਨਲ ਵਿੱਚ ਉਨ੍ਹਾਂ ਨੇ ਜੋ ਰਿਕਾਰਡ ਬਣਾਇਆ ਉਹ ਅੱਜ 66 ਸਾਲ ਹੋਣ ਤੋਂ ਬਾਅਦ ਵੀ ਕਾਇਮ ਹੈ ਜਦੋਂ ਬਲਬੀਰ ਸਿੰਘ ਨੇ ਇਕ ਤੋਂ ਬਾਅਦ ਇਕ ਪੰਜ ਗੋਲ ਕਰਕੇ ਭਾਰਤ ਨੂੰ ਨੀਦਰਲੈਂਡ ਦੇ ਖ਼ਿਲਾਫ਼ 6-1 ਨਾਲ ਵੱਡੀ ਜਿੱਤ ਦਿਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਰਿਕਾਰਡ ਲਈ ਉਨ੍ਹਾਂ ਦਾ ਨਾਮ ਗਿਨਿਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਇਸ ਹੀ ਓਲਪਿੰਕ ਵਿੱਚ ਇਕ ਰੋਚਕ ਘਟਨਾ ਵੀ ਵਾਪਰੀ ਜਦੋਂ ਇਕ ਮਹਿਲਾ ਪ੍ਰਸੰਸਕ ਨੇ ਬਲਬੀਰ ਸਿੰਘ ਦੀ ਜਰਸੀ ਦਾ 13 ਨੰਬਰ ਹੋਣ ਕਾਰਨ ਉਸ ਨੂੰ ਕਿਹਾ ਕਿ ਇਹ ਨੰਬਰ ਸ਼ੁੱਭ ਨਹੀਂ ਮੰਨਿਆ ਜਾਂਦਾ ਪਰ ਬਲਬੀਰ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਸਾਡੀ ਸੰਸਕ੍ਰਿਤੀ ਅਨੁਸਾਰ 13 ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ ਇਸ ਲਈ ਇਹ ਮੇਰੇ ਲਈ ਅਸ਼ੁਭ ਨਹੀਂ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਓਲਪਿੰਕ ਵਿੱਚ ਭਾਰਤੀ ਟੀਮ ਨੇ ਕੁੱਲ ਗੋਲ ਵੀ 13 ਹੀ ਕੀਤੇ ਜਿਸ ਵਿੱਚ ਬਲਬੀਰ ਸਿੰਘ ਦੇ 9 ਗੋਲ ਸ਼ਾਮਿਲ ਸਨ।

1956'ਚ ਮੈਲਬੋਰਨ,ਅਸਟ੍ਰੇਲੀਆ ਵਿੱਚ ਹੋਈਆਂ ਓਲਪਿੰਕ ਖੇਡਾਂ ਵਿੱਚ ਬਲਬੀਰ ਸਿੰਘ ਨੂੰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ। ਉਨ੍ਹਾਂ ਨੇ ਆਪਣੇ ਪਹਿਲੇ ਹੀ ਮੈਚ ਵਿੱਚ ਅਫ਼ਗ਼ਾਨਿਸਤਾਨ ਦੇ ਖ਼ਿਲਾਫ਼ ਪੰਜ ਗੋਲ ਕੀਤੇ ਪਰ ਬਦਕਿਸਮਤੀ ਨਾਲ ਸੱਟ ਲੱਗਣ ਕਾਰਨ ਲੀਗ ਮੈਚ ਖੇਡ ਨਹੀਂ ਸਕੇ ਅਤੇ ਰਣਧੀਰ ਸਿੰਘ ਇੰਨਾ ਮੁਕਾਬਲਿਆਂ ਵਿੱਚ ਕਪਤਾਨੀ ਦੀ ਜ਼ਿੰਮੇਵਾਰੀ ਨਿਭਾਈ। ਬਲਬੀਰ ਸਿੰਘ ਇਸ ਤੋਂ ਬਾਅਦ ਹੋਏ ਸੈਮੀ ਫਾਈਨਲ ਅਤੇ ਫਾਈਨਲ ਮੁਕਾਬਲਾ ਖੇਡੇ। ਭਾਰਤ ਨੇ ਸੋਨ ਤਗਮਾ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 1-0 ਨਾਲ ਹਰਾ ਕੇ ਜਿੱਤਿਆ।ਉਨ੍ਹਾਂ ਨੂੰ ਤਿੰਨ ਵਾਰ ਓਲਪਿੰਕ ਜੇਤੂ ਟੀਮ ਦਾ ਹਿੱਸਾ ਹੋਣ ਕਾਰਨ ਗੋਲਡਨ ਹੈਟ੍ਰਿਕ ਵਾਲਾ ਬਲਬੀਰ ਵੀ ਕਿਹਾ ਜਾਣ ਲੱਗਾ।

1957 'ਚ ਸ. ਬਲਬੀਰ ਸਿੰਘ ਖੇਡ ਵਰਗ ਵਿੱਚ ਪਦਮ ਮੈਟ੍ਰਿਕ ਪ੍ਰਾਪਤ ਕਰਨ ਵਾਲ ਪਹਿਲੇ ਖਿਡਾਰੀ ਬਣੇ।ਉਹ ਭਾਰਤੀ ਟੀਮ ਜਿਹੜੀ 1958 ਅਤੇ 1962 ਦੀਆਂ ਚਾਂਦੀ ਦਾ ਤਗਮਾ ਜਿੱਤਣ ਵਾਲੀ ਟੀਮ ਦੇ ਮੈਂਬਰ ਰਹੇ।1971 ਦੀ ਵਿਸ਼ਵ ਕੱਪ ਵਿੱਚ ਤਾਂਬੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਉਹ ਕੋਚ ਰਹੇ ਅਤੇ 1975 ਦੀ ਵਿਸ਼ਵ ਕੱਪ ਵਿਜੇਤਾ ਟੀਮ ਦੇ ਉਹ ਚੀਫ਼ ਕੋਚ ਅਤੇ ਮੈਨੇਜਰ ਰਹੇ। ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀ ਮੌਤ ਹੋਣ ਅਤੇ ਆਪਣੀ ਧਰਮ ਪਤਨੀ ਸੁਸ਼ੀਲ ਕੌਰ ਨੂੰ ਬਰੇਨ ਸਟ੍ਰੋਕ ਹੋਣ ਦੇ ਬਾਵਜੂਦ ਭਾਰਤੀ ਟੀਮ ਦੀ ਸਿਖਲਾਈ ਵਿੱਚ ਕੋਈ ਵਿਘਨ ਨਹੀਂ ਆਉਣ ਦਿੱਤਾ ਉਹ ਕਹਿੰਦੇ ਹਨ ਕਿ ਦੇਸ਼ ਸਭ ਤੋਂ ਪਹਿਲਾ, ਉਨ੍ਹਾਂ ਦੇ ਇਸ ਜਜ਼ਬੇ ਦੇ ਫਲਸਰੂਪ ਹੀ ਭਾਰਤੀ ਟੀਮ 1975 'ਚ ਵਿਸ਼ਵ ਵਿਜੇਤਾ ਬਣੀ।ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀ ਖੇਡ ਉਪਲਬਧੀਆਂ ਲਈ ਕਈ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ।1958 'ਚ ਡੋਮੈਨਿਕ ਗਣਰਾਜ ਦੁਆਰਾ 1956 ਦੇ ਉਲੰਪਿਕ ਦੀ ਯਾਦਗਾਰ ਮਨਾਉਣ ਲਈ ਉਨ੍ਹਾਂ ਤੇ ਡਾਕ ਟਿਕਟ ਵੀ ਜਾਰੀ ਕੀਤਾ ਗਿਆ। 1982'ਚ ਨਵੀਂ ਦਿੱਲੀ ਵਿੱਚ ਹੋਈਆਂ ਏਸ਼ੀਆ ਖੇਡਾਂ ਮੌਕੇ ਉਨ੍ਹਾਂ ਦੁਆਰਾ ਹੀ ਪਵਿੱਤਰ ਲਾਟ ਨੂੰ ਰੌਸ਼ਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਸਾਲ 1 9 82 ਵਿਚ ਪੈਟਰੋਇਟ ਅਖ਼ਬਾਰ ਦੁਆਰਾ ਕਰਵਾਏ ਗਏ ਇਕ ਕੌਮੀ ਸਰਵੇਖਣ ਵਿਚ ਉਨ੍ਹਾਂ ਨੂੰ ਸਦੀ ਦੇ ਭਾਰਤੀ ਖਿਡਾਰੀ ਵਜੋਂ ਚੁਣਿਆ ਗਿਆ।

2006 'ਚ ਉਨ੍ਹਾਂ ਨੂੰ ਸਭ ਤੋ ਸਰਵੋਤਮ ਸਿੱਖ ਹਾਕੀ ਖਿਡਾਰੀ ਦੇ ਸਨਮਾਨ ਨਾਲ ਨਿਵਾਜਿਆ ਗਿਆ। 2012 'ਚ ਉਹ ਏਸ਼ੀਆ ਮਹਾਂਦੀਪ ਤੋਂ ਇਕਲੌਤੇ ਖਿਡਾਰੀ ਹਨ ਜਿਨ੍ਹਾਂ ਨੂੰ ਕਿ ਕੌਮਾਂਤਰੀ ਓਲਪਿੰਕ ਕਮੇਟੀ ਨੇ ਓਲਪਿੰਕ ਇਤਿਹਾਸ ਦੇ 16 ਆਈਕਾਨ ਖਿਡਾਰੀਆਂ ਵਿੱਚ ਸ਼ਾਮਿਲ ਕੀਤਾ ਜਿਨ੍ਹਾਂ ਵਿੱਚ ਅੱਠ ਪੁਰਸ਼ ਅਤੇ ਅੱਠ ਮਹਿਲਾ ਖਿਡਾਰੀ ਸ਼ਾਮਲ ਸਨ। 2015 'ਚ ਸ. ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਮੇਜਰ ਧਿਆਨ ਚੰਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ ''ਦੀ ਗੋਲਡਨ ਹੈਟ-ਟ੍ਰਿਕ (1977)" ਅਤੇ "ਦੀ ਗੋਲਡਨ ਯਾਰਡ ਸਟਿੱਕ (2008) ਜਿਨ੍ਹਾਂ ਵਿੱਚ ਪਹਿਲੀ ਉਨ੍ਹਾਂ ਦੀ ਸਵੈਜੀਵਨੀ ਹੈ।ਉਹ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਵਜੋਂ ਵੀ ਆਪਣੀਆਂ ਸੇਵਾ ਨਿਭਾ ਚੁੱਕੇ ਹਨ। ਉਹ ਅੱਜਕੱਲ੍ਹ ਚੰਡੀਗੜ੍ਹ ਵਿੱਚ ਰਹਿ ਰਹੇ ਹਨ।2016 'ਚ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਖੇਲ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸ. ਬਲਬੀਰ ਸਿੰਘ ਜੀ ਦੀਆਂ ਹੁਣ ਦੋ ਇੱਛਾਵਾਂ ਹਨ ਇਕ ਤਾਂ ਉਹ ਭਾਰਤੀ ਹਾਕੀ ਟੀਮ ਓਲਪਿੰਕ ਵਿੱਚ ਸੋਨ ਤਗਮਾ ਜਿੱਤਦੇ ਦੇਖਣਾ ਚਾਹੁੰਦੇ ਹਨ ਤੇ ਦੂਜੀ ਉਨ੍ਹਾਂ ਦੇ ਮੈਡਲ ਅਤੇ ਬਲੈਜ਼ਰ ਜੋ ਕਿ ਸਪੋਰਟਸ ਅਥਾਰਿਟੀ ਆਫ਼ ਇੰਡੀਆ ਨੂੰ ਸਪੋਰਟਸ ਮਿਊਜ਼ੀਅਮ ਵਿੱਚ ਰੱਖਣ ਨੂੰ ਦਿੱਤੇ ਸਨ ਜੋ ਕਿ ਸ਼ਾਇਦ ਲਾਪਤਾ ਹੋ ਗਏ ਹਨ ਉਹ ਉਨ੍ਹਾਂ ਨੂੰ ਵਾਪਸ ਮਿਲ ਜਾਣ।ਆਪਣੇ ਦੇਸ਼ ਨਾਲ ਅਥਾਹ ਪਿਆਰ ਅਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਵਾਲੇ ਇਸ ਮਹਾਨ ਖਿਡਾਰੀ ਨੂੰ 'ਭਾਰਤ ਰਤਨ' ਦਿਵਾਉਣ ਲਈ ਕਈ ਮੁਹਿੰਮਾਂ ਚਲਾਈਆਂ ਗਈਆਂ ਪਰ ਹਾਲੇ ਤੱਕ ਉਨ੍ਹਾਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ। ਉਨ੍ਹਾਂ ਦੇ ਜੀਵਨ ਭਰ ਦੀਆਂ ਪ੍ਰਾਪਤੀਆ ਦੇਖਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਸਨਮਾਨ ਦੇ ਪ੍ਰਬਲ ਦਾਅਵੇਦਾਰ ਹਨ।

# ਗੁਰੂ ਹਰਿਗੋਬਿੰਦ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫੀ ਲੰਮਾ ਸਮਾਂ ਪ੍ਰਚਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਅੰਮ੍ਰਿਤਸਰ ਤੋਂ ਦੌਰਾ ਸ਼ੁਰੂ ਕਰ ਗੋਇੰਦਵਾਲ ਕਰਤਾਰਪੁਰ ਦੇ ਦੌਰਿਆਂ ਤੋਂ ਬਾਅਦ ਮੁੜ ਅੰਮ੍ਰਿਤਸਰ ਪਰਤੇ। ਉਥੇ ਨੇੜਲੇ ਪਿੰਡ ਵਡਾਲੀ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਆਗਮਨ ਹੋਇਆ।

ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬੈਠੇ ਦੇਖਣਾ ਚਾਹੁੰਦਾ ਸੀ। ਜਦਕਿ ਗੁਰੂ ਅਰਜਨ ਦੇਵ ਜੀ ਦੇ ਘਰ ਗੁਰੂ ਹਰਿਗੋਬਿੰਦ ਜੀ ਦਾ ਆਗਮਨ ਬੜੀ ਦੇਰ ਬਾਅਦ ਹੋਇਆ ਸੀ। ਫਿਰ ਉਸਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਗੁਰੂ ਹਰਿਗੋਬਿੰਦ ਜੀ ਨੂੰ ਮੁਕਾਉਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰ-ਪਿਤਾ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਵਿੱਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਦੇਖ-ਰੇਖ ਵਿਚ ਦੁਨਿਆਵੀ ਵਿਦਿਆ ਤੋਂ ਇਲਾਵਾ ਘੋੜ ਸਵਾਰੀ, ਨੇਜਾਬਾਜ਼ੀ, ਬੰਦੂਕ ਆਦਿ ਪ੍ਰਚੱਲਿਤ ਸ਼ਸਤਰਾਂ ਨੂੰ ਚਲਾਉਣ ਵਿਚ ਮਾਹਿਰ ਕੀਤਾ।

ਜਦੋਂ ਗੁਰੂ ਹਰਿਗੋਬਿੰਦ ਜੀ ਦੀ ਉਮਰ 11 ਕੁ ਵਰ੍ਹੇ ਦੀ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਵਿਚ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਮੁੜ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਸ਼ਸਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਚੇਤ ਕਰ ਦਿੱਤਾ ਕਿ ਗੁਰਗੱਦੀ ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਹੀ ਫੌਜ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਜੀ 25 ਮਈ 1606 ਈ: ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਪ੍ਰਚੱਲਿਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ, ਜਿਸਦਾ ਤਿਆਗ ਕਰਕੇ ਗੁਰੂ ਨੇ ਦੋ ਤਲਵਾਰਾਂ ਬੱਧੀਆਂ ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ, ਦੂਜੀ ਸੰਸਾਰਕ ਅਗਵਾਈ ਵਾਸਤੇ। ਉਹਨਾਂ ਮੁਹੱਟਾ ਗੁਰੂ ਸਮਰਥ ਰਾਮਦਾਸ ਨੂੰ ਸਪਸ਼ਟ ਕੀਤਾ ਕਿ ਸ਼ਸਤਰ ਧਾਰਨ ਕਰਨ 'ਤੇ ਵੀ ਅੰਤਰ ਮੁਖੀ ਸਾਧੂ ਤੇ ਬਾਹਰ ਮੁਖੀ ਰਾਜੇ ਸ਼ਸਤਰ ਗਰੀਬ ਦੀ ਗਧੀ ਅਤੇ ਅੱਤਿਆਰੀਆਂ ਦੇ ਅੱਤਿਆਚਾਰ ਦਾਨਾਸ ਕਰਨ ਲਈ ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਆਰਬੰਦ ਹੋਣ ਦਾ ਐਲਨ ਕੀਤਾ। ਉਹਨਾਂ ਸੰਗਤਾਂ ਨੂੰ ਹਦਾਇਤ ਕਰ ਦਿੱਤੀ ਕਿ ਭੇਟਾ ਵਿਚ ਚੰਗੇ ਸ਼ਸਤਰ, ਚੰਗੇ ਘੋੜੇ, ਚੰਗੇ ਨੌਜਵਾਨ ਸ਼ਾਮਲ ਹੋਣ। ਜਵਾਨੀਆਂ ਕਾਇਮ ਰੱਖਣ ਲਈ ਵਰਜਿਸ਼, ਕੁਸ਼ਤੀਆਂ ਅਤੇ ਘੋੜ ਸਵਾਰੀ ਕਰੋ, ਗਤਕਾ ਅਤੇ ਸ਼ਿਕਾਰ ਵੀ ਖੇਡੋ। ਚੰਗੇ ਘੋੜਿਆਂ ਦਾ ਵਪਾਰ ਹੋਣ ਲੱਗਾ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ, ਆਰਥਿਕ ਉਨਤੀ ਹੋਣ ਲੱਗੀ। ਜ਼ੁਲਮ ਦਾ ਨਾਸ਼ ਕਰਨ ਲਈ ਕੌਮ ਵਿਚ ਬੀਰ ਰਸ ਭਰ ਦਿੱਤਾ। ਕੌਮ ਨੂੰ ਬਕਾਇਦਾ ਫੌਜੀ ਸਿਖਲਾਈ ਦੇਣ ਦਾ ਆਰੰਭ ਹੋਇਆ। ਚੜ੍ਹਦੀ ਕਲਾ ਦਾ ਦੌਰ ਸ਼ੁਰੂ ਹੋਇਆ। ਸੰਤ ਸਿਪਾਹੀ ਅਤੇ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਬਣਨ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ ਅਤੇ ਉਤਸ਼ਾਹ ਲਈ ਲੋਹਗੜ੍ਹ ਦਾ ਕਿਲ੍ਹਾ ਬਣਵਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਦਾਬੇ ਸਹਿਣ ਨਹੀਂ ਕਰਨਗੇ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਸ੍ਰੀ ਅਕਾਲ ਤਖਤ ਸਾਬਿ ਗੁਰੂ ਸਾਹਿਬ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਜੁੜਦੀਆਂ। ਗੁਰਬਣੀ, ਕਥਾ, ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ



ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਦਾ ਰੁਖ ਸ੍ਰੀ ਅਕਾਲ ਤਖਤ ਸਾਹਿਬ ਵੱਲ ਹੁੰਦਾ। ਸਰੀਰਕ ਕਸਰਤਾਂ ਦੇ ਢੰਗ ਸਿਖਾਏ ਜਾਂਦੇ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ, ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਸਿੱਖ ਮਸਲੇ ਸ੍ਰੀ ਅਕਾਲਤ ਤਖਤ ਤੇ ਨਜਿੱਠੇ ਜਾਣ ਲੱਗੇ। ਗੁਰੂ ਜੀ ਨੇ ਕਿਹਾ ਕਿ ਆਪਸੀ ਮਸਲਿਆਂ ਲਈ ਸਰਕਾਰੇ-ਦਰਬਾਰੇ ਜਾਣ ਦੀ ਜ਼ਰੂਰਤ ਨਹੀਂ ਹੈ।

ਗੁਰੂ ਜੀ ਨੇ 52 ਯੋਧਿਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਰੱਖ ਲਿਆ। ਜਿਸ ਨਾਲ ਅੱਗੇ ਜਾ ਕੇ ਫੌਜ ਬਣਨ ਦਾ ਮੁੱਢ ਬੱਝਾ। ਮਾਝੇ ਮਾਲਵੇ ਦੁਆਬੇ ਵਿਚੋਂ 500 ਯੋਧੇ ਗੁਰੂ ਜੀ ਨਾਲ ਆਉਣ ਰਲੇ, ਜਿਹਨਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਚੰਦੂਵਰਗੇ ਰਾਜ ਪ੍ਰਬੰਧਕਾਂ ਨੇ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਹ ਸਭ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹੈ। ਇਹਨਾਂ ਨੂੰ ਸਮੇਂ ਸਿਰ ਦਬਾਅ ਦਿੱਤਾ ਜਾਣਾ ਚਾਹੀਦਾ ਹੈ। ਸ਼ਹਿਨਸ਼ਾਹ ਜਹਾਂਗੀਰ ਨੇ ਗੁਰੂ ਜੀ ਨੇ ਦਿੱਲੀ ਬੁਲਾਉਣ ਦਾ ਹੁਕਮ ਭੇਜ ਦਿੱਤਾ। ਗੁਰੂਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਚੱਲ ਰਹੀਆਂ ਕਾਰਵਾਈਆਂ ਵਿਚ ਕੋਈ ਖਤਰਾ ਤਾਂ ਨਹੀਂ। ਵਕਤੀ ਤੌਰ ਤੇ ਉਸਦੀ ਤਸੱਲੀ ਹੋ ਗਈ। ਪਰ ਦੋਸਤਾਨਾ ਮਾਹੌਲ ਬਣਾ ਕੇ ਉਹ ਹੋਰ ਪਰਖ ਕਰਨੀ ਚਾਹੁੰਦਾ ਸੀ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ 'ਤੇ ਆਪਣੇ ਨਾਲ ਲੈ ਗਿਆ।ਰਸਤੇ ਵਿਚ ਸ਼ਿਕਾਰ ਦੀ ਤਾਕ ਵਿਚ ਬੈਠੇ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਬੇਵੱਸ ਹੋਕੇ ਰਹਿ ਗਿਆ। ਤਦ ਹੀ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਮੁਕਾਇਆ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ।ਇਹ ਸੱਚਮੁਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਹਨਾਂ ਨੂੰ ਦਬਾਅ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ।

ਗਵਾਲੀਅਰ ਦੇ ਕਿਲੇ ਵਿਚ ਪਹਿਲਾਂ ਹੀ 52 ਰਾਜੇ ਕੈਦ ਸਨ ਜੋ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਸਿੱਖ ਸੰਗਤਾਂ ਵਿਚ ਗੁਰੂ ਜੀ ਦੀ ਲੰਮੇਰੀ ਕੈਦ ਕਰਕੇ ਰੋਹ ਜਾਗ ਪਿਆ। ਸਿੱਖਾਂ ਦਾ ਵਧਦਾ ਵਿਦਰੋਹ ਦੇਖ ਕੇ ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ ਅਤੇ ਗੁਰੂ ਜੀ ਦੀ ਉਪਮਾ 'ਬੰਦੀ' ਛੋੜ ਕਹਿ ਕੇ ਕੀਤੀ। ਗੁਰੂ ਜੀ ਗਵਾਲੀਅਰ ਤੋਂ ਜਦ ਦਿੱਲੀ ਪਹੁੰਚੇ ਤਾਂ ਜਹਾਂਗੀਰ ਦਰਸ਼ਨਾਂ ਲਈ ਆਇਆ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਵੀ ਆਇਆ। ਇਸ ਤੋਂ ਬਾਅਦ ਗੁਰੂ ਜੀ ਨੇ ਮਾਝੇ ਅਤੇ ਦੁਆਬੇ ਦਾ ਪ੍ਰਚਾਰ ਦੌਰਾ ਵੀ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਮੂਲਾਦੇ ਰਸਤੇ ਪੰਜਾ ਸਾਹਿਬ ਪੁੱਜੇ। ਰੁਹਤਾਸ ਜੇਹਲਮ ਹੁੰਦੇ ਹੋਏ ਗੁਜਰਾਤ ਗਏੈ। ਉਥੇ ਫਕੀਰ ਦੋਲਾ ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ, ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ,ਮਾਰੂਥਲ ਮੇਂਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਪਰ 1626 ਈ. ਵਿਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਤੋਂ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਯ ਲਈ ਗੁਰੂ ਜੀ ਨੂੰ ਚਾਰ ਲੜਾਈਆਂ ਲੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ।

ਚਾਰ ਲੜਾਈਆਂ ਵਿਚ ਮੁਗਲ ਫੌਜ ਦੇ ਸੈਨਾਪਤੀਆਂ ਨਾਲ ਕੱਲੇ-ਕੱਲੇ ਨਾਲ ਗੁਰੂ ਜੀ ਨੇ ਯੁੱਧ ਕਰਕੇ ਮਾਰ ਮੁਕਾਇਆ।

1. ਪਹਿਲੀ ਲੜਾਈ ਮਈ 1628 ਈ: ਵਿਚ ਅੰਮ੍ਰਿਤਸਰ ਵਿਖੇ ਹੋਈ। ਮੁਗਲ ਫੌਜ ਦਾ ਸੈਨਾਪਤੀ ਜਾਂ ਮੁਖੀ ਮੁਖਲਿਸ ਖਾਂ ਸੀ।
2. ਦੂਜੀ ਲੜਾਈ ਸਤੰਬਰ 1629 ਈ: ਹਰਿਗੋਬਿੰਦਪੁਰ ਵਿਖੇ ਹੋਈ, ਜਿਸ ਵਿਚ ਮੁਗਲ ਫੌਜ ਦਾ ਮੁਖੀ ਅਬਦੁਲਾਹ ਖਾਂ ਸੀ।
3. ਤੀਜੀ ਲੜਾਈ ਨੰਬਰ 1631 ਈ: ਵਚ ਮਹਾਡ ਵਿਖੇ ਹੋਈ, ਜਿਸ ਵਿਚ ਮੁਗਲ ਫੌਜ ਦਾ ਮੁਖੀ ਲਲਾ ਬੇਗ ਸੀ।
4. ਚੌਥੀ ਲੜਾਈ 1634ਈ: ਵਿਚ ਕਰਤਾਰਪੁਰ ਵਿਖੇ ਹੋਈ, ਜਿਸ ਵਿਚ ਮੁਗਲ ਫੌਜ ਦਾ ਮੁਖੀ ਕਾਲੇ ਖਾਂ ਅਤੇ ਪੈਂਦੇ ਖਾਂ ਸਨ।

ਲੜਾਈਆਂ ਉਪਰੰਤ ਗੁਰੂ ਜੀ ਨੇ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ ਕੀਰਤਪੁਰ ਦੀ ਉਸਾਰੀ ਕੀਤੀ ਅਤੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਜੀ ਨੂੰ ਮਾਰਚ 1644 ਈ: ਨੂੰ ਗੁਰਗੱਦੀ ਸੌਂਪੀ। ਆਪ 3 ਮਾਰਚ 1644 ਈ: ਨੂੰ ਜੋਤੀ-ਜੋਤ ਸਮਾ ਗਏ। ਆਪ ਜੀ ਦੇ ਸਮਕਾਲੀ ਰਾਜੇ ਸਨ ਜਹਾਂਗੀਰ ਅਤੇ ਸ਼ਾਹ ਜਹਾਨ।

## ਦਰਦ ਇਸ਼ਕ ਦਾ

ਦਰਦ ਇਸ਼ਕ ਦਾ ਸਹਿ ਸਹਿ ਕੇ,
ਅਸੀਂ ਭੁੱਲ ਕੰਡਿਆਂ ਦੀ ਪੀੜ ਗਏ
ਜਿਹੜੇ ਚੂੰਢੀ ਨਹੀਂ ਸੀ ਵੱਢ ਸਕਦੇ,
ਉਹ ਸੱਜਣ ਸੀਨਾ ਚੀਰ ਗਏ

ਬੇਦਰਦਾਂ ਤਰਸ ਵੀ ਕੀਤਾ ਨਾ
ਹੋ ਪੱਥਰ ਦਿਲ ਦਿਲਗੀਰ ਗਏ
ਦਿਲ ਟੁੱਕੜੇ ਟੁੱਕੜੇ ਕਰ ਸਾਡਾ
ਘੜ ਦੁੱਖਾਂ ਦੀ ਤਸਵੀਰ ਗਏ

ਅਸੀਂ ਨਜ਼ਰ ਟਿਕਾ ਕੇ ਬੈਠੇ ਰਹੇ
ਓਹ ਨਜ਼ਰਾਂ ਫੇਰ ਅਖੀਰ ਗਏ
ਖੁਦ ਸੇਜ਼ ਹੰਢਾਉਂਦੇ ਨੋਟਾਂ ਦੀ
ਸਾਨੂੰ ਅਸਲੋਂ ਕਰ ਫ਼ਕੀਰ ਗਏ

ਜਦ ਤੋਹਫਿਆਂ ਨਾ' ਉਨ੍ਹਾਂ ਖੱਤ ਸਾੜੇ
ਅਸੀਂ ਦੇਖ ਵਹਾਈ ਨੀਰ ਗਏ
"ਵੀਰਪਾਲ" ਰੁੱਸੀ ਤਕਦੀਰ ਸਾਡੀ
ਅਸੀਂ ਐਵੇਂ ਮਨਾਈ ਪੀਰ ਗਏ

ਦਰਦ ਇਸ਼ਕ ਦਾ ਸਹਿ ਸਹਿ ਕੇ,
ਅਸੀਂ ਭੁੱਲ ਕੰਡਿਆਂ ਦੀ ਪੀੜ ਗਏ.......
ਜਿਹੜੇ ਚੂੰਢੀ ਨਹੀਂ ਸੀ ਵੱਢ ਸਕਦੇ,
ਉਹ ਸੱਜਣ ਸੀਨਾ ਚੀਰ ਗਏ.............



ਵੀਰਪਾਲ ਕੌਰ ਭੱਠਲ
91-97810 -13953

## ਰੁੱਖ

ਆਓ ਬੱਚਿਓ ਲਗਾਈਏ ਰੁੱਖ,
ਦੂਰ ਕਰਨਗੇ ਸਾਡੇ ਦੁੱਖ।
ਕਾਰਬਨ ਗੈਸ ਨੂੰ ਘਟਾਉਂਦੇ,
ਮਨੁੱਖੀ ਜੀਵਨ ਸੰਭਵ ਬਣਾਉਂਦੇ।
ਬੜੀ ਕਿਸਮ ਦੀ ਬਣੇ ਦਵਾਈ,
ਵਾਤਾਵਰਨ ਦੀ ਕਰਨ ਸਫਾਈ।
ਧਰਤੀ ਨੂੰ ਉਪਜਾਊਂ ਬਣਾਉਂਦੇ,
ਭੂਮੀ ਖੁਰਨ ਤੋਂ ਨੇ ਬਚਾਉਂਦੇ।
ਕੁਦਰਤ ਦਾ ਸੁੰਦਰ ਉਪਹਾਰ,
ਰੋਗਾਂ ਦਾ ਕਰਦੇ ਉਪਚਾਰ।
ਮੀਂਹ ਪਵਾਉਂਣ ਵਿੱਚ ਮਦਦਗਾਰ,
ਆਓ ਇਨ੍ਹਾਂ ਨੂੰ ਕਰੀਏ ਪਿਆਰ।
ਤੇਜ਼ ਧੁੱਪ ਤੋਂ ਸਾਨੂੰ ਬਚਾਉਂਣ,
ਠੰਡੀ ਹਵਾ ਵੀ ਚਲਾਉਂਣ।
ਬਰਸਾਤ 'ਚ ਲੋਕ ਲੈਣ ਸ਼ਰਨ,
ਹੜ੍ਹਾਂ ਨੂੰ ਇਹ ਕਾਬੂ ਕਰਨ।
ਜੰਤੂਆਂ ਦੀ ਰੁੱਖਾਂ ਨਾਲ ਯਾਰੀ,
ਜਿੰਦਗੀ ਬਿਤਾਉਂਣ ਇਨ੍ਹਾਂ ਤੇ ਸਾਰੀ।
ਕੁਦਰਤੀ ਸੰਤੁਲਨ ਕਾਇਮ ਰੱਖਦੇ,
ਸੇਵਾ ਕਰਦਿਆਂ ਕਦੇ ਨਾ ਥੱਕਦੇ।
ਜੇ ਚਾਹੁੰਦੇ ਨਹੀਂ ਖਰਚਣੇ ਨੋਟ,
ਹਰਿਆਲੀ ਐਪ ਕਰੋ ਡਾਊਨਲੋਡ।
ਮੁਫਤ ਮਿਲਣਗੇ ਤੁਹਾਨੂੰ ਸਭ ਰੁੱਖ,
ਸਰਕਾਰੀ ਸੇਵਾ ਦਾ ਲੈ ਲਓ ਸੁੱਖ।
ਰੁੱਖ ਲਗਾਕੇ ਭੁੱਲ ਨਾ ਜਾਣਾ,
ਸਮੇਂ ਤੇ ਉਨ੍ਹਾਂ ਨੂੰ ਪਾਣੀ ਪਾਉਂਣਾ।
ਆਕਸੀਜਨ ਬਿਲਕੁਲ ਦੇਣ ਫਰੀ,
ਫਿਰ ਕਿਉਂ ਨਹੀਂ ਲਾਉਂਦੇ ਟਰੀ ?
ਚਾਰੂ, ਛਬੀ ਨੇ ਖਾ ਲਈ ਸਹੁੰ,
ਰੁੱਖ ਲਗਾਉਂਣਗੀਆਂ ਪੱਕੇ ਨੌਂ।
'ਚਮਨ' ਪ੍ਰਦੂਸ਼ਨ ਦੀ ਪੈ ਰਹੀ ਮਾਰ,
ਰੁੱਖ ਲਾਉਂਣ ਨਾਲ ਹੋਊ ਸੁਧਾਰ।

-ਚਮਨਦੀਪ ਸ਼ਰਮਾ
91-95010 33005

## ਕੁੜੀ

ਕੁੜੀ ਜਨਮ ਲੈ ਨਹੀਂ ਸਕਦੀ ਕਿਉਂ
ਕੁੜੀ ਕਰ ਐ ਨਹੀਂ ਸਕਦੀ ਕਿਉ
ਕੁੜੀ ਹੱਕ ਲੜ ਨਹੀਂ ਸਕਦੀ ਕਿਉਂ
ਕੁੜੀ ਬਹੁਤਾ ਪੜ੍ਹ ਨਹੀਂ ਸਕਦੀ ਕਿਉਂ
ਕੁੜੀ ਬਹਾਰ ਖੜ ਨਹੀਂ ਸਕਦੀ ਕਿਉਂ
ਕੁੜੀ ਤਸਵੀਰੇ ਮੜ ਨਹੀਂ ਸਕਦੀ ਕਿਉਂ
ਕੁੜੀ ਉਚਾਈ ਚੜ ਨਹੀਂ ਸਕਦੀ ਕਿਉਂ
ਕੁੜੀ ਕਲਮ ਫੜ ਨਹੀਂ ਸਕਦੀ ਕਿਉਂ
ਮੈਂ ਅੱਜ ਐ ਪੁੱਛਦੀ ਹਾਂ ਕਿਉ
ਕਦੇ ਖੁਦ ਨਾ ਰੁਸਦੀ ਹਾਂ ਕਿਉਂ
ਕੁੜੀ ਤੇ ਹੀ ਪਾਬੰਦੀਆਂ ਨੇ ਕਿਉਂ
ਕੁੜੀਆਂ ਵੀ ਚੁੱਪ ਰਹਿੰਦੀਆਂ ਨੇ ਕਿਉਂ
ਕੀ
ਕੁੜੀ ਕਲਪਨਾ ਚਾਵਲਾ ਜੀ ਨਹੀਂ ਸੀ
ਕੀ
ਕੁੜੀ ਕਿਰਨ ਬੇਦੀ ਜੀ ਨਹੀਂ ਸੀ
ਕੀ
ਕੁੜੀ ਅਮ੍ਰਿਤਾਂ ਪ੍ਰੀਤਮ ਜੀ ਨਹੀਂ ਸੀ
ਕੁੜੀ ਤਾਂ ਸਭ ਕੁਝ ਕਰ ਸਕਦੀ ਹੈ
ਕੁੜੀ ਕਦੇ ਵੀ ਨਾ ਮਰ ਸਕਦੀ ਹੈ
ਜੇ ਕੋਈ ਉਹਦੇ ਹੌਸਲਿਆਂ ਦੀ ਉਡਾਣ ਦੇਵੇਂ
ਜੇ ਕੋਈ ਉਹਦੇ ਸੁਪਨਿਆਂ ਦੀ ਪਹਿਚਾਣ ਦੇਵੇਂ।

ਕਿਰਨ ਸ਼ਾਹ
91-99144-49133



## ਦਿੱਤਾ ਨਵਾਂ ਰਿਕਾਰਡ ਬਣਾਅ



ਲੋਕੋ! 'ਹੇਮਾ ਦਾਸ' ਧੀ ਗਰੀਬ ਦੀ,
ਗਈ ਵਿੱਚ ਖੇਡ ਦੇ ਛਾ।
ਸ਼ੂਦਰ, ਢੋਲ,ਗਵਾਰ, ਨਾਰੀ ਨੂੰ ,
ਜਿਹਨਾਂ ਤਾੜਨ ਦੇ ਅਧਿਕਾਰੀ ਕਿਹਾ।
ਉਹ ਅਖੌਤੀ ਨੀਵੀਂ ਜਾਤ ਦੀ,
ਕੁੜੀ ਨੇ ਦਿੱਤੀ ਕਾਬਲੀਅਤ ਦਿਖਾ।
ਇਸਨੇ 'ਚਾਰ ਸੋ ਮੀਟਰ' ਰੇਸ ,
ਦਿੱਤੀ 51.46 ਸੈਕਿੰਡ ਵਿੱਚ ਲਾ।
ਨਾਮ ਚਮਕਾਇਆ ਦੇਸ਼ ਤੇ ਆਪਣਾ
ਜਿੱਤਕੇ ਇਸਨੇ ਸੋਨ ਤਗਮਾ,
ਮੇਜਰ ਪਿਛਲਾ ਰਿਕਾਰਡ ਤੋੜਕੇ,
ਦਿੱਤਾ ਨਵਾਂ ਰਿਕਾਰਡ ਬਣਾਅ।



- ਮੇਜਰ ਸਿੰਘ ਬੁਢਲਾਡਾ
91-94176 42327

## ਹੋਪ ਬਨਾਮ ਡੋਪ!

ਲੋਕਾਂ ਰੱਖਿਆ 'ਚਿੱਟਾ' ਹੀ ਨਾਂ ਜਿਸਦਾ
ਧਰਨੇ ਮਾਰ ਕੇ ਇਉਂ ਪੁਕਾਰਦਾ ਐ

ਦਸ ਸਾਲਾਂ ਦੇ ਬੀਜੇ ਹੋਏ ਕੰਡਿਆਂ ਨੂੰ
ਚੁਗਣਾ ਕੰਮ ਹੁਣ ਨਵੀਂ ਸਰਕਾਰ ਦਾ ਐ

ਲਾਸ਼ਾਂ ਦੇਖ ਕੇ ਸਿਵਿਆਂ ਨੂੰ ਜਾਂਦੀਆਂ ਜੀ
ਪੇਂਡੂ ਸ਼ਹਿਰੀ ਦੁਹੱਥੜਾਂ ਮਾਰਦਾ ਐ

ਲਾਮਬੰਦ ਹੋ ਲੋਕਾਂ ਦੁਖਿਆਰਿਆਂ ਨੇ
ਮਾਰੀ ਭਬਕ ਜਿਉਂ ਸ਼ੇਰ ਦਹਾੜਦਾ ਐ।

ਸਦਾ ਵਾਂਗ ਸਿਆਸਤੀ ਆਗੂਆਂ ਨੇ
ਬਚਣੇ ਲਈ ਬਹਾਨਾ ਇਹ ਟੋਲਿਆ ਈ

ਬਣੀ 'ਹੋਪ' ਸੀ ਨਸ਼ਿਆਂ ਖਿਲਾਫ ਜਿਹੜੀ
ਉਸਨੂੰ 'ਡੋਪ' ਦੇ ਰੌਲੇ ਵਿਚ ਰੋਲਿਆ ਈ

ਤਰਲੋਚਨ ਸਿੰਘ ਦੁਪਾਲਪੁਰ
001-408-915-1268



# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ




ਮਾਸਿਕ ਮੈਗਜ਼ੀਨ 'ਕੌਮੀ ਉਡਾਰੀਆਂ' ਦੇ ਸਤੰਬਰ 1986 ਦੇ ਵਿਸ਼ੇਸ਼ ਅੰਕ ਦੀ ਪਹਿਲੇ ਸਫੇ ਦੀ ਇਕ ਤਸਵੀਰ



ਸੀ. ਐਲ. ਚੁੰਬਰ

ਭਾਰਤ ਦੇ ਬਿਹਾਰ ਸੂਬੇ ਨੇ ਹਰ ਖੇਤਰ ਵਿਚ ਬੜੇ ਮਹਾਨ ਵਿਅਕਤੀ ਪੈਦਾ ਕੀਤੇ, ਜਿਹਨਾਂ ਨੇ ਸਮੇਂ ਦੀ ਧਾਰਾ ਨੂੰ ਮੋੜਨ ਵਿਚ ਨਿਰਣਾਇਕ ਰੋਲ ਅਦਾ ਕੀਤਾ। ਬਾਬੂ ਜਗਜੀਵਨ ਰਾਮ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਬਿਹਾਰ ਦੇ ਦੋ ਕਸ਼ਤਰੀ ਰਾਜਕੁਮਾਰਾਂ ਗੌਤਮ ਅਤੇ ਮਹਾਂਵੀਰ ਨੇ ਧਰਮ ਉਪਦੇਸ਼ਕ ਹੋ ਕੇ ਬ੍ਰਾਹਮਣਾਂ ਦੀ ਸਰਵਉੱਚਤਾ ਨੂੰ ਝੁਠਲਾਇਆ। ਉਹਨਾਂ ਦੇ ਰਾਜਕੁਮਾਰ ਹੋਣ ਸਦਕੇ ਉਹਨਾਂ ਨੂੰ ਆਪਣੇ ਮਨੁੱਖਤਾਵਾਦੀ ਪ੍ਰਚਾਰ ਕਰਨ ਵਿਚ ਰਾਜ ਦੀ ਹਮਾਇਤ ਪ੍ਰਾਪਤ ਹੋਣ ਕਰਕੇ ਰਾਜ ਦਾ ਧਰਮ ਲੋਕਾਂ ਦਾ ਧਰਮ ਬਣ ਕੇ ਫੈਲਿਆ। ਆਰੀਆ ਦੇ ਭਾਰਤ ਵਿਚ ਆਉਣ ਤੋਂ ਬਾਅਦ ਆਰੀਆ ਦੇ ਦੋਹਾਂ ਵਰਣਾਂ ਬ੍ਰਾਹਮਣਾਂ ਅਤੇ ਕਸ਼ਤਰੀਆਂ ਵਿਚਕਾਰ ਸੰਘਰਸ਼ 'ਚ ਬ੍ਰਾਹਮਣਾਂ ਦੀ ਕਸ਼ਤਰੀਆਂ ਹੱਥੋਂ ਇਹ ਪਹਿਲੀ ਵੱਡੀ ਹਾਰ ਸੀ ਜੋ ਬੋਧੀ ਰਾਜਾ ਬ੍ਰਹਦਥ ਨੂੰ ਉਸਦੇ ਬ੍ਰਾਹਮਣ ਮੰਤਰੀ ਪੁਸ਼ਯਮਿੱਤਰ ਨੇ ਕਤਲ ਕਰਕੇ ਜਿੱਤ ਵਿਚ ਬਦਲ ਦਿੱਤੀ।

ਭਾਰਤ ਤੇ ਮੁਸਲਮਾਨਾਂ ਦੇ ਰਾਜ ਨਾਲ ਆਰੀਆ ਦਾ ਏਕਾਧਿਕਾਰ ਜਾਂਦਾ ਰਿਹਾ ਅਤੇ ਭਾਰਤ ਦੇ ਆਦਿ ਵਾਸੀਆਂ, ਜਿਹਨਾਂ ਨੂੰ ਵਿਦੇਸ਼ੀ ਆਰੀਆ ਨੇ ਸਦੀਆਂ ਤੋਂ ਗੁਲਾਮ ਬਣਾਇਆ ਸੀ, ਨੇ ਆਰੀਆ ਖਿਲਾਫ ਭਗਤੀ ਲਹਿਰ ਰਾਹੀਂ ਬਗਾਵਤ ਦਾ ਝੰਡਾ ਚੁੱਕਿਆ। ਅੰਗਰੇਜ਼ਾਂ ਦੇ ਭਾਰਤ ਤੇ ਕਾਬਜ ਹੋਣ ਨਾਲ ਹਿੰਦੂ ਕੁਰੀਤੀਆਂ ਜਿਵੇਂ ਬਾਲ ਵਿਆਹ ਅਤੇ ਸਤੀ ਪ੍ਰਥਾ ਆਦਿ ਨੂੰ ਕਾਨੂੰਨ ਰਾਹੀਂ ਅੰਗਰੇਜ਼ਾਂ ਨੇ ਖਤਮ ਕੀਤਾ ਪਰ ਭਾਰਤ ਦੇ ਕਰੋੜਾਂ ਭਾਰਤੀਆਂ, ਜਿਹਨਾਂ ਨੂੰ ਆਰੀਆ ਸਮਰਾਜਵਾਦੀ ਸ਼ੂਦਰ ਕਹਿੰਦੇ ਸਨ, ਉਹਨਾਂ ਦੀ ਬਿਹਤਰੀ ਲਈ ਕੋਈ ਉਦਮ ਨਾ ਹੋਏ। 1885 ਈ: ਵਿਚ ਮਿ: ਹਿਊਮ ਵੱਲੋਂ ਕਾਂਗਰਸ ਨਾਂ ਦਾ ਰਾਜਨੀਤਿਕ ਦਲ ਬਣਾਇਆ ਜੋ ਮੈਮੋਰੰਡਮ ਰਾਜਨੀਤੀ ਤੋਂ ਜਲਸੇ ਜਲੂਸਾਂ ਅਤੇ 'ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ' ਅਤੇ 'ਪੂਰਨ ਸਵਰਾਜ' ਪ੍ਰਾਪਤੀ ਦੇ ਨਾਹਰਿਆਂ ਤੱਕ ਪੁੱਜ ਗਿਆ।

ਅਜਿਹੇ ਸਮੇਂ ਹੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਅਛੂਤਾਂ ਦੇ ਪੜ੍ਹੇ ਲਿਖੇ ਨੌਜਵਾਨਾਂ ਦੇ ਮਨਾਂ ਵਿਚ ਰਾਜਨੀਤਿਕ ਚਾਨਣੇ ਦੀ ਪਹਿਲੀ ਕਿਰਨ ਨਿਕਲੀ। ਸਦੀਆਂ ਤੋਂ ਅਛੂਤ ਨੂੰ ਦੁਰਕਾਰਨ ਵਾਲੇ ਹਿੰਦੂ, ਮੁਸਲਿਮ, ਸਿੱਖ ਆਦਿ ਜਦੋਂ ਸ਼ਾਸ਼ਕ ਅੰਗਰੇਜ਼ਾਂ ਤੋਂ ਆਪਣੇ ਹੱਕ ਮੰਗਣ ਲੱਗੇ ਤਾਂ ਪੜ੍ਹੇ ਲਿਖੇ ਅਛੂਤ ਨੌਜਵਾਨਾਂ ਨੇ ਵੀ ਆਪਣੀਆਂ ਅਲੱਗ ਸੰਸਥਾਵਾਂ ਬਣਾ ਕੇ ਆਜ਼ਾਦੀ ਦੀ ਦੋਹਰੀ ਲੜਾਈ ਲੜਨੀ ਸ਼ੁਰੂ ਕਰ ਦਿੱਤੀ। ਉਹਨਾਂ ਦੀ ਸਭ ਤੋਂ ਪਹਿਲੀ ਲੜਾਈ ਵਿਦੇਸ਼ੀ ਆਰੀਆ ਖਿਲਾਫ ਸੀ ਜੋ ਸਦੀਆਂ ਤੋਂ ਉਹਨਾਂ ਦੇ ਪਿਆਰੇ ਭਾਰਤ ਤੇ ਕਬਜ਼ਾ ਕਰਕੇ ਉਹਨਾਂ ਨੂੰ ਗੁਲਾਮ ਬਣਾਈ ਬੈਠੇ ਸਨ। ਦੂਜੀ ਲੜਾਈ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਸੀ! ਆਰੀਆ ਆਦਿ ਵੀ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਲੜ ਰਹੇ ਸਨ। ਆਰੀਆ ਦੀ ਇਸ 'ਮਜ਼ਬੂਰੀ', ਆਰੀਆਂ ਅਤੇ ਮੁਸਲਮਾਨਾਂ ਵਿਚਕਾਰ ਵੈਰ ਅਤੇ ਅੰਗਰੇਜ਼ਾਂ ਦੇ ਸ਼ਾਸਕ ਹੋਣ ਨੇ ਆਦਿਵਾਸੀ ਨੌਜਵਾਨਾਂ ਦੇ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦੇ ਘੋਲ ਨੂੰ ਸੌਖਿਆਂ ਕੀਤਾ।

ਫਿਰਕੇਦਰਾਨਾ ਅਵਾਰਡ ਸਿੰਧੂ ਘਾਟੀ ਦੀ ਆਰੀਆਂ ਹੱਥੋਂ ਆਦਿਵਾਸੀਆਂ ਦੀ ਹਾਰ ਤੋਂ ਬਾਅਦ ਆਦਿਵਾਸੀਆਂ ਦੀ ਸੱਤਾ ਦੇ ਰਸਤੇ ਵੱਲ ਪਹਿਲੀ ਕਾਨੂੰਨੀ ਜਿੱਤ ਸੀ, ਜਿਸ ਵਿਚ ਡਾ. ਅੰਬੇਡਕਰ ਦਾ ਗੋਲਮੇਜ ਕਾਨਫਰੰਸਾਂ 'ਚ ਆਦਿਵਾਸੀਆਂ ਦਾ ਪੱਖ ਠੀਕ ਤਰ੍ਹਾਂ ਪੇਸ਼ ਕਰਨ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਵੱਲੋਂ ਸ੍ਰੀ ਗਾਂਧੀ ਦੀ ਬਜਾਏ ਡਾ. ਅੰਬੇਡਕਰ ਦਾ ਗੋਲਮੇਜ ਕਾਨਫਰੰਸਾਂ ਵਿਚ ਆਦਿ ਵਾਸੀਆਂ ਦੇ ਨੁਮਾਇੰਦਾ ਹੋਣ ਦੀਆਂ ਤਾਰਾਂ ਭੇਜਣ ਕਰਕੇ ਬਹੁਤ ਵੱਡਾ ਹੱਥ ਹੈ। ਪਰ ਸ੍ਰੀ ਗਾਂਧੀ ਵੱਲੋਂ ਸਿਰਫ ਆਦਿਵਾਸੀਆਂ ਨੂੰ ਵੱਖਰੇ ਤੌਰ ਤੇ ਮਿਲੇ ਹੱਕਾਂ ਖਿਲਾਫ ਹੀ ਮਰਨ ਵਰਤ ਅਤੇ ਡਾਕਟਰ ਅੰਬੇਡਕਰ ਵੱਲੋਂ ਸ੍ਰੀ ਗਾਂਧੀ ਦੀਆਂ ਮੰਗਾਂ ਮੰਨ ਕੇ ਪੂਨਾ ਪੈਕਟ ਕਰਨ ਨੇ ਆਦਿਵਾਸੀਆਂ ਦੀ ਆਜ਼ਾਦ ਸਿਆਸਤ ਦੇ ਨਵਜੰਮੇ ਬੱਚੇ ਦਾ ਗਲਾ ਘੋਟ ਦਿੱਤਾ। ਪੂਨਾ ਪੈਕਟ ਵਿਚ ਫਿਰਕੇਦਰਾਨਾ ਅਵਾਰਡ ਦੀਆਂ 78 ਸੀਟਾਂ ਦੀ ਬਜਾਏ 148 ਸੀਟਾਂ ਤਾਂ ਮਿਲ ਗਈਆਂ ਪਰ ਆਦਿ ਵਾਸੀਆਂ ਨੇ ਆਪਣੇ ਨੁਮਾਇੰਦੇ ਆਪ ਵੱਖਰੇ ਤੌਰ 'ਤੇ ਚੁਣਨ ਦਾ ਮੌਕਾ ਗੁਆ ਦਿੱਤਾ। (1) ਡਾ. ਅੰਬੇਡਕਰ ਵੱਲੋਂ ਆਦਿਵਾਸੀਆਂ ਨੂੰ ਪੂਨਾ ਪੈਕਟ ਰਾਹੀਂ ਹਿੰਦੂ ਮੰਨਣਾ ਸ੍ਰੀ ਗਾਂਧੀ ਦੀ ਜੀਵਨ ਦੀ ਸਭ ਤੋਂ ਵੱਡੀ ਜਿੱਤ ਅਤੇ ਡਾ. ਅੰਬੇਡਕਰ ਜੀ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਹਾਰ ਸੀ। ਡਾਕਟਰ ਅੰਬੇਡਕਰ ਨੇ ਆਪਣੇ ਲੋਕਾਂ ਦੇ ਹੱਥਾਂ ਅਤੇ ਗਾਂਧੀ ਦੇ ਨੂੰ ਆਰੀਆ ਦੇ ਰਹਿਮੋ ਕਰਮ ਤੇ ਸੁੱਟ ਦਿੱਤਾ।

(2) ਪੂਨਾ ਪੈਕਟ ਤੋਂ ਬਾਅਦ ਆਦਿਵਾਸੀਆਂ ਦੀ ਰਾਜਨੀਤੀ ਬਿਗਾਨੇ ਹੱਥਾਂ 'ਤੇ ਨਿਰਭਰ ਹੋ ਗਈ। ਫਿਰਕੇਦਰਾਨਾ ਅਵਾਰਡ ਅਨੁਸਾਰ ਅਛੂਤਾਂ ਦੇ ਐਮ. ਐਲ. ਏ. ਅਛੂਤ ਵੋਟਰ ਹੀ ਚੁਣਨਗੇ। ਸਿੱਖਾਂ, ਇਸਾਈਆਂ, ਮੁਸਲਮਾਨਾਂ, ਹਿੰਦੂਆਂ, ਭਾਰਤੀ ਇਸਾਈਆਂ, ਐਂਗਲੋ ਇੰਡੀਅਨ ਅਤੇ ਯੂਰਪੀਨਾਂ ਨੂੰ ਵੀ ਇਸੇ ਤਰ੍ਹਾਂ ਦਾ ਹੱਕ ਮਿਲਿਆ। ਪਰ ਪੂਨਾ ਪੈਕਟ ਕਾਰਨ ਅਛੂਤ ਆਪਣੇ ਨੁਮਾਇੰਦੇ ਚੁਣਨ ਵਾਲੇ ਹਿੰਦੂਆਂ ਦੇ ਮੁਥਾਜ ਹੋ ਗਏ।

ਪੂਨਾ ਪੈਕਟ ਤੋਂ ਬਾਅਦ ਆਦਿਵਾਸੀ ਰਾਜਨੀਤਿਕ ਤੌਰ 'ਤੇ ਖਿੱਲਰਨ ਲੱਗ ਪਏ। ਇਸ ਸਭ ਕੁਝ ਤੋਂ ਭਾਰਤ ਦੀ ਰਾਜਨੀਤੀ ਦੇ ਪਿਛੋਕੜ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ, ਜਿਸ ਨੂੰ ਸਾਹਵੇਂ ਰੱਖਿਆ ਮੌਜੂਦਾ ਭਾਰਤੀ ਰਾਜਨੀਤੀ ਨੂੰ ਸਮਝਣ ਵਿਚ ਸੌਖ ਹੁੰਦੀ ਹੈ।

ਹੁਣ ਅਸੀਂ ਬਾਬੂ ਜਗਜੀਵਨ ਰਾਮ ਦੇ ਮਾਰਚ 1937 ਵਿਚ ਬਿਹਾਰ ਤੋਂ ਐਮ. ਐਲ. ਏ. ਬਣਕੇ ਰਾਜਨੀਤੀ ਵਿਚ ਆਉਣ ਵੱਲ ਆਉਂਦੇ ਹਾਂ। ਉਸ ਸਮੇਂ ਕਾਂਗਰਸ ਹੀ ਬਿਹਾਰ 'ਚ ਇਕੋ ਇਕ ਸੰਗਠਿਤ ਸਰਗਰਮ ਰਾਜਨੀਤਿਕ ਪਾਰਟੀ ਸੀ।

(3) ਬਾਬੂ ਜਗਜੀਵਨ ਰਾਮ ਦੀ ਬਿਹਾਰ ਡਿਪਰੈਸਡ ਕਲਾਸਿਜ਼ ਲੀਗ ਨੇ ਕਾਂਗਰਸ ਨਾਲ ਗੱਠਜੋੜ ਕਰਕੇ 9 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਪਹਿਲੋਂ 1936 ਵਿਚ ਉਹਨਾਂ ਨੂੰ ਐਮ. ਐਮ. ਸੀ. ਨਾਮਜ਼ਦ ਕੀਤਾ ਗਿਆ ਸੀ। 1937 ਦੀਆਂ ਚੋਣਾਂ ਤੋਂ ਬਾਅਦ ਬਿਹਾਰ ਪਾਰਲੀਮੈਂਟਰੀ ਸਕੱਤਰ ਬਣੇ। ਉਸ ਸਮੇਂ ਕੈਬਨਿਟ ਮਨਿਸਟਰ ਤੋਂ ਬਾਅਦ ਪਾਰਲੀਮੈਂਟਰੀ ਸਕੱਤਰ ਹੀ ਹੁੰਦਾ ਸੀ। 29 ਸਾਲਾ ਜਗਜੀਵਨ ਰਾਮ ਦੀ ਇਹ ਰਾਜਨੀਤਿਕ ਜੀਵਨ ਦੀ ਯਾਤਰਾ ਦਾ ਪਹਿਲਾ ਪੜਾਅ ਸੀ। ਇਹਨਾਂ ਦਿਨਾਂ ਵਿਚ ਹੀ ਕਾਂਗਰਸ ਡਾ. ਅੰਬੇਡਕਰ ਦੇ ਮੁਕਾਬਲੇ ਤੇ ਭਾਰਤ ਪੱਧਰ ਦਾ ਅਛੂਤਾਂ 'ਚੋਂ ਕੋਈ ਆਗੂ ਉਭਾਰਨ ਦੀ ਤਲਾਸ਼ ਵਿਚ ਸੀ, ਕਿਉਂਕਿ ਡਾ. ਅੰਬੇਡਕਰ ਮਹਾਰਾਸ਼ਟਰ ਦੇ ਮਹਾਰ ਸਨ, ਜਿਹਨਾਂ ਦੇ ਮੁਕਾਬਲੇ ਤੇ ਕਾਂਗਰਸ ਬ੍ਰਾਹਮਣਾਂ ਤੋਂ ਬਾਅਦ ਵੱਧ ਗਿਣਤੀ ਚਮਾਰਾਂ 'ਚੋਂ ਕਿਸੇ ਆਗੂ ਨੂੰ ਉਭਾਰਨਾ ਚਾਹੁੰਦੀ ਸੀ ਜੋ ਡਾ. ਅੰਬੇਡਕਰ ਦੇ ਅਛੂਤਾਂ ਦਾ ਆਗੂ ਹੋਣ ਦੇ ਦਾਅਵੇ ਨੂੰ ਚੈਲਿੰਜ ਕਰਨ ਦੇ ਨਾਲ-ਨਾਲ ਚਮਾਰਾਂ ਦੇ ਵੋਟ ਕਾਂਗਰਸ ਦੇ ਹੱਕ 'ਚ ਪੁਆ ਸਕੇ। ਬਾਬੂ ਜਗਜੀਵਨ ਰਾਮ ਨੂੰ ਇਸ ਦੇ ਯੋਗ ਸਮਝ ਕੇ ਉਭਾਰਿਆ ਪਰ ਬਾਬੂ ਜਗਜੀਵਨ ਰਾਮ ਦਾ 1969 ਤੋਂ 1979 ਤੱਕ ਦਾ ਰੋਲ ਜਿੱਥੇ ਉਹਨਾਂ ਜੀਆਂ ਨਿੰਜੀ ਖਾਹਸ਼ਾਂ ਨੂੰ ਪੂਰਨ ਲਈ ਸੀ, ਉਥੇ ਸਿੱਧੇ ਅਸਿੱਧੇ ਬ੍ਰਾਹਮਣਵਾਦੀ ਕਾਂਗਰਸ ਨੂੰ ਕਮਜ਼ੋਰ ਕਰਨ ਵਾਲਾ ਵੀ ਰਿਹਾ।




1946 ਵਿਚ ਬਾਬੂ ਜਗਜੀਵਨ ਰਾਮ ਅੰਤ੍ਰਿਮ ਸਰਕਾਰ 'ਚ ਕਿਰਤ ਮੰਤਰੀ ਬਣੇ। ਇਹ ਸਫਲਤਾ ਜਿੱਥੇ ਬਾਬੂ ਜੀ ਲਈ ਮਾਣ ਵਾਲੀ ਸੀ, ਉਥੇ ਆਦਿ ਵਾਸੀਆਂ ਲਈ ਹੌਸਲਾ ਵਧਾਊ ਸੀ। ਬਾਬੂ ਜਗਜੀਵਨ ਰਾਮ ਦੀ ਸਿਆਸਤ ਇਸ ਤੱਥ 'ਤੇ ਨਿਰਭਰ ਸੀ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਤੱਕ ਤਾਂ ਆਦਿਵਾਸੀ ਹਿੰਦੂਆਂ ਖਿਲਾਫ ਰਾਜਨੀਤਿਕ ਲੜਾਈ ਲੜਦੇ ਰਹਿਣਗੇ ਪਰ ਆਜ਼ਾਦੀ ਤੋਂ ਬਾਅਦ ਆਰੀਆ ਦੇ ਭਾਰਤ ਤੇ ਕਾਬਜ਼ ਹੋਣ ਤੋਂ ਬਾਅਦ ਉਹ ਸ਼ਾਸ਼ਕ ਨਾਲ ਸਿੱਧੀ ਲੜਾਈ ਨਹੀ ਲੜ ਸਕਦੇ। ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਵਜੋਂ ਅਹੁਦਾ ਸੰਭਾਲਣਾ ਵੀ ਸ਼ਾਇਦ ਉਸ ਸਮੇਂ ਦੀ ਆਦਿਵਾਸੀਆਂ ਦੀ ਰਾਜਨੀਤੀ ਦੀ 'ਮਜ਼ਬੂਰੀ' ਸੀ।

ਇੱਥੇ ਇਹ ਚਰਚਾ ਕਰਨੀ ਵੀ ਨਿਆਂਸੰਗਤ ਹੀ ਹੋਵੇਗੀ ਕਿ ਬਾਬੂ ਜਗਜੀਵਨ ਰਾਮ ਅਤੇ ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਮੰਡਲ 'ਚ ਸ਼ਾਮਲ ਹੋਣ ਨਾਲ ਕਾਂਗਰਸ ਵੱਲੋਂ ਆਦਿਵਾਸੀਆਂ 'ਚ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਤੁਹਾਡੇ ਲੀਡਰ ਤਾਂ ਕਾਂਗਰਸ 'ਚ ਆ ਗਏ ਹਨ। ਇਸ ਨਾਲ ਆਦਿਵਾਸੀ ਕਾਂਗਰਸ ਨਾਲ ਵਿਆਹੇ ਗਏ। ਇਸ ਨੇ ਭਾਰਤੀ ਸਿਆਸਤ 'ਚ ਆਦਿਵਾਸੀਆਂ ਦੀ ਵੱਖਰੀ ਹੋਂਦ ਨੂੰ ਹੋਰ ਸੱਟ ਮਾਰੀ।

ਬਾਬੂ ਜਗਜੀਵਨ ਰਾਮ 1946 ਤੋਂ 1969 ਤੱਕ ਲਗਾਤਾਰ ਕੈਬਨਿਟ ਮੰਤਰੀ ਰਹੇ। ਬਾਬੂ ਜੀ ਕਾਂਗਰਸ ਵਿਚ ਅੰਦਰੋ ਅੰਦਰੀ ਨਹਿਰੂ ਲਈ ਇਕ ਖ਼ਤਰਾ ਬਣਦੇ ਜਾ ਰਹੇ ਸਨ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਟਿਕਟਾਂ ਵੰਡਣ ਵੇਲੇ ਬਾਬੂ ਜੀ ਦੇ ਮਹੱਤਵਪੂਰਨ ਰੋਲ ਨੇ ਅਤੇ ਇੰਨੇ ਸਾਲਾਂ ਤੋਂ ਲਗਾਤਾਰ ਕੇਂਦਰੀ ਮੰਤਰੀ ਰਹਿਣ ਕਰਕੇ ਉਹਨਾਂ ਨੇ ਕਾਂਗਰਸ ਖਾਸ ਕਰਕੇ ਇਹਨਾਂ ਵਰਗਾਂ ਦੇ ਐਮ. ਪੀਜ਼ ਵਿਚ ਖਾਸ ਜਗ੍ਹਾ ਬਣਾ ਲਈ ਸੀ। ਬਾਬੂ ਜੀ ਕਿਧਰੇ ਨਹਿਰੂ ਲਈ ਚੈਲਿੰਜ ਨਾ ਬਣ ਜਾਣ, ਸ੍ਰੀ ਨਹਿਰੂ ਨੇ ਕਾਮਰਾਜ ਯੋਜਨਾ ਦੇ ਬਹਾਨੇ ਬਾਬੂ ਜੀ ਨੂੰ ਮੰਤਰੀ ਮੰਡਲ ਤੋਂ ਵੱਖ ਕਰ ਦਿੱਤਾ। ਸਤੰਬਰ 1963 ਤੋਂ ਜਨਵਰੀ 1965 ਤੱਕ ਉਹ ਕਾਂਗਰਸ ਸੰਗਠਨ ਲਈ ਕੰਮ ਕਰਦੇ ਰਹੇ।

ਬਾਬੂ ਜਗਜੀਵਨ ਰਾਮ ਕਾਂਗਰਸ ਵਿਚ 1964 ਤੱਕ ਪ੍ਰਧਾਨ ਮੰਤਰੀ ਦੀ ਚੋਣ ਤੱਕ 'ਚ ਨਿਰਣਾਇਕ ਭੂਮਿਕਾ ਨਿਭਾਉਣ ਵਾਲੇ ਰਾਜਨੀਤੀਵਾਨ ਵਜੋਂ ਉਭਰੇ। ਲਾਲ ਬਹਾਦਰ ਸ਼ਾਸਤਰੀ ਬਾਬੂ ਜੀ ਦੀ ਹਮਾਇਤ ਸਦਕਾ ਹੀ ਪ੍ਰਧਾਨ ਮੰਤਰੀ ਬਣੇ।

(6) ਸ਼ਾਸਤਰੀ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਮੁਰਾਰਜੀ ਦਿਸਾਈ ਵਿਚਕਾਰ ਪ੍ਰਧਾਨ ਮੰਤਰੀ ਦੇ ਸੰਘਰਸ਼ ਵਿਚ ਬਾਬੂ ਜੀ ਨੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਾਥ ਦੇ ਕੇ ਪ੍ਰਧਾਨ ਮੰਤਰੀ ਬਣਾਇਆ।

1969 ਤੱਕ ਬਾਬੂ ਜੀ ਇੰਨੇ ਉਭਰ ਕੇ ਆਏ ਕਿ ਸ੍ਰੀਮਤੀ ਗਾਂਧੀ ਵੱਲੋਂ ਬਾਬੂ ਜੀ ਦਾ ਨਾਂ ਰਾਸ਼ਟਰਪਤੀ ਦੇ ਅਹੁਦੇ ਲਈ ਕਾਂਗਰਸ ਦੇ 1969 ਦੇ ਬੰਗਲੌਰ ਸੈਸ਼ਨ 'ਚ ਪੇਸ਼ ਕੀਤਾ। ਪਰ ਮੁਰਾਰਜੀ ਦਿਸਾਈ ਦਾ ਬਾਬੂ ਜੀ ਵੱਲ ਪਿਛਲਾ ਹਿਸਾਬ-ਕਿਤਾਬ ਸੀ। ਉਹਨਾਂ ਨੇ ਬਾਬੂ ਜੀ ਦੀ ਵਿਰੋਧਤਾ ਕੀਤੀ ਅਤੇ ਸ੍ਰੀ ਨੀਲਮ ਸੰਜੀਵਾ ਰੈਡੀ ਦਾ ਨਾਂ ਤਜਵੀਜ਼ ਕੀਤਾ। ਇਸ ਨਾਲ ਕਾਂਗਰਸ ਵਿਚ ਫੁੱਟ ਖੁੱਲ੍ਹ ਕੇ ਸਾਹਮਣੇ ਆਈ। ਅੰਤ ਸ੍ਰੀਮਤੀ ਗਾਂਧੀ ਅਤੇ ਬਾਬੂ ਜੀ ਨੇ ਸ੍ਰੀ ਰੈਡੀ ਦੀ ਥਾਂ ਆਜ਼ਾਦ ਉਮੀਦਵਾਰ ਸ੍ਰੀ ਵੀ. ਵੀ. ਗਿਰੀ ਨੂੰ ਰਾਸ਼ਟਰਪਤੀ ਚੁਣਵਾ ਦਿੱਤਾ। ਜਿਸ ਤੋਂ ਕਾਂਗਰਸ ਦੋਫਾੜ ਹੋ ਗਈ। ਇਸ ਸਮੇਂ ਇਉਂ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਨੂੰ ਦੋਫਾੜ ਵੱਲ ਲਿਜਾ ਕੇ ਰਾਜਨੀਤਿਕ ਸੱਤਾ ਹਥਿਆਉਣ ਵੱਲ ਬੜੀ ਤੇਜ਼ੀ ਨਾਲ ਵੱਧ ਰਹੇ ਸਨ।

1969 ਵਿਚ ਕਾਂਗਰਸ ਦੋਫਾੜ ਹੋਣ ਨਾਲ ਇਕ ਹਿੱਸੇ ਦੇ ਬਾਬੂ ਜੀ ਪ੍ਰਧਾਨ ਬਣੇ ਜੋ ਕਾਂਗਰਸ (ਜਗਜੀਵਨ ਰਾਮ) ਵਜੋਂ ਜਾਣਿਆ ਗਿਆ। ਦਸੰਬਰ 1969 ਵਿਚ ਬੰਬਈ ਵਿਖੇ ਹੋਏ ਕਾਂਗਰਸ ਸੰਮੇਲਨ ਦੀ ਪ੍ਰਧਾਨਗੀ ਬਾਬੂ ਜੀ ਨੇ ਕੀਤੀ। ਇਕ ਅਛੂਤ ਦਾ ਦੇਸ਼ ਦੀ ਹੁਕਮਰਾਨ ਰਾਜਨੀਤਿਕ ਪਾਰਟੀ ਦਾ ਪ੍ਰਧਾਨ ਬਣ ਕੇ ਬਾਬੂ ਜੀ ਨੇ ਉਹਨਾਂ ਲੋਕਾਂ ਨੂੰ ਸ਼ਰਮਿੰਦਿਆਂ ਕਰ ਦਿੱਤਾ ਜੋ ਅਛੂਤਾਂ ਨੂੰ ਮੈਰਿਟ ਦੀ ਡਾਂਗ ਨਾਲ ਅੱਜ ਵੀ ਫੱਟੜ ਕਰਨੋਂ ਨਹੀਂ ਹਟਦੇ।

ਬਾਬੂ ਜੀ ਰਾਜਨੀਤਿਕ ਦਾਅ-ਪੇਚ ਨੂੰ ਇੰਨੀ ਬਾਖੂਬੀ ਨਾਲ ਕਰਦੇ ਸਨ ਕਿ ਵੀਹਵੀਂ ਸਦੀ ਵਿਚ ਸ਼ਾਇਦ ਹੀ ਕੋਈ ਅਜਿਹਾ ਭਾਰਤੀ ਸਿਆਸਤਦਾਨ ਹੋਵੇਗਾ ਜੋ ਆਮ ਆਦਮੀ ਤੋਂ ਸ਼ੁਰੂ ਹੋ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੰਘਰਸ਼ਸ਼ੀਲ ਸੀ। 1969 ਵਿਚ ਜਦੋਂ ਬਾਬੂ ਜੀ ਕੇਂਦਰੀ ਮੰਤਰੀ ਹੋਣ ਦੇ ਨਾਲ-ਨਾਲ ਕਾਂਗਰਸ ਦੇ ਪ੍ਰਧਾਨ ਸਨ ਤਾਂ ਉਹਨਾਂ ਨੇ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਬਹੁਗੁਣਾ ਰਾਹੀਂ ਸਿੰਡੀਕੇਟ ਕਾਂਗਰਸ ਨਾਲ ਗੱਲ ਚਲਾਈ ਕਿ ਜੇ ਉਹ ਬਾਬੂ ਜੀ ਨੂੰ ਪ੍ਰਧਾਨ ਮੰਤਰੀ ਬਣਨ 'ਚ ਹੱਥ ਵੰਡਾਉਣ ਤਾਂ ਉਹ ਦੋਹਾਂ ਕਾਂਗਰਸਾਂ ਨੂੰ ਇਕ ਕਰ ਦੇਣਗੇ। ਪਰ ਇਸਦਾ ਸ੍ਰੀਮਤੀ ਗਾਂਧੀ ਨੂੰ ਪਤਾ ਲੱਗ ਗਿਆ ਅਤੇ ਸ੍ਰੀਮਤੀ ਗਾਂਧੀ ਇੰਨੇ ਘਬਰਾ ਗਏ ਕਿ ਉਹਨਾਂ ਲੋਕ ਸਭਾ ਹੀ ਦਸੰਬਰ 1970 'ਚ ਭੰਗ ਕਰਕੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਦਿੱਤਾ। ਪਰ ਬਾਬੂ ਜੀ ਦ ਆਦਿਵਾਸੀਆਂ 'ਚ ਪ੍ਰਭਾਵ ਹੋਣ ਕਰਕੇ ਮੰਤਰੀ ਮੰਡਲ 'ਚੋਂ ਨਾ ਕੱਢ ਸਕੀ।'

1971 ਦੀਆਂ ਲੋਕ ਸਭਾ ਚੋਣਾਂ ਵੇਲੇ ਬਾਬੂ ਜੀ ਕਾਂਗਰਸ ਦੇ ਪ੍ਰਧਾਨ ਸਨ। ਉਹਨਾਂ ਸਮਝਿਆ ਕਿ ਸ੍ਰੀਮਤੀ ਗਾਂਧੀ ਨੂੰ ਇੰਨਾ ਬਹੁਮਤ ਨਹੀਂ ਮਿਲੇਗਾ ਕਿ ਜਿਸ ਨਾਲ ਬਾਬੂ ਜੀ ਦੀ ਪਾਰਟੀ ਤੇ ਪਕੜ ਮਜ਼ਬੂਤ ਰਹੇਗੀ। ਚੋਣਾਂ ਵੇਲੇ ਹੀ ਉਹਨਾਂ ਬਿਆਨ ਦਿੱਤਾ 'ਮੈਂ ਅੰਗੂਠਾ ਟੇਕ ਪ੍ਰਧਾਨ ਨਹੀਂ। ਲੋਕ ਸਭਾ ਚੋਣਾਂ ਤੋਂ ਬਾਅਦ ਲੋਕ ਸਭਾ ਵਿਚ ਪਾਰਟੀ ਦੇ ਆਗੂ ਦੀ ਬਕਾਇਦਾ ਚੋਣ ਹੋਵੇਗੀ।'' ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਦੇ ਵਿਚ ਲੋਕਤੰਤਰਿਕ ਰਵਾਇਤਾਂ ਨੂੰ ਕਿੰਨਾ ਬਰਕਰਾਰ ਰੱਖਣ 'ਚ ਵਿਸ਼ਵਾਸ ਰੱਖਦੇ ਸਨ। ਪਰ ਇਸ ਦਲੇਰਾਨਾ ਬਿਆਨ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਨਰਾਜ਼ ਕਰ ਦਿੱਤਾ। ਇਸ ਤੋਂ ਬਾਅਦ ਸ੍ਰੀਮਤੀ ਗਾਂਧੀ ਨੇ ਡਾ. ਬਰੂਆ ਵਰਗੇ ਕਾਂਗਰਸ ਪ੍ਰਧਾਨ ਬਣਾਏ ਜੋ 'ਇੰਦਰਾ ਭਾਰਤ ਹੈ ਅਤੇ ਭਾਰਤ ਇੰਦਰਾ ਹੈ' ਦਾ ਨਾਹਰਾ ਲਾਉਂਦੇ ਰਹੇ। ਇਹ ਭਾਰਤੀ ਲੋਕਤੰਤਰ ਦਾ ਕਿੱਡਾ ਦੁਖਾਂਤ ਹੈ ਕਿ ਜੋ ਰਾਜਨੀਤਿਕ ਪਾਰਟੀ ਦੇਸ਼ ਵਿਚ ਰਾਜ ਕਰ ਰਹੀ ਹੋਵੇ, ਉਸ ਦੀ ਬੀਤੇ ਦਸ ਸਾਲਾਂ ਤੋਂ ਸੰਗਠਨਾਤਮਕ ਚੋਣ ਹੀ ਨਾ ਹੋਈ ਹੋਵੇ। ਭਾਰਤ ਵਿਚ ਲੋਕਤੰਤਰ ਦੀ ਅਸਲ ਭਾਵਨਾ ਖੰਭ ਲਾ ਕੇ ਉਡ ਗਈ ਹੈ।

ਬਾਬੂ ਜੀ ਲਗਾਤਾਰ ਸ੍ਰੀਮਤੀ ਗਾਂਧੀ ਦੀ ਡਿਕਟੇਟਰਸ਼ਿਪ ਲਈ ਖ਼ਤਰਾ ਬਣ ਗਏ ਸਨ। ਸ੍ਰੀਮਤੀ ਗਾਂਧੀ ਬਾਬੂ ਜੀ ਦੀ ਲੋਕਪ੍ਰਿਅਤਾ ਨੂੰ ਕੈਰੀ ਅੱਖ ਨਾਲ ਦੇਖਦੇ ਸਨ। ਬੰਗਲਾਦੇਸ਼ ਨਾਲ ਯੁੱਧ 'ਚ ਬਾਬੂ ਜੀ ਵੱਲੋਂ ਰੱਖਿਆ ਮੰਤਰੀ ਵਜੋਂ ਦਿੱਤੇ ਕੁਸ਼ਲ ਨਿਰਦੇਸ਼ਨ ਨੇ ਆਮ ਭਾਰਤੀਆਂ ਦੇ ਮਨਾਂ 'ਚ ਬਾਬੂ ਜੀ ਬਾਰੇ ਕੁਸ਼ਲ ਰਾਜਨੀਤੀਵਾਨ ਅਤੇ ਕੁਸ਼ਲ ਪ੍ਰਸ਼ਾਸਕ ਦਾ ਵਿਚਾਰ ਬਿਠਾ ਦਿੱਤਾ। ਸ੍ਰੀਮਤੀ ਗਾਂਧੀ ਨੇ ਬੰਗਲਾਦੇਸ਼ ਦੀ ਲੜਾਈ ਦਾ ਸਿਹਰਾ ਲੈਣ ਲਈ 'ਭਾਰਤ ਰਤਨ' ਦਾ ਖਿਤਾਬ ਲੈ ਲਿਆ ਅਤੇ ਲੋਕਾਂ ਦੀਆਂ ਨਜ਼ਰਾਂ 'ਚੋਂ ਬਾਬੂ ਜੀ ਨੂੰ ਡੇਗਣ ਲਈ ਉਹਨਾਂ ਨੂੰ 1975 ਵਿਚ ਲੋਕ ਸਭਾ ਵਿਚ ਐਮਰਜੈਂਸੀ ਪ੍ਰਸਤਾਵ ਪੜ੍ਹਨ ਲਈ ਮਜਬੂਰ ਕੀਤਾ। ਪਰ ਬਾਬੂ ਜੀ ਨੇ ਆਪਣੇ ਮੱਥੇ ਤੇ ਲੱਗੇ ਇਸ ਕਲੰਕ ਨੂੰ ਦੋ ਫਰਵਰੀ 1977 ਨੂੰ ਕਾਂਗਰਸ ਪਾਰਟੀ ਅਤੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਕੇ ਧੋ ਦਿੱਤਾ। ਇਸ ਅਸਤੀਫੇ ਨਾਲ ਬਾਬੂ ਜੀ ਨੇ ਸ੍ਰੀਮਤੀ ਗਾਂਧੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਬਾਬੂ ਜੀ ਹੀ ਸ੍ਰੀਮਤੀ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਵਾਲੇ ਸਨ ਅਤੇ ਉਹਨਾਂ ਨੇ ਹੀ ਮਾਰਚ 1977 ਦੀਆਂ ਚੋਣਾਂ ਵਿਚ ਸ੍ਰੀਮਤੀ ਗਾਂਧੀ ਸਮੇਤ ਕਾਂਗਰਸ ਨੂੰ 'ਧੋਬੀ ਪਟੜਾ' ਮਾਰਿਆ। ਭਾਰਤ ਦੇ ਇਤਿਹਾਸ ਵਿਚ ਬਾਬੂ ਜੀ ਵੱਲੋਂ ਕਾਂਗਰਸ ਛੱਡਣ 'ਤੇ ਪਹਿਲੀ ਵਾਰ ਕੇਂਦਰ ਵਿਚ ਕਾਂਗਰਸ ਨੂੰ ਵਿਦੇਸ਼ੀ ਬੈਂਚਾਂ ਤੇ ਬਿਠਾਉਣ ਦਾ ਸਿਹਰਾ ਬਾਬੂ ਜੀ ਨੂੰ ਹੀ ਜਾਂਦਾ ਹੈ।

ਪਰ ਪ੍ਰਧਾਨ ਮੰਤਰੀ ਦੀ ਚੋਣ ਵੇਲੇ ਚੌਧਰੀ ਚਰਨ ਸਿੰਘ ਵੱਲੋਂ ਬਾਬੂ ਜੀ ਦੀ ਵਿਰੋਧਤਾ ਕਾਰਨ ਬਾਬੂ ਜੀ ਪ੍ਰਧਾਨ ਮੰਤਰੀ ਬਣਦੇ-ਬਣਦੇ ਰਹਿ ਗਏ। ਜੁਲਾਈ 1979 ਵਿਚ ਜਨਤਾ ਪਾਰਟੀ ਵਿਚਲੀ ਫੁੱਟ ਕਾਰਨ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਆਇਆ। ਪਰ ਮੋਰਾਰਜੀ ਦਿਸਾਈ ਨੇ ਅਸਤੀਫਾ ਦੇਣ ਵਿਚ ਇੰਨੀ ਦੇਰੀ ਕਰ ਦਿੱਤੀ ਕਿ ਬਾਬੂ ਜੀ ਸਹੀ ਸਮੇਂ 'ਤੇ ਆਪਣਾ ਦਾਅਵਾ ਸਹੀ ਤਰੀਕੇ ਨਾਲ ਪੇਸ਼ ਨਾ ਕਰ ਸਕੇ। ਰਾਸ਼ਟਰਪਤੀ ਸ੍ਰੀ ਰੈਡੀ ਨੇ ਸ੍ਰੀ ਚਰਨ ਸਿੰਘ ਨੂੰ ਮੰਤਰੀ ਮੰਡਲ ਬਣਾਉਣ ਲਈ ਸੱਦਾ ਦਿੱਤਾ ਜੋ ਇਕ ਵਾਰ ਵੀ ਲੋਕ ਸਭਾ ਦੇ ਅਖਾੜੇ ਵਿਚ ਬਾਬੂ ਜੀ ਨਾਲ ਰਾਜਨੀ-ਤਿਕ ਦੰਗਲ ਦਾ ਸਾਹ-ਮਣਾ ਨਾ ਕਰ ਸਕੇ। ਇਤਿਹਾਸ ਵਿਚ ਸ੍ਰੀ ਰੈਡੀ ਨੂੰ ਜਿਸ ਬਾਬੂ ਜੀ ਨੂੰ ਮੰਤਰੀ ਮੰਡਲ ਬਣਾਉਣ ਦਾ ਸੱਦਾ ਨਾ ਦੇਣ ਦਾ ਦੋਸ਼ੀ ਲਿਖਿਆ ਜਾਵੇਗਾ, ਉਥੇ ਸ੍ਰੀ ਰੈਡੀ ਨੂੰ ਭਾਰਤ ਵਿਚ ਖਾਨਦਾਨੀ ਰਾਜ ਮੁੜ ਲਿਆਉਣ 'ਚ ਸਹਾਇਕ ਹੋਣ ਦਾ ਵੀ ਦੋਸ਼ੀ ਲਿਖਿਆ ਜਾਵੇਗਾ।

ਜੇ ਬਾਬੂ ਜੀ 1977 ਜਾਂ 1979 ਵਿਚ ਪ੍ਰਧਾਨ ਮੰਤਰੀ ਬਣ ਜਾਂਦੇ ਤਾਂ ਸ੍ਰੀਮਤੀ ਗਾਂਧੀ ਦੀ ਵਾਪਸੀ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋ ਜਾਂਦੀ।

1980 ਤੋਂ ਬਾਅਦ ਉਹਨਾਂ ਜਨਤਾ ਪਾਰਟੀ ਤੋਂ ਦੋਹਰੀ ਮੈਂਬਰਸ਼ਿਪ ਦੇ ਸਵਾਲ ਤੇ ਅਲੱਗ ਹੋ ਕੇ ਕਾਂਗਰਸ (ਜੇ) ਬਣਾਈ। ਪਰ 1977 ਵਿਚ ਆਪਣੀ ਕਾਂਗਰਸ ਫਾਰ ਡੈਮੋਕ੍ਰੇਸੀ (ਸੀ. ਐਫ. ਡੀ.) ਨੂੰ ਜਨਤਾ ਪਾਰਟੀ ਵਿਚ ਮਿਲਾਉਣਾ ਉਨੀ ਵੱਡੀ ਗਲਤੀ ਸੀ, ਜਿੰਨੀ ਡਾ. ਅੰਬੇਡਕਰ ਵੱਲੋਂ ਪੂਨਾ ਪੈਕਟ ਮੰਜੂਰ ਕਰਨਾ।

1977, 1979 ਅਤੇ 1980 ਵਿਚ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਵਿਚ ਜਾਤੀਵਾਦ ਸਭ ਤੋਂ ਵੱਡੀ ਰੁਕਾਵਟ ਬਣਨਾ ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਸ਼ਿਵਾ ਜੀ ਨੇ ਆਪਣਾ ਰਾਜ ਤਿਲਕ ਕਰਨਾ ਸੀ ਤਾਂ ਬ੍ਰਾਹਮਣਾਂ ਨੇ ਸ਼ਿਵਾ ਜੀ ਦੇ ਰਾਜਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਰਾਜ ਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਗੁਰੂ ਰਾਮਦਾਸ ਅਤੇ ਪ੍ਰਧਾਨ ਮੰਤਰੀ ਮੋਰੋਪੰਤ ਪਿੰਗਲੇ ਵੀ ਸ਼ਿਵਾ ਜੀ ਦੇ ਰਾਜਤਿਲਕ ਦੇ ਵਿਰੋਧੀ ਸਨ। ਅਜਿਹਾ ਕਿਉਂ? ਅਜਿਹਾ ਵਿਰੋਧ ਇਸ ਕਰਕੇ ਸੀ ਕਿ ਸ਼ਿਵਾ ਜੀ ਸ਼ੂਦਰ ਸਨ ਅਤੇ ਬ੍ਰਾਹਮਣ ਇਹ ਗੱਲ ਪੱਕੀ ਤਰ੍ਹਾਂ ਜਾਣਦੇ ਹਨ ਕਿ ਉਹਨਾਂ ਨੇ ਸਿੰਧੂ ਘਾਟੀ ਦੀ ਲੜਾਈ ਵਿਚ ਸ਼ੂਦਰ ਕਹੇ ਜਾਂਦੇ ਭਾਰਤ ਦੇ ਅਸਲ ਵਾਸੀਆਂ ਨੂੰ ਹਰਾ ਕੇ ਅਣਮਨੁੱਖੀ ਜ਼ੁਲਮ ਕੀਤੇ।

ਜੇ ਸ਼ੂਦਰ ਰਾਜ ਸੱਤਾ ਪ੍ਰਾਪਤ ਕਰ ਗਏ ਤਾਂ ਸਭ ਤੋਂ ਵੱਧ ਸ਼ਾਮਤ ਬ੍ਰਾਹਮਣਾਂ ਦੀ ਹੋਣੀ ਹੈ ਕਿਉਂਕਿ ਉਹਨਾਂ ਸ਼ੂਦਰਾਂ ਨੂੰ ਤਾਂ ਚੌਥੇ ਦਰਜੇ ਤੇ ਰੱਖਿਆ ਹੀ ਸੀ। ਆਪਣੇ ਆਰੀਆ ਭਰਾਵਾਂ, ਕਸ਼ਤਰੀਆਂ ਅਤੇ ਵੈਸ਼ਾਂ ਨੂੰ ਵੀ ਆਪਣੇ ਤੋਂ ਹੀਣੇ ਕਰ ਰੱਖਿਆ ਹੈ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬ੍ਰਾਹਮਣਾਂ ਦਾ ਸਿੱਖ ਸਜ ਕੇ ਮੰਤਰੀ ਬਣ ਕੇ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਨੂੰ ਖੋਖਲੇ ਕਰਨਾ ਅਤੇ ਸ਼ਿਵਾ ਜੀ ਤੋਂ ਬਾਅਦ ਬ੍ਰਾਹਮਣ ਪੇਸ਼ਵਿਆਂ ਵੱਲੋਂ ਰਾਜ ਸੱਤਾ ਹਥਿਆ ਕੇ ਪੇਸ਼ਵਾ ਰਾਜ ਸਥਾਪਤ ਕਰਕੇ ਸ਼ਹੀਦ ਸੰਬੂਕ ਦੇ ਕਾਤਲ ਸ੍ਰੀ ਰਾਮ ਚੰਦਰ ਦੇ 'ਰਾਮ ਰਾਜ' ਦੀ ਸਥਾਪਨਾ ਕਰਨਾ ਇਤਿਹਾਸਕਾਰਾਂ ਦੇ ਧਿਆਨ ਦੀ ਮੰਗ ਕਰਦਾ ਹੈ।

ਚਾਹੇ ਕੁਝ ਵੀ ਹੋਵੇ ਜਿਵੇਂ ਕਿ ਇਤਿਹਾਸ ਗਵਾਹ ਹੈ ਕਿ ਸ਼ੂਦਰਾਂ ਖਾਸ ਕਰਕੇ ਅਛੂਤਾਂ ਨੇ ਆਪਣਾ ਗੁਆਚਿਆ ਰਾਜ ਪਾਟ ਹਥਿਆਉਣ ਲਈ ਅਣਗਿਣਤ ਸ਼ਹੀਦੀਆਂ ਦਿੱਤੀਆਂ ਪਰ ਆਰੀਆਂ ਦੀ ਮਕਾਰੀ ਤੋਂ ਮਾਤ ਖਾਂਦੇ ਰਹੇ। ਇਸੇ ਤਰ੍ਹਾਂ ਵੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਅਛੂਤਾਂ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਉਠੀਆਂ ਲਹਿਰਾਂ ਦੇ ਸਿਰਲੱਥ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਸਦਕੇ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਕਬਜ਼ਾ ਕਰਨ ਦੇ ਯਤਨ ਹੋਣ ਲੱਗੇ। ਜੁਲਾਈ 1979 ਵਿਚ ਰਾਜਨੀਤੀ ਦੰਗਲ ਵਿਚ ਬਾਬੂ ਜੀ ਦਾ ਪਟਕੇ ਦਾ ਘੋਲ ਜਿੱਤ ਕੇ ਪ੍ਰਧਾਨ ਮੰਤਰੀ ਬਣਨਾਂ ਪੱਕਾ ਹੀ ਸੀ ਪਰ ਦੰਗਲ ਦੇ ਰੈਫਰੀ (ਰਾਸ਼ਟਰਪਤੀ) ਸ੍ਰੀ ਰੈਡੀ ਦੇ ਪੱਖਪਾਤ ਨੇ ਬਾਬੂ ਜੀ ਨੂੰ ਘੋਲ ਘੁਲਣ ਦਾ ਸੱਦਾ ਹੀ ਨਾ ਦਿੱਤਾ। ਪਰ ਬਾਬੂ ਜੀ ਨੇ 1977 ਵਿਚ ਦਲੇਰੀ ਭਰੇ ਕਦਮ ਚੁੱਕੇ, ਉਸਦੇ ਸਿੱਟੇ ਵਜੋਂ ਉਹ ਆਪ ਉਪ ਪ੍ਰਧਾਨ ਮੰਤਰੀ ਹੀ ਬਣ ਸਕੇ ਪਰ ਉਹਨਾਂ ਨੇ ਭਾਰਤ ਵਿਚ ਇਕ ਸ਼ੂਦਰ ਪ੍ਰਧਾਨ ਮੰਤਰੀ ਚਰਨ ਸਿੰਘ ਅਤੇ ਇਕ ਸ਼ੂਦਰ ਉਪ ਪ੍ਰਧਾਨ ਮੰਤਰੀ ਸ੍ਰੀ ਯਸ਼ਵੰਤ ਰਾਓ ਚਵਾਨ ਪੈਦਾ ਕੀਤੇ। ਕੀ ਬਾਬੂ ਜੀ ਦੀ ਇਹ ਘੱਟ ਪ੍ਰਾਪਤੀ ਸੀ? ਬਹੁਜਨ ਸਮਾਜ ਪਾਰਟੀ ਵੱਲੋਂ ਅਛੂਤ ਪ੍ਰਧਾਨ ਮੰਤਰੀ ਦਾ ਨਾਅਰਾ ਦੇਣਾ ਵੀ ਇੱਥੋਂ ਉਤਸ਼ਾਹਿਤ ਹੋਇਆ।

ਅੰਤ ਵਿਚ ਦੋ ਵਿਸ਼ਿਆਂ ਤੇ ਚਰਚਾ ਕਰਨੀ ਜ਼ਰੂਰੀ ਚਾਹਾਂਗੇ, ਜਿਸ ਤੇ ਅਛੂਤਾਂ ਦੀ ਅਤੇ ਭਾਰਤ ਦੀ ਰਾਜਨੀਤੀ ਦੀ ਦਿਸ਼ਾ ਨਿਰਭਰ ਹੋਵੇਗੀ। ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਇਹ ਗੱਲ ਭਲੀ ਭਾਂਤ ਜਾਣਦੇ ਹਨ ਕਿ ਰਾਜਨੀਤੀ ਵਿਚ ਰਾਜਨੀਤਿਕ ਪਾਰਟੀ ਅਤੇ ਦਬਾਅ ਗਰੁੱਪ ਦੋਹਾਂ ਦਾ ਹੋਣਾ ਜ਼ਰੂਰੀ ਹੈ। ਮੰਨ ਲਓ ਸਾਰੇ ਅਛੂਤ ਸ਼ਾਸਕ ਪਾਰਟੀ ਵਿਚ ਹਨ, ਉਹਨਾਂ ਦੀ ਮੌਜੂਦਾ ਭਾਰਤੀ ਸਮਾਜਿਕ ਸੋਚ ਅਤੇ ਰਾਜਨੀਤਿਕ ਚੋਣ ਪ੍ਰਣਾਲੀ ਦੇ ਔਗੁਣਾਂ ਕਾਰਨ ਇੰਨੀ ਆਵਾਜ਼ ਨਹੀਂ ਹੋਵੇਗੀ। ਇਸ ਦੇ ਲਈ ਜ਼ਰੂਰੀ ਹੈ ਕਿ ਸ਼ਾਸਕ ਪਾਰਟੀ ਤੋਂ ਬਾਹਰ ਅਜਿਹਾ ਦਬਾਓ ਗਰੁੱਪ ਹੋਵੇ ਜੋ ਸ਼ਾਸਕ ਪਾਰਟੀ ਵਿਚਲੇ ਅਛੂਤਾਂ 'ਚੋਂ ਚੁਣੇ ਐਮ. ਐਲ. ਏ., ਐਮ. ਪੀਜ਼ ਅਤੇ ਮਨਿਸਟਰਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰੱਖਣ ਦੇ ਨਾਲ ਉਹਨਾਂ ਨੂੰ ਪਾਰਟੀ ਦੇ ਕਾਬਜ਼ ਗੈਰ-ਅਛੂਤ ਆਗੂਆਂ ਨੂੰ ਵੀ ਅਛੂਤਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰੇ। ਇਸ ਨੂੰ ਸੌਖਿਆਂ ਇਸ ਤਰ੍ਹਾਂ

(ਬਾਕੀ ਅਗਲੇ ਸਫੇ 'ਤੇ)

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ

ਸਪਸ਼ਟ ਕਰ ਸਕਦੇ ਹਾਂ ਕਿ ਪ੍ਰੈਸ਼ਰ ਗਰੁੱਪ ਬੱਚਾ ਹੈ ਅਤੇ ਰਾਜਨੀਤਿਕ ਪਾਰਟੀ ਮਾਂ ਹੈ। ਜਿਵੇਂ ਬਿਨਾਂ ਰੋਇਆਂ ਮਾਂ ਵੀ ਦੁੱਧ ਨਹੀਂ ਦਿੰਦੀ, ਇਸੇ ਤਰ੍ਹਾਂ ਪ੍ਰੈਸ਼ਰ ਗਰੁੱਪ ਦਾ ਕੰਮ ਰੋਣਾ ਹੈ ਭਾਵ ਉਸ ਦਾ ਕੰਮ ਰਾਜਨੀਤਿਕ ਪਾਰਟੀ ਦੇ ਹਾਥੀ ਦੇ ਸਿਰ 'ਤੇ ਮਹਾਵਤ ਦੇ ਕੁੰਡੇ ਦਾ ਕੰਮ ਕਰਨਾ ਹੁੰਦ ਹੈ। ਸ਼ਾਸਕ ਰਾਜਨੀਤਿਕ ਪਾਰਟੀ ਵਿਚ ਅਛੂਤ ਆਗੂਆਂ ਦਾ ਕੰਮ ਪ੍ਰੈਸ਼ਰ ਗਰੁੱਪ ਦੇ ਅੰਦਰੂਨੀ ਸਹਿਯੋਗ ਨਾਲ ਅਛੂਤਾਂ ਦੀਆਂ ਮੰਗਾਂ ਨੂੰ ਮਨਵਾ ਕੇ ਲਾਗੂ ਕਰਵਾਉਣਾ ਚਾਹੀਦਾ ਹੈ। 1947 ਤੋਂ ਬਆਦ ਸ਼ਡਿਊਲਡ ਕਾਸਟਜ਼ ਫੈਡਰੇਸ਼ਨ, ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਹੁਣ ਬਹੁਜਨ ਸਮਾਜ ਪਾਰਟੀ ਨੇ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਤੋਂ ਬਾਅਦ ਰਾਜਨੀਤਿਕ ਬਦਲ ਵਜੋਂ ਉਭਰ ਰਹੀ ਹੈ ਪਰ ਉਸ ਦੇ ਰਾਹ ਵਿਚ ਪੂਨਾ ਪੈਕਟ ਵਾਲੀਆਂ ਖਾਮੀਆਂ ਹਨ। ਇਹਨਾਂ ਖਾਮੀਆਂ ਨੂੰ ਦੂਰ ਕਰਨ ਲਈ ਉਸ ਨੇ ਆਪਣਾ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦਾ ਘੇਰਾ ਅਛੂਤਾਂ, ਪੱਛੜੀਆਂ ਸ਼੍ਰੇਣੀਆਂ ਤੋਂ ਵਧਾ ਕੇ ਸਿੱਖਾਂ, ਇਸਾਈਆਂ, ਮੁਸਲਮਾਨਾਂ ਭਾਵ ਗੈਰ-ਆਰੀਆ ਤੱਕ ਵਧਾ ਲਿਆ ਹੈ। ਹਾਲ ਦੀ ਘੜੀ ਜਿੰਨਾ ਪ੍ਰੈਸ਼ਰ ਗਰੁੱਪ ਜ਼ਰੂਰੀ ਹੈ ਉਨ੍ਹਾਂ ਹੀ ਰਾਜ-ਪਾਰਟੀ 'ਚ ਅਛੂਤਾਂ ਦਾ ਨੁਮਾਇੰਦਿਆਂ ਦਾ ਹੋਣਾ ਵੀ ਜ਼ਰੂਰੀ ਹੈ। ਪਰ ਇਹ ਨੁਮਾਇੰਦੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਇਹੀ ਅਹਿਮ ਸਵਾਲ ਹੈ। ਅਛੂਤਾਂ ਦੇ ਹੁਣ ਦੇ ਨੁਮਾਇੰਦੇ ਚਾਹੇ ਉਹ ਅਕਾਲੀ ਦਲ, ਕਾਂਗਰਸ, ਜਨਤਾ ਪਾਰਟੀ, ਲੋਕ ਦਲ ਅਤੇ ਚਾਹੇ ਕਮਿਊਨਿਸਟ ਪਾਰਟੀਆਂ 'ਚ ਹਨ, ਉਹ ਨਿਰੋਲ ਅਛੂਤਾਂ ਦੇ ਨੁਮਾਇੰਦੇ ਨਹੀਂ ਹਨ। ਉਹ ਜਨਮ ਤੋਂ ਅਛੂਤ ਜ਼ਰੂਰ ਹਨ ਪਰ ਉਹ ਅਛੂਤ-ਵਿਰੋਧੀਆਂ ਦੀ ਅਛੂਤਾਂ 'ਚੋਂ ਸਭ ਤੋਂ ਵੱਧ 'ਆਗਿਆਕਾਰ' ਦੀ ਚੋਣ ਤੋਂ ਵੱਧ ਕੁਝ ਨਹੀਂ।

ਇਹ ਕਹਿਣ ਦਾ ਭਾਵ ਹੈ ਕਿ ਜੇ ਕਿਸੇ ਵੀ ਸ਼ਾਸਕ ਪਾਰਟੀ ਨੇ ਅਛੂਤਾਂ ਦੇ ਹੰਝੂ ਹੀ ਪੂੰਝਣੇ ਹਨ, ਉਹਨਾਂ ਦੇ ਦਰਦਾਂ ਸਮੱਸਿਆਵਾਂ ਨੂੰ ਹੱਲ ਨਹੀਂ ਕਰਨਾ ਜਾਂ ਹੱਲ ਅੱਧ ਪਚੱਧਾ ਜਾਂ ਲੇਟ ਕਰਨਾ ਹੈ ਤਾਂ ਇਹ ਭਾਰਤੀ ਲੋਕਤੰਤਰਿਕ ਢਾਂਚੇ, ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ। ਕਾਲੀ ਆਜ਼ਾਦੀ ਦੇ 38 ਸਾਲਾਂ ਬਾਅਦ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਨ ਜਿਹੇ ਫੈਸਲੇ ਲੈਣ ਵਾਲੀ ਸਰਕਾਰ ਸੰਵਿਧਾਨਕ ਰਿਜ਼ਰਵੇਸ਼ਨ ਦੀ ਪੂਰਤੀ ਲਈ ਰਿਜ਼ਰਵੇਸ਼ਨ ਐਕਟ ਨਹੀਂ ਬਣ ਸਕੀ। ਰਾਜਨੀਤੀ ਦਾ ਆਖਰੀ ਗੋਲ ਸਰਕਾਰੀ ਮਸ਼ੀਨਰੀ ਤੇ ਕਬਜ਼ਾ ਕਰਕੇ ਉਸ ਨੂੰ ਆਪਣੇ ਉਦੇਸ਼ਾਂ ਅਨੁਸਾਰ ਨਿਰਦੇਸ਼ਿਤ ਕਰਨਾ ਹੁੰਦਾ ਹੈ। ਸੋ ਅਨੁਸੂਚਿਤ ਜਾਤੀਆਂ ਦੇ ਰਾਜਨੀਤੀਵਾਨਾਂ ਨੂੰ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਨੂੰ ਪੂਰਾ ਕਰਵਾਉਣਾ ਵੀ ਉਹਨਾਂ ਦੀ ਰਾਜਨੀਤੀ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਜੋ ਲੋਕ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਖਿਲਾਫ ਮੈਰਿਟ ਦੀ ਡਾਂਗ ਚੁੱਕੀ ਫਿਰਦੇ ਹਨ, ਉਹ ਅਨੁਸੂਚਿਤ ਜਾਤੀਆਂ ਦੀ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਰਿਜ਼ਰਵੇਸ਼ਨ ਖਿਲਾਫ ਕਿਉਂ ਨਹੀਂ ਬੋਲਦੇ? ਕੀ ਉਹ ਸਮਝਦੇ ਹਨ ਕਿ ਅਨੁਸੂਚਿਤ ਜਾਤੀਆਂ 'ਚੋਂ ਬਣੇ ਐਮ. ਐਲ. ਏ., ਐਮ. ਪੀ. 'ਮੈਰਿਟ' ਵਾਲੇ ਹਨ? ਜੇ ਅਨੁਸੂਚਿਤ ਜਾਤੀਆਂ 'ਚੋਂ ਐਮ. ਐਲ. ਏ., ਐਮ. ਪੀ. ਮੈਰਿਟ ਅਨੁਸਾਰ ਠੀਕ ਹੈ ਤਾਂ ਫਿਰ ਅਨੁਸੂਚਿਤ ਜਾਤੀਆਂ 'ਚੋਂ ਕਲਰਕ, ਅਫਸਰ ਮੈਰਿਟ ਦੇ ਪੈਮਾਨੇ 'ਤੇ ਕਿਉਂ ਨਹੀਂ ਖਰਾ ਉਤਰਦਾ? ਦਰਅਸਲ ਅਨੁਸੂਚਿਤ ਜਾਤੀਆਂ ਦੇ ਚੁਣੇ ਜਾਂਦੇ ਐਮ. ਐਲ. ਏ., ਐਮ. ਪੀ. ਅਜੇ ਬ੍ਰਾਹਮਣ ਵਾਦੀਆਂ ਦੇ ਆਗਿਆਕਾਰ ਹਨ, ਜਦੋਂ ਉਹ ਆਗਿਆਕਾਰ ਨਹੀਂ ਰਹੇ ਉਸ ਦਿਨ ਰਾਜਨੀਤਿਕ ਰਿਜ਼ਰਵੇਸ਼ਨ ਖਤਮ ਹੋ ਜਾਵੇਗੀ ਅਤੇ ਦੇਸ਼ ਵਿਚ ਖਾਨਾਜੰਗੀ ਦਾ ਮਾਹੌਲ ਪੈਦਾ ਹੋ ਜਾਵੇਗਾ। ਰਿਜ਼ਰਵੇਸ਼ਨ ਬ੍ਰਾਹਮਣਵਾਦੀਆਂ ਲਈ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਂਗ ਹੈ। ਡਾ. ਅੰਬੇਡਕਰ ਵੱਲੋਂ ਕਾਨੂੰਨ ਮੰਤਰੀ ਹੁੰਦਿਆਂ ਅਤੇ ਬਾਬੂ ਜਗਜੀਵਨ ਰਾਮ ਵੱਲੋਂ ਕੇਂਦਰੀ ਮੰਤਰੀ ਮੰਡਲ ਵਿਚ ਇੰਨਾ ਸਮਾਂ ਰਹਿ ਕੇ ਰਿਜ਼ਰਵੇਸ਼ਨ ਐਕਟ ਨਾ ਬਣਾਉਣ ਨਾਲ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਲੱਖਾਂ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਆਪਣੇ ਇਸ ਸੰਵਿਧਾਨਕ ਹੱਕ ਨੂੰ ਪ੍ਰਾਪਤ ਕਰਨ ਵਿਚ ਔਕੜਾਂ ਆ ਰਹੀਆਂ ਹਨ।

ਭਾਰਤ ਦੀ ਰਾਜਨੀਤਿਕ ਖਾਸ ਕਰ ਅਛੂਤਾਂ ਦੀ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਨ ਲਈ ਦੂਜਾ ਵਿਸ਼ਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਜਾਗਰਿਤ ਵਰਗ ਦਾ ਧਰਮ ਪ੍ਰਤੀ ਕੀ ਨਜ਼ਰੀਆ ਹੈ। ਇਸ ਸਬੰਧੀ ਅਨੁਸੂਚਿਤ ਜਾਤੀਆਂ ਵਿਚ ਤਿੰਨ ਰਸਤੇ ਪ੍ਰਚੱਲਿਤ ਹਨ। ਪਹਿਲਾ ਰਸਤਾ ਹੈ ਹਿੰਦੂ ਧਰਮ ਦੇ ਦਾਇਰੇ ਵਿਚ ਰਹਿਣਾ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ। ਇਹ ਰਸਤਾ ਬਾਬੂ ਜਗਜੀਵਨ ਰਾਮ ਦਾ ਹੈ। ਦੂਜਾ ਰਸਤਾ ਹੈ ਹਿੰਦੂ ਧਰਮ ਨੂੰ ਛੱਡ ਕੇ ਧਰਮ ਪਰਿਵਰਤਨ ਕਰਕੇ ਅੱਗੇ ਵਧਣਾ। ਇਹ ਰਸਤਾ ਬਹੁਤ ਸਮੇਂ ਤੋਂ ਸ਼ੂਦਰਾਂ ਨੇ ਅਪਣਾਇਆ ਹੈ। ਮੁਸਲਿਮ ਧਰਮ, ਇਸਾਈ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਵਿਚ 95 ਪ੍ਰਤੀਸ਼ਤ ਤੋਂ ਵੱਧ ਸ਼ੂਦਰ ਹਨ। ਇਹਨਾਂ ਧਰਮਾਂ ਵਿਚ ਸ਼ੂਦਰ ਖੁਸ਼ਹਾਲੀ ਅਤੇ ਸਵੈਮਾਣ ਲਈ ਗਏ। ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਬੁੱਧ ਧਰਮ ਵਿਚ ਸ਼ਾਮਲ ਹੋ ਕੇ ਇਹ ਰਸਤੇ ਨੂੰ ਚੁਣਿਆ।

ਤੀਜਾ ਰਸਤਾ ਹੈ ਆਪਣੇ ਆਪ ਨੂੰ ਗੈਰ-ਹਿੰਦੂ ਧਰਮ ਸਿੱਧ ਕਰਨ ਦੇ ਨਾਲ ਨਾਲ ਆਪਣੇ 'ਚੋਂ ਪੈਦਾ ਹੋਏ ਰਹਿਬਰਾਂ ਮਹਾਂਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਮਦੇਵ ਆਦਿ ਨੂੰ ਧਾਰਮਿਕ ਆਗੂ ਮੰਨ ਕੇ ਵਿਦੇਸ਼ੀ ਆਰੀਆ ਖਿਲਾਫ ਆਜ਼ਾਦੀ ਦੀ ਲੜਾਈ ਲੜਨ ਦਾ! ਦੂਜਾ ਅਤੇ ਤੀਜਾ ਰਸਤਾ ਪੜ੍ਹੇ-ਲਿਖੇ ਅਤੇ ਜਾਗਰਿਤ ਅਛੂਤ ਪੀੜ੍ਹੀ ਲਈ ਖਿੱਚ ਦਾ ਵਿਸ਼ਾ ਹਨ। ਹੁਣ ਸਵਾਲ ਉਠਦਾ ਹੈ ਕਿ ਦੂਜੇ ਅਤੇ ਤੀਜੇ ਰਸਤੇ 'ਚੋਂ ਕਿਹੜਾ ਰਸਤਾ ਅਛੂਤਾਂ ਦੀ ਏਕਤਾ ਨੂੰ ਪੀਡਾ ਕਰਨ ਦੇ ਨਾਲ ਨਾਲ ਉਹਨਾਂ ਦੀ ਆਜ਼ਾਦ ਹਸਤੀ ਨੂੰ ਪ੍ਰਵਾਨਗੀ ਦਿੰਦਾ ਹੈ। ਦੂਜੇ ਰਸਤੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਵੱਖ-ਵੱਖ ਧਰਮਾਂ 'ਚ ਜਾਣ ਨਾਲ ਅਛੂਤ ਵੰਡੇ ਗਏ। ਉਹਨਾਂ ਨੇ ਜਿਸ ਖੁਸ਼ਹਾਲੀ ਅਤੇ ਸਵੈਮਾਣ ਲਈ ਨਵਾਂ ਧਰਮ ਅਪਣਾਇਆ। ਉਸ ਮਕਸਦ ਨੂੰ ਛੱਡ ਕੇ ਉਹ ਨਵੇਂ ਧਰਮ 'ਚ ਸਥਾਪਤ ਲੋਕਾਂ ਦੀ 'ਚਾਪਲੂਸੀ' ਕਰਕੇ ਆਪਣੇ ਆਪ ਨੂੰ ਧਰਮ ਵਿਚ ਵੱਡਾ 'ਕੱਟੜ' ਹੋਣਾ ਸਿੱਧ ਕਰਨ ਵੱਲ ਰੁੱਝੇ ਰਹੇ! ਜਿਸ ਨਾਲ ਉਹਨਾਂ ਦੀ ਹਾਲਤ ਨਵੇਂ ਧਰਮ 'ਚ ਆਉਣ ਤੋਂ ਪਹਿਲੀ ਵਰਗੀ ਹੀ ਰਹੀ। ਨਵੇਂ ਧਰਮਾਂ ਵਿਚ ਵੀ ਉਹਨਾਂ ਨੂੰ ਹਿੰਦੂਆਂ ਵਰਗੀ ਨਫਰਤ ਦਾ ਸ਼ਿਕਾਰ ਹੋਣਾ ਪਿਆ। ਨਵੇਂ ਧਰਮਾਂ ਵਿਚ ਭਾਵੇਂ ਹਿੰਦੂ ਧਰਮ ਨਾਲੋਂ ਕੁਝ ਖੁੱਲ੍ਹ ਸੀ ਪਰ ਨਵੇਂ ਧਰਮ ਤੇ ਕਾਬਜ਼ ਲੋਕਾਂ ਨੇ ਉਹਨਾਂ ਨੂੰ ਧਰਮ ਵਿਚ ਮਿਲੀ ਖੁੱਲ੍ਹ ਦਾ ਆਨੰਦ ਨਾ ਮਾਨਣ ਦਿੱਤਾ।

ਇਸ ਸਮੇਂ ਸਾਡੇ ਸਾਹਮਣੇ ਡਾ. ਅੰਬੇਡਕਰ, ਜੋ ਧਰਮ ਪ੍ਰੀਵਰਤਨ ਦੇ ਸਖਤ ਮੁਦਈ ਹੀ ਨਹੀਂ ਸਨ ਸਗੋਂ ਧਰਮ ਪ੍ਰੀਵਰਤਨ ਵੀ ਕੀਤਾ, ਦਾ ਅਛੂਤਾਂ ਦੀ ਪੂਨਾ ਵਿਖੇ 12-13 ਜਨਵਰੀ 1936 ਦੀ ਕਾਨਫਰੰਸ ਵਿਚ ਕੀਤਾ ਭਾਸ਼ਣ ਰਾਹ ਦਰਸਾਉਂਦਾ ਹੈ। ਉਹਨਾਂ ਨੇ ਕਿਹਾ, "ਅਸੀਂ ਇਸ ਹਕੀਕਤ ਬਾਰੇ ਪੂਰੀ ਤਰ੍ਹਾਂ ਜਾਣੂ ਹਾਂ ਕਿ ਅਸੀਂ ਜਿਸ ਮਰਜ਼ੀ ਧਰਮ ਵਿਚ ਜਾਈਏ, ਸਾਨੂੰ ਆਪਣੀ ਭਲਾਈ ਲਈ ਲੜਨਾ ਪੈਣਾ ਹੈ, ਚਾਹੇ ਇਸਾਈ ਧਰਮ, ਇਸਲਾਮ ਚਾਹੇ ਸਿੱਖ ਧਰਮ ਵਿਚ ਹੀ ਕਿਉਂ ਨਾ ਜਾਈਏ। ਇਹ ਸੋਚਣਾ ਮੂਰਖਤਾ ਹੋਵੇਗੀ ਕਿ ਜੇ ਅਸੀਂ ਇਸਲਾਮ ਅਪਣਾ ਲਈਏ ਤਾਂ ਸਾਡੇ ਵਿਚੋਂ ਹਰ ਕੋਈ ਨਵਾਬ ਬਣ ਜਾਏਗਾ ਜਾਂ ਇਸਾਈ ਧਰਮ ਅਪਣਾਉਣ ਤੇ ਪੋਪ ਬਣ ਜਾਏਗਾ। ਅਸੀਂ ਚਾਹੇ ਜਿਸ ਵੀ ਧਰਮ ਵਿਚ ਜਾਈਏ, ਸੰਘਰਸ਼ ਕਰਨਾ ਸਾਡੇ ਹਿੱਸੇ ਲਾਜ਼ਮੀ ਹੀ ਹੈ। ਹੁਣ ਸਵਾਲ ਉੱਠਦਾ ਹੈ ਕਿ ਜੇ ਧਰਮ ਪ੍ਰੀਵਰਤਨ ਕਰਕੇ ਵੀ ਉਹਨਾਂ ਧਰਮਾਂ ਵਿਚ ਆਪਣੇ ਸਵੈਮਾਣ ਲਈ ਸੰਘਰਸ਼ ਕਰਨਾ ਪੈਂਦਾ ਹੈ ਤਾਂ ਫਿਰ ਆਪਣੇ ਅਛੂਤ ਧਾਰਮਿਕ ਆਗੂਆਂ ਅਤੇ ਰਾਜਨੀਤਿਕ ਆਗੂਆਂ ਨੂੰ ਸਾਵੇਂ ਰੱਖ ਕੇ ਹੀ ਸੰਘਰਸ਼ ਕਿਉਂ ਨਾ ਕੀਤਾ ਜਾਵੇ। ਇਸ ਸਵਾਲ ਦਾ ਜੁਆਬ ਹੀ ਅਛੂਤਾਂ ਦੀ ਰਾਜਨੀਤੀ ਦੀ ਦਿਸ਼ਾ ਅਤੇ ਰਫ਼ਤਾਰ ਨਿਰਧਾਰਿਤ ਕਰੇਗਾ।

ਇੱਥੇ ਇਸ ਗੱਲ ਦਾ ਨਿਤਾਰਾ ਵੀ ਕਰ ਲੈਣਾ ਚਾਹੀਦਾ ਹੈ ਕਿ ਕੀ ਧਰਮ ਪਰਿਵਰਤਨ ਨਾਲ 'ਜਾਤ ਪਰਿਵਰਤਨ' ਵੀ ਹੋ ਜਾਂਦਾ ਹੈ। ਇਸ ਦਾ ਜੁਆਬ ਸਾਨੂੰ ਭਾਰਤ ਦੇ ਸਾਰੇ ਧਰਮਾਂ ਵਿਚਲੀ ਜਾਤ ਪਾਤ ਦੇਖ ਕੇ ਮਿਲ ਜਾਂਦਾ ਹੈ। ਤਾਂ ਫਿਰ ਧਰਮ ਪ੍ਰੀਵਰਤਨ ਦਾ ਅਸਲ ਮਕਸਦ ਤਾਂ ਪੂਰਾ ਹੀ ਨਾ ਹੋਇਆ। ਧਰਮ ਪ੍ਰੀਵਰਤਨ ਨਾਲ ਸਾਡੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਇਹ ਤਾਂ ਡਾ. ਅੰਬੇਡਕਰ ਦੇ ਕਹਿਣ ਅਨੁਸਾਰ ਆਪਣੇ ਯਤਨਾਂ ਨਾਲ ਹੀ ਸਮੱਸਿਆਵਾਂ ਦਾ ਹੱਲ ਹੋਵੇਗਾ। ਜਾਤੀਵਾਦ ਹਰ ਧਰਮ ਵਿਚ ਹੈ। ਗੱਲ ਕੀ ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ! ਇਸ ਦੀ ਇਕ ਉੱਘੀ ਮਿਸਾਲ ਪੇਸ਼ ਕਰਨੀ ਚਾਹਾਂਗੇ ਕਿ ਕਿਵੇਂ ਚੰਗੇ-ਚੰਗੇ ਲੋਕ ਜਾਤ ਪਾਤ ਦਾ ਨਜਾਇਜ਼ ਫਾਇਦਾ ਲੈਂਦੇ ਹਨ। ਸ੍ਰੀ ਲਹੌਰੀ ਰਾਮ ਬਾਲੀ ਡਾ. ਅੰਬੇਡਕਰ ਜੀ ਦੇ ਸਾਹਿਤ ਨੂੰ ਭਾਰਤ ਵਿਚ ਪ੍ਰਚਾਰਨ ਲਈ ਮਸ਼ਹੂਰ ਹਨ। ਉਹਨਾਂ ਦੀ ਇਕ 16 ਸਫਿਆਂ ਦੀ 'ਕਾਂਸ਼ੀ ਔਰ ਉਸ ਕੀ ਰਾਜਨੀਤੀ' ਲਿਖਤ ਦੇ ਸਫਾ 9 ਤੇ ਲਿਖਿਆ ਹੈ, "ਜੋ ਕੋਈ ਮਹਾਰ ਕਾਂਸ਼ੀ ਰਾਮ ਦੇ ਨਾਲ ਹਨ, ਉਹਨਾਂ ਨੂੰ ਉਹ ਕਿਸ ਸ਼੍ਰੇਣੀ ਵਿਚ ਵੰਡਦਾ ਹੈ, ਇਹ ਉਸ ਦੇ ਸਾਥੀ ਉਸਨੂੰ ਜ਼ਰੂਰ ਪੁੱਛਣ।' ਇਸ ਤੋਂ ਪਹਿਲੇ ਇਸ ਦੇ ਸਫਾ 3 ਤੇ ਲਿਖਿਆ ਹੈ, "ਉਹ (ਕਾਂਸ਼ੀ ਰਾਮ) ਹਿੰਦੂ ਧਰਮੀ ਹੈ ਅਤੇ ਚਮਾਰ ਜਾਤੀ ਨਾਲ ਸਬੰਧ ਰੱਖਦਾ ਹੈ।'' ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਮਹਾਰਾਸ਼ਟਰ ਵਿਚ ਮਹਾਰਾਂ ਅਤੇ ਚਮਾਰਾਂ ਵਿਚਲੀ ਕੁੜੱਤਣ ਦਾ ਨਜਾਇਜ਼ ਫਾਇਦਾ ਲੈ ਕੇ ਚਮਾਰ ਜਤੀ ਦੇ ਬਾਬੂ ਕਾਂਸ਼ੀ ਰਾਮ ਖਿਲਾਫ ਮਹਾਰਾਸ਼ਟਰ ਦੇ ਮਹਾਰਾਂ ਨੂੰ ਭੜਕਾਉਣਾ। ਕੱਲ੍ਹ ਨੂੰ ਕੋਈ ਇਹ ਨਾ ਕਹਿ ਦੇਵੇ ਕਿ ਡਾ. ਅੰਬੇਡਕਰ ਤਾਂ ਮਹਾਰ ਸਨ ਤ ਫਿਰ ਚਮਾਰਾਂ ਜਾਂ ਹੋਰ ਜਾਤੀਆਂ ਨੂੰ ਡਾ. ਅੰਬੇਡਕਰ ਦੇ ਮਿਸ਼ਨ ਨੂੰ ਨਹੀਂ ਮੰਨਣਾ ਚਾਹੀਦਾ! ਜਦੋਂ ਕਿ ਮਹਾਰਾਸ਼ਟਰ ਤੋਂ ਬਾਹਰ ਡਾ. ਅੰਬੇਡਕਰ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਾਲੇ ਜ਼ਿਆਦਾਤਰ ਚਮਾਰ ਹੀ ਹਨ। ਜੇ ਅਜਿਹੀ ਸੋਚ ਬਾਬੂ ਮੰਗੂ ਰਾਮ ਮੁੱਗੋਵਲਆ ਵਿਚ ਹੁੰਦੀ ਤਾਂ ਉਹ ਡਾ. ਅੰਬੇਡਕਰ ਦੇ ਮੁਕਾਬਲੇ ਤੇ ਮਦਰਾਸ ਦੇ ਚਮਾਰ ਲੀਡਰ ਐਮ. ਸੀ. ਰਾਜਾ ਨੂੰ ਤਰਜੀਹ ਦਿੰਦੇ। ਪਰ ਬਾਬੂ ਮੁੱਗੋਵਾਲੀਆ ਨੇ ਜੇ ਅਜਿਹਾ ਕੀਤਾ ਹੁੰਦਾ ਤਾਂ ਡਾ. ਅੰਬੇਡਕਰ ਗੋਲਮੇਜ਼ ਕਾਨਫਰੰਸ ਵਿਚ ਹੀ ਗਾਂਧੀ ਹੱਥੋਂ ਮਾਤ ਖਾ ਸਕੇ ਭਾਰਤ ਪੱਧਰ ਦੇ ਲੀਡਰ ਨਾ ਬਣ ਪਾਉਂਦੇ। ਅਜਿਹਾ ਕੁਝ ਵਿਚਾਰਨ ਤੋਂ ਬਾਅਦ ਧਰਮ ਸਬੰਧੀ ਤੀਜਾ ਰਸਤਾ ਹੀ ਅਛੂਤਾਂ ਦੀ ਨਿੱਗਰ ਅਤੇ ਨਿਰੋਲ ਰਾਜਨੀਤੀ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਜਦੋਂ ਵੀ ਵੱਖ-ਵੱਖ ਧਰਮਾਂ 'ਚ ਗਏ ਸ਼ੂਦਰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਏ ਤਾਂ ਉਹਨਾਂ ਧਰਮਾਂ ਤੇ ਕਾਬਜ ਸ਼ੂਦਰ-ਵਿਰੋਧੀ ਲੋਕ ਇਕੱਠੇ ਹੋ ਕੇ ਸ਼ੂਦਰਾਂ ਨੂੰ ਦਬਾਉਣਗੇ, ਜਿਸ ਦੇ ਪ੍ਰਤੀਕਰਮ ਵਜੋਂ ਸਭ ਧਰਮਾਂ ਦੇ ਸ਼ੂਦਰ ਇਕੱਠੇ ਹੋ ਜਾਣਗੇ। ਸ਼ੂਦਰਾਂ ਦੀ ਖੁਸ਼ਹਾਲੀ ਅਤੇ ਸਵੈਮਾਣ ਦੀ ਲੜਾਈ ਦੀ ਸਭ ਤੋਂ ਵੱਡੀ ਰੁਕਾਵਟ ਗੈਰ ਹਿੰਦੂ ਧਰਮਾਂ ਤੇ ਕਾਬਜ਼ ਗੈਰ-ਸ਼ੂਦਰ ਹਨ। 1980 ਦੀਆਂ ਚੋਣਾਂ ਤੋਂ ਬਾਅਦ ਜਦੋਂ ਬਾਬੂ ਜਗਜੀਵਨ ਰਾਮ ਨੇ ਅਨੁਸੂਚਿਤ ਜਾਤੀਆਂ ਅਤੇ ਮੁਸਲਮਾਨਾਂ ਦਾ ਰਾਜਨੀਤਿਕ ਗੱਠਜੋੜ ਕਰਨਾ ਸ਼ੁਰੂ ਕੀਤਾ ਤਾਂ ਉਚ ਜਾਤੀ ਮੁਸਲਮਾਨਾਂ ਨੇ ਇਸ ਦੀ ਸਖਤ ਵਿਰੋਧਤਾ ਕੀਤੀ। ਜੇ ਵੱਖ ਵੱਖ ਧਰਮਾਂ ਦੇ ਸ਼ੂਦਰ ਇਕ ਦੂਜੇ ਦੇ ਰਾਜਨੀਤਿਕ ਤੌਰ 'ਤੇ ਵੀ ਨੇੜੇ ਆ ਗਏ ਤਾਂ ਇਹ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਵੱਡੀ ਕ੍ਰਾਂਤੀ ਦਾ ਆਗਾਜ਼ ਹੋਵੇਗਾ।

ਬਾਬੂ ਜਗਜੀਵਨ ਰਮ ਨੇ ਬਾਹੇਰੀ ਤੌਰ ਚਾਹੇ ਕੋਈ ਅਜਿਹਾ ਅੰਦੋਲਨ ਨਹੀਂ ਚਲਾਇਆ, ਜਿਸ ਨਾਲ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਸਿੱਖ, ਮੁਸਲਮਾਨ, ਇਸਾਈ ਨੇੜੇ ਆਉਣ ਪਰ ਅੰਦਰੋਂ ਅੰਦਰੀ ਉਹਨਾਂ ਨੇ ਪਾਰਲੀਮੈਂਟ ਦੇ ਮੈਂਬਰਾਂ ਅਤੇ ਐਮ. ਐਲ. ਏਜ਼ ਰਾਹੀਂ ਇਹਨਾਂ ਨਾਲ ਨੇੜਤਾ ਕੀਤੀ ਹੋਈ ਸੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਗਲੇ ਸਾਲ ਰਾਸ਼ਟਰਪਤੀ ਦੀ ਚੋਣ ਬਾਬੂ ਜੀ ਆਜ਼ਾਦਾਨਾ ਤੌਰ 'ਤੇ ਲੜਨ ਦਾ ਇਰਾਦਾ ਰੱਖਦੇ ਸਨ। ਨਾ ਤਾਂ ਆਪੋਜ਼ੀਸ਼ਨ ਅਤੇ ਨਾ ਹੀ ਕਾਂਗਰਸ ਬਾਬੂ ਜੀ ਦੀ ਵਿਰੋਧਤਾ ਕਰਕੇ ਅਨੁਸੂਚਿਤ ਜਾਤੀਆਂ ਦੀ ਹਮਦਰਦੀ ਗੁਆਉਣ ਦਾ ਖ਼ਤਰਾ ਮੁੱਲ ਲੈਂਦੀਆਂ। ਜੇ ਕਾਂਗਰਸ ਬਾਬੂ ਜੀ ਦੀ ਵਿਰੋਧਤਾ ਕਰਦੀ ਤਾਂ 1969 ਵੇਲੇ ਸੰਜੀਵਾ ਰੈਡੀ ਦੀ ਚੋਣ ਸਮੇਂ ਵਾਂਗ ਕਾਂਗਰਸ ਫੁੱਟ ਦਾ ਸ਼ਿਕਾਰ ਹੁੰਦੀ। ਕਾਂਗਰਸ ਵੱਲੋਂ ਇਹ ਪ੍ਰਚਾਰਨਾ ਕਿ ਅਗਲਾ ਰਾਸ਼ਟਰਪਤੀ ਬਾਬੂ ਜਗਜੀਵਨ ਰਾਮ ਹੋਣਗੇ, ਸਿਰਫ ਅਨੁਸੂਚਿਤ ਜਾਤੀਆਂ ਦੇ ਵੋਟਰਾਂ ਦੀ ਹਮਦਰਦੀ ਜਿੱਤਣ ਤੋਂ ਸਿਵਾ ਕੁਝ ਨਹੀਂ ਸੀ।

ਬਾਬੂ ਜਗਜੀਵਨ ਰਾਮ ਪ੍ਰਤੀ ਆਰੀਆ ਪ੍ਰੈਸ ਨੇ ਬਹੁਤ ਘਟੀਆ ਰੋਲ ਨਿਭਾਇਆ। ਬਲਿਟਜ਼ ਵਰਗਾ ਸਪਤਾਹਿਕ ਬਾਬੂ ਜੀ ਨੂੰ ਰੱਖਿਆ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਹੁੰਦਿਆਂ ਵੀ 'ਜੱਗੂ' ਲਿਖਦਾ ਰਿਹਾ। ਬਾਕੀ ਦੀ ਆਰੀਆ-ਪ੍ਰੈਸ ਬਾਬੂ ਜੀ ਨੂੰ ਭਾਵੇਂ ਨਾ ਲਿਖਦੀ ਹੋਵੇ ਪਰ ਉਸ ਦੀ ਲਿਖਤ ਬਾਬੂ ਜਗਜੀਵਨ ਰਾਮ ਬਾਰੇ ਘੱਟ ਜੱਗੂ ਚਮਾਰ ਬਾਰੇ ਜ਼ਿਆਦਾ ਸੀ। ਦਰਅਸਲ ਬਾਬੂ ਜਗਜੀਵਨ ਰਾਮ 1969 ਤੋਂ 1979 ਤੱਕ ਬ੍ਰਾਹਮਣਵਾਦ ਲਈ ਏਡਾ ਵੱਡਾ ਖ਼ਤਰਾ ਬਣ ਗਏ ਸਨ ਕਿ ਆਰੀਆ ਪ੍ਰੈਸ ਬੁਖਲਾ ਗਈ। ਆਰੀਆ ਪ੍ਰੈਸ ਅਛੂਤਾਂ ਵਿਚੋਂ ਉਭਰ ਰਹੇ ਆਗੂਆਂ ਵਿਰੁੱਧ ਖਾਸ ਕਰਕੇ ਜ਼ਹਿਰੀਲਾ ਪ੍ਰਚਾਰ ਕਰਕੇ ਉਹਨਾਂ ਦਾ ਅਕਸ ਵਿਗਾੜਦੀਆਂ ਹਨ। ਜਨਤਾ ਪਾਰਟੀ ਦੇ ਰਾਜ ਵੇਲੇ ਬਾਬੂ ਜੀ ਦੇ ਸਪੁੱਤਰ ਸੁਰੇਸ਼ ਦੇ ਸੈਕਸ ਕਾਂਡ ਵਰਗੀ ਸਾਜਿਸ਼ ਰਚ ਕੇ ਉਸ ਨੂੰ ਖੂਬ ਪ੍ਰਚਾਰਿਆ ਜਿਵੇਂ ਇਹ ਸੈਕਸ ਕਾਂਡ ਸੁਰੇਸ਼ ਦਾ ਨਾਂ ਹੋ ਕੇ ਬਾਬੂ ਜਗਜੀਵਨ ਰਾਮ ਦਾ ਹੋਵੇ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਇਸ ਨੂੰ ਉਛਾਲਣ ਵਾਲੇ ਆਪਣੀ ਧੀ ਨਾਲ ਖੇਹ ਖਾਣ ਵਾਲੇ ਬ੍ਰਹਮਾ ਨੂੰ ਦੇਵਤਾ ਮੰਨਦੇ ਹਨ। ਸੁਰੇਸ਼ ਸੈਕਸ ਕਾਂਡ ਬਾਬੂ ਜੀ ਦੀ ਸਾਖ ਨੂੰ ਗਿਰਾਉਣ ਲਈ ਬਹੁਤ ਵੱਡੀ ਸਾਜਿਸ਼ ਸੀ, ਜਿਵੇਂ ਆਰੀਆ ਦਾ ਯੋਧਾ ਇੰਦਰ ਵਿਰੋਧੀਆਂ ਨੂੰ ਕਮਜ਼ੋਰ ਕਰਨ ਲਈ ਸੁੰਦਰ ਔਰਤਾਂ ਦੀ ਮਦਦ ਲੈਂਦਾ ਸੀ। ਡਾ. ਅੰਬੇਡਕਰ ਜੀ ਦਾ ਇਕ ਬ੍ਰਾਹਮਣੀ ਨਾਲ ਵਿਆਹ ਕਰਵਾਉਣਾ ਵੀ ਆਰੀਆ ਦੀ ਇਕ ਬਹੁਤ ਵੱਡੀ ਸਾਜਿਸ਼ ਸੀ, ਜਿਸਨੇ ਡਾ. ਸਾਹਿਬ ਨੂੰ ਸਰੀਰਕ ਅਤੇ ਰਾਜਨੀਤਿਕ ਤੌਰ 'ਤੇ ਕਮਜ਼ੋਰ ਕੀਤਾ। ਆਰੀਆ ਨੇ ਅਕਬਰ ਨੂੰ ਧੀਆਂ ਦੇ ਡੋਲੇ ਦਿੱਤੇ, ਉਹਨਾਂ ਲਈ ਰਾਜਨੀਤਿਕ ਸੱਤਾ ਹੀ ਸਭ ਕੁਝ ਹੈ। ਔਰਤ ਚਾਹੇ ਉਹ ਉਹਨਾਂ ਦੀ ਮਾਂ ਹੋਵੇ, ਭੈਣ ਜਾਂ ਧੀ ਹੋਵੇ, ਉਹਨਾਂ ਲਈ ਕੋਈ ਮਹੱਤਤਾ ਨਹੀਂ ਰੱਖਦੀ! ਹਿੰਦੂ ਪੁਸਤਕਾਂ ਗਵਾਹ ਹਨ। ਅਛੂਤ ਰਾਜਨੀਤੀਵਾਨਾਂ ਨੂੰ ਇਸ ਮਨੁੱਖੀ ਕਮਜ਼ੋਰੀ ਤੋਂ ਬਚ ਕੇ ਚੱਲਣਾ ਹੋਵੇਗਾ। ਆਰੀਆ ਨੇ ਅਛੂਤਾਂ 'ਚੋਂ ਬਣੇ ਆਈ. ਏ. ਐਸ., ਆਈ. ਪੀ. ਐਸ. ਆਦਿ ਉੱਚ ਅਫਸਰਾਂ ਨੂੰ ਆਪਣੀਆਂ ਧੀਆਂ ਵਰ ਕੇ ਅਛੂਤਾਂ ਦੀਆਂ ਆਸ਼ਾਵਾਂ ਤੇ ਪਾਣੀ ਫੇਰ ਦਿੱਤਾ ਹੈ। ਹੋਰ ਤਾਂ ਹੋਰ ਬਾਬੂ ਜਗਜੀਵਨ ਰਾਮ ਦੇ ਦੋਵੇਂ ਪੁੱਤਰ ਧੀ ਵੀ ਉਚ ਜਾਤੀਆਂ ਦੇ ਘਰ ਵਿਆਹੇ। ਇਸ ਗਲਤ ਪ੍ਰਥਾ ਨੇ ਅਛੂਤਾਂ ਦੀ ਖੁਸ਼ਹਾਲੀ ਅਤੇ ਸਵੈਮਾਣ ਦੀ ਲੜਾਈ ਨੂੰ ਧੀਮਾ ਕੀਤਾ ਹੈ। ਅਨੁਸੂਚਿਤ ਜਾਤੀਆਂ ਦੇ ਆਪਸ ਵਿਚ ਵਿਆਹ ਸਲਾਹੁਣਯੋਗ ਹਨ ਕਿਉਂਕਿ ਇਕ ਤਾਂ ਉਹਨਾਂ ਦੇ ਦੁੱਖ ਸਾਂਝੇ ਹਨ ਅਤੇ ਦੂਜਾ ਉਹਨਾਂ ਵਿਚਲੇ ਇਸ ਖੂਨ ਦੇ ਰਿਸ਼ਤੇ ਸਦਕੇ ਉਹਨਾਂ ਵਿਚ ਸਰਵਪੱਖੀ ਨੇੜਤਾ ਹੋ ਕੇ ਪੀਡੀ ਹੋਵੇਗੀ। ਕੁਝ ਸਮਾਂ ਪਾ ਕੇ ਜਦੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਬਰਾਬਰੀ ਤੇ ਹੋ ਜਾਣ ਫਿਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿਚ ਵਿਆਹ ਹੋਣੇ ਸਲਾਹੁਣ ਯੋਗ ਹੋਣਗੇ।

ਇਸ ਤੋਂ ਬਾਅਦ ਬਾਬੂ ਜਗਜੀਵਨ ਰਾਮ ਦੀ ਜਾਇਦਾਦ ਨੂੰ ਵੀ ਲੈ ਕੇ ਆਰੀਆ ਪ੍ਰੈਸ ਨੇ ਬੜਾ ਰੌਲਾ ਪਾਇਆ ਹੈ। ਗੈਰ ਕਾਨੂੰਨੀ ਅਤੇ ਗੈਰ-ਇਖਲਾਕੀ ਤਰੀਕਿਆਂ ਨਾਲ ਕੋਈ ਜਾਇਦਾਦ ਪ੍ਰਾਪਤ ਕਰਨਾ ਨਿੰਦਣਯੋਗ ਹੈ। ਪਰ ਬਾਬੂ ਜੀ ਦੀ ਜਾਇਦਾਦ ਨੂੰ ਲੈ ਕੇ ਆਰੀਆ ਪ੍ਰੈਸ ਜੋ ਰੌਲਾ ਪਾ ਰਹੀ ਹੈ, ਕੀ ਬਾਬੂ ਜੀ ਦੀ ਜਾਇਦਾਦ ਜਹਾਨੋਂ ਬਾਹਰੀ ਹੈ? ਜੇ ਬਾਬੂ ਜੀ ਉਪ ਪ੍ਰਧਾਨ ਬਣਨ ਤੱਕ ਇੰਨੀ ਜਾਇਦਾਦ ਬਣਾ ਗਏ ਤਾਂ ਜਿਸ ਖਾਨਦਾਨ ਦੀਆਂ ਤਿੰਨ ਪੀੜ੍ਹੀਆਂ ਪ੍ਰਧਾਨ ਮੰਤਰੀ ਬਣੀਆਂ ਹੋਣ, ਉਹਨਾਂ ਨੇ ਕਿੰਨੀ ਜਾਇਦਾਦ ਬਣਾਈ ਹੋਵੇਗੀ? ਆਰੀਆ ਪ੍ਰੈਸ ਇਸ ਬਾਰੇ ਕਿਉਂ ਚੁੱਪ ਹੈ? ਦਰਅਸਲ ਆਰੀਆ ਪ੍ਰੈਸ ਦੀ ਸੋਚਣੀ ਮਨੂੰ ਸਿਮ੍ਰਤੀ ਵਰਗੀ ਹੈ। ਮਨੂੰ-ਸਿਮ੍ਰਤੀ 'ਚ ਲਿਖਿਆ ਹੈ ਕਿ ਸ਼ੂਦਰ ਜੇ ਸਮਰੱਥ ਹੋਵੇ ਤਾਂ ਵੀ ਉਸ ਕੋਲ ਦੌਲਤ ਇਕੱਠੀ ਨਹੀਂ ਹੋਣ ਦੇਣੀ ਚਾਹੀਦੀ। ਜੇ ਸ਼ੂਦਰ ਦੇ ਕੋਲ ਦੌਲਤ ਹੋ ਜਾਵੇ ਤਾਂ ਉਹ ਸ਼ੂਦਰ ਬ੍ਰਾਹਮਣਾਂ ਨੂੰ ਹੀ ਦੁਖੀ ਕਰਦਾ ਹੈ। ਸੋ, ਆਰੀਆ ਸ਼ੂਦਰਾਂ ਨੂੰ ਖੁਸ਼ਹਾਲ ਹੋਇਆ ਦੇਖਣਾ ਨਹੀਂ ਚਾਹੁੰਦਾ ਕਿਉਂਕਿ ਅਮੀਰ ਆਦਮੀ ਨੂੰ ਚਾਹੇ ਚੂਹੜਾ ਚਾਹੇ ਚਮਾਰ ਕਹਿ ਵੀ ਦਿਓ, ਉਸ 'ਤੇ ਇੰਨਾ ਅਸਰ ਨਹੀਂ ਹੁੰਦਾ। ਕਬੀਰ ਸਾਹਿਬ ਨੇ ਤਾਂ ਰੱਬ ਨੂੰ ਵੀ ਕਹਿ ਦਿੱਤਾ ਸੀ ਕਿ ਆਹ ਲੈ ਆਪਣੀ ਮਾਲਾ, ਮੇਰੇ ਕੋਲੋਂ ਭੁੱਖਿਆਂ ਭਗਤੀ ਨਹੀਂ ਹੁੰਦੀ!। ਦੁਨੀਆਂ ਵਿਚ ਆਰਥਿਕ ਮਸਲਿਆਂ ਦੀ ਲੜਾਈ ਹੈ ਪਰ ਭਾਰਤ ਦੇ ਸ਼ੂਦਰ ਆਰਥਿਕਤਾ ਦੇ ਨਾਲ ਸਵੈਮਾਣਤਾ ਦੀ ਲੜਾਈ ਵੀ ਲੜ ਰਹੇ ਹਨ। ਭਾਰਤ ਦੇ ਫਿਰਕਾਪ੍ਰਸਤ ਕਮਿਊਨਿਸਟਾਂ ਦੀ ਬੂਰਜੂਆ ਅਤੇ ਪ੍ਰੋਲੋਤਾਰੀ ਦੀ ਪਰਖ ਕਰਨ ਵਿਚ ਅਸਫਲ ਰਹਿਣ ਵਿਚ ਹੀ ਉਹਨਾਂ ਹੀ ਅਸਫਲਤਾ ਛੁਪੀ ਹੈ! ਅਛੂਤਾਂ ਨੂੰ ਸਭ ਤੋਂ ਪਹਿਲੋਂ ਆਪਣੀ ਆਰਥਿਕ ਦਸ਼ਾ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਆਰਥਿਕ ਮੰਦਹਾਲੀ ਉਹਨਾਂ ਦੀ ਸਾਰੀ ਕਬਲੀਅਤ ਨੂੰ ਧੁੰਦਲਾ ਦਿੰਦੀ ਹੈ। ਆਰੀਆਂ ਨੇ ਦੂਜਿਆਂ ਨੂੰ ਮਾਇਆ (ਦੌਲਤ) ਨਾਗਣੀ ਕਹਿ ਕੇ ਸ਼ੂਦਰਾਂ ਨੂੰ ਦੌਲਤ ਪ੍ਰਤੀ ਉਪਰਾਮ ਕਰੀ ਰੱਖਿਆ। ਆਰੀਆ ਵੱਲੋਂ ਸ਼ੂਦਰਾਂ ਦੀਆਂ ਅਗਾਂਹ ਵਧੂ ਸੰਸਥਾਵਾਂ ਤੇ ਵਿਦੇਸ਼ੋਂ ਧਨ ਮਿਲਣ ਦੇ ਇਲਜ਼ਾਮ ਲਾਉਣ ਵਿਚ ਕੋਈ ਤੁਕ ਨਹੀਂ। ਸੁਆਲ ਵਿਦੇਸ਼ੀ ਧਨ ਅਤੇ ਦੇਸੀ ਧਨ ਦਾ ਨਹੀਂ, ਸੁਆਲ ਉਸਦੀ ਦੁਰਵਰਤੋਂ ਦਾ ਹੈ? ਕੀ ਆਰੀਆ ਦੌਲਤ ਦੇ ਸਿਰ ਤੇ ਭਾਰਤ ਦੇ ਲੋਕਤੰਤਰ ਨੂੰ ਪ੍ਰਲੋਕ ਤੰਤਰ ਨਹੀਂ ਬਣਾਈ ਬੈਠੇ? ਸੋ ਸ਼ੂਦਰਾਂ ਨੂੰ ਵੱਧ ਤੋਂ ਵੱਧ ਆਪਣੀਆਂ ਗੈਰ ਰਾਜਨੀਤਿਕ ਜੜ੍ਹਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਆਮ ਕਰਕੇ ਬਾਬੂ ਜਗਜੀਵਨ ਰਾਮ ਤੇ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹਨਾਂ ਨੇ ਅਛੂਤਾਂ ਲਈ ਕੁਝ ਨਹੀਂ ਕੀਤਾ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਉਹ ਕੁਝ ਨਹੀਂ ਕੀਤਾ ਜੋ ਉਹ ਕਰ ਸਕਦੇ ਸਨ। ਦਰਅਸਲ ਬਾਬੂ ਜਗਜੀਵਨ ਰਾਮ ਦਾ ਦੁਖਾਂਤ ਇਹ ਰਿਹਾ ਹੈ ਕਿ ਉਹਨਾਂ ਨੇ ਜੋ ਵੀ ਅਛੂਤਾਂ ਲਈ ਕੀਤਾ, ਉਸਦਾ ਸਿਹਰਾ ਜਾਂ ਤਾਂ ਡਾ. ਅੰਬੇਡਕਰ ਲੈ ਗਏ ਜਾਂ ਸ਼੍ਰੀਮਤੀ ਇੰਦਰਾ ਗਾਂਧੀ ਲੈ ਗਏ। ਬਾਬੂ ਜਗਜੀਵਨ ਰਾਮ ਜਿਸ ਵੀ ਮਹਿਕਮੇ ਵਿਚ ਗਏ, ਉਹਨਾਂ ਨੇ ਉਥੇ ਰਿਜ਼ਰਵੇਸ਼ਨ ਪੂਰੀ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਬਹੁਤ ਹੱਦ ਤੱਕ ਸਫਲ ਵੀ ਰਹੇ। 1948 ਵਿਚ ਉਹਨਾਂ ਨੇ ਕਿਰਤ ਮੰਤਰੀ ਹੁੰਦਿਆਂ ਘੱਟੋ ਘੱਟ ਦਿਹਾੜੀ ਮਨਜ਼ੂਰ ਕਰਵਾਈ। ਉਹਨਾਂ ਨੇ ਰਾਇਲ ਕਮਿਸ਼ਨ 1931 ਅਤੇ ਕਿਰਤ ਅਨੁਸੰਧਾਨ ਸਮਿਤੀ 1946 ਦੀਆਂ ਸਿਫਾਰਸ਼ਾਂ ਨੂੰ ਪੂਰਾ ਕਰਕੇ ਵੱਖੋ ਵੱਖ ਕਾਨੂੰਨਾਂ ਰਾਹੀਂ ਮਜ਼ਦੂਰਾਂ ਦੇ ਲਈ ਹੱਕ ਅਤੇ ਸੁਵਿਧਾਵਾਂ ਰੱਖੀਆਂ।

ਮਜ਼ਦੂਰ ਵਰਗ, ਜੋ ਮੁੱਖ ਤੌਰ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ 'ਚੋਂ ਹੀ ਹਨ, ਦੀ ਬਿਹਤਰੀ ਲਈ ਬਾਬੂ ਜਗਜੀਵਨ ਰਾਮ ਨੇ 1946 ਤੋਂ ਸਤੰਬਰ 1952 ਤੱਕ ਕਿਰਤ ਮੰਤਰੀ ਹੋਣ ਸਮੇਂ ਅਨੇਕਾਂ ਕਾਨੂੰਨ ਬਣਾਏ ਜਿਹਨਾਂ ਵਿਚੋਂ ਮੁੱਖ ਸਨ- ਇੰਡਸਟਰੀਅਲ ਇੰਪਲਾਈਮੈਂਟ ਐਕਟ 1946, ਮਾਈਕਾ ਮਾਈਨਸ ਲੇਬਰ ਵੈਲਫੇਅਰ ਫੰਡ ਐਕਟ 1947, ਇੰਡਸਟਰੀਅਲ ਡਿਸਪਿਊਟ ਐਕਟ 1947, ਡਾਕ ਵਰਕਰਸ ਐਕਟ 1948, ਫੈਕਟਰੀਜ਼ ਐਕਟ 1948, ਮਿਨੀਮਮ ਵੇਜਸ ਐਕਟ 1948, ਇੰਪਲਾਈਜ਼ ਸਟੇਟ ਇੰਸ਼ੋਰੈਂਸ ਐਕਟ 1948, ਕੋਲਮਾਈਨਜ਼ ਪ੍ਰਾਵੀਡੈਂਟ ਫੰਡ ਐਂਡ ਬੋਨਸਸਕੀਸ ਐਕਟ 1948, ਇੰਡਸਟਰੀਅਲ ਡਿਸਪਿਊਟਸ (ਏਪੇਲੇਟ ਟ੍ਰਿਬਿਊਨਲ) ਐਕਟ 1950, ਪਲੇਂਟੇਸ਼ਨ ਲੇਬਰ ਐਕਟ 1951, ਇੰਪਲਾਈਜ਼ ਪ੍ਰਾਵੀਡੈਂਟ ਫੰਡ ਐਕਟ 1952, ਕੋਲ ਮਾਈਨਜ਼ (ਕੰਜ਼ਰਵੇਸ਼ਨ ਐਂਡ ਸੇਫਟੀ) ਐਕਟ 1952। ਬਾਬੂ ਜਗਜੀਵਨ ਰਾਮ ਦੇ ਇਹਨਾਂ ਕਾਨੂੰਨਾਂ ਨੇ ਜਿੱਥੇ ਮਜ਼ਦੂਰਾਂ ਨੂੰ ਫਾਇਦਾ ਪਹੁੰਚਾਇਆ, ਉਥੇ ਆਰੀਆ ਪ੍ਰੈਸ ਨੇ ਬਾਬੂ ਜੀ ਦੀ ਜੀਅ ਭਰ ਕੇ ਆਲੋਚਨਾ ਕੀਤੀ।

ਬਾਬੂ ਜੀ ਨੇ ਸੰਚਾਰ ਮੰਤਰੀ ਹੁੰਦਿਆਂ ਗੈਰ-ਸਰਕਾਰੀ ਹਵਾਈ ਕੰਪਨੀਆਂ ਦਾ ਰਾਸ਼ਟਰੀਕਰਨ ਕਰਕੇ ਭਾਰਤ ਵਿਚ ਰਾਸ਼ਟਰੀਕਰਨ ਦੀ ਨੀਂਹ ਰੱਖੀ। ਇਸ ਤੋਂ ਬਾਅਦ ਹੀ 1956 ਵਿਚ ਜੀਵਨ ਬੀਮਾ ਦਾ ਕੌਮੀਕਰਨ ਕਰਕੇ ਜੀਵਨ ਬੀਮਾ ਕਾਰਪੋਰੇਸ਼ਨ ਅਤੇ 1969 ਅਤੇ 1980 ਵਿਚ ਕ੍ਰਮਵਾਰ 14 ਅਤੇ 6 ਬੈਂਕਾਂ ਦਾ ਕੌਮੀਕਰਨ ਹੋਇਆ। ਸ਼ੂਦਰਾਂ ਨੂੰ, ਜੋ ਆਰੀਆ ਸਾਮਰਾਜਵਾਦੀਆਂ ਦੇ ਮਨੂੰ-ਸਿਮ੍ਰਤੀ ਸੰਵਿਧਾਨ ਤਹਿਤ ਹਰ ਤਰ੍ਹਾਂ ਦੇ ਮੌਲਿਕ ਅਧਿਕਾਰਾਂ ਤੋਂ ਬਿਲਕੁਲ ਵਾਂਝੇ ਰੱਖੇ ਗਏ ਸਨ, ਉਹਨਾਂ ਨੂੰ ਦੇਸ਼ ਦੀ ਹਰ ਸ਼ੈਅ ਦੇ ਕੌਮੀਕਰਨ ਦੀ ਮੰਗ ਕਰਨੀ ਅਤੇ ਮਨਵਾਉਣੀ ਚਾਹੀਦੀ ਹੈ। ਇਸ ਨਾਲ ਉਹਨਾਂ ਦੇ ਵਿਰੋਧੀ ਆਰਥਿਕ ਪੱਖੋਂ ਕਮਜ਼ੋਰ ਅਤੇ ਉਹ ਆਰਥਿਕ ਪੱਖੋਂ ਨਿੱਗਰ ਹੋਣਗੇ। ਬੈਂਕਾਂ ਦਾ ਕੌਮੀਕਰਨ ਇਕ ਉਘੀ ਮਿਸਾਲ ਹੈ। ਉਸ ਤੋਂ ਪਹਿਲੋਂ ਬੈਂਕਾਂ ਵਿਚ ਅਛੂਤਾਂ ਦੀ ਮੁਲਾਜ਼ਮਤ ਜ਼ੀਰੋ ਬਰਾਬਰ ਸੀ ਪਰ ਬੈਂਕਾਂ ਦੇ ਕੌਮੀਕਰਨ ਨਾਲ ਉਹਨਾਂ ਨੂੰ ਬੈਂਕਾਂ ਵਿਚ ਨੌਕਰੀਆਂ ਮਿਲੀਆਂ। ਸ਼ੂਦਰਾਂ ਨੂੰ ਦੂਜਿਆਂ ਤੇ ਵਿਸ਼ਵਾਸ ਕਰਨ ਨਾਲੋਂ ਆਪਣੇ ਡੌਲਿਆਂ ਅਤੇ ਦਿਮਾਗ 'ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਪੰਜਾਬ ਐਂਡ ਸਿੰਧ ਬੈਂਕ ਵਿਚ ਕੌਮੀਕਰਨ ਤੋਂ ਪਹਿਲੋਂ ਅਛੂਤਾਂ 'ਚੋਂ ਸਜੇ ਸਿੱਖਾਂ ਨਾਲ ਜਿਸ ਤਰ੍ਹਾਂ ਵਿਤਕਰਾ ਕੀਤਾ ਜਾਂਦਾ ਰਿਹਾ ਉਹ ਸਭ ਜਾਣਦੇ ਹਨ। ਸਿੱਖੀ ਦੇ ਨਾਂ ਤੇ ਭਾਪਿਆਂ ਨੂੰ ਥੋਕ ਦੇ ਭਾਅ ਪੰਜਾਬ ਐਂਡ ਸਿੰਧ ਬੈਂਕ ਵਿਚ ਭਰਤੀ ਕੀਤਾ ਗਿਆ।

ਬਾਬੂ ਜੀ ਤੋਂ ਪਹਿਲੋਂ ਜੋ ਡਾਕਖਾਨਾ ਘਾਟੇ ਵਿਚ ਜਾਂਦਾ ਸੀ, ਉਸ ਨੂੰ ਬੰਦ ਕਰ ਦਿੱਤਾ ਜਾਂਦਾ ਸੀ ਪਰ ਬਾਬੂ ਜੀ ਨੇ ਇਸ ਨਿਯਮ ਨੂੰ ਬੰਦ ਕਰਕੇ ਆਮ ਲੋਕਾਂ ਤੱਕ ਡਾਕ ਸਹੂਲਤਾਂ ਪਹੁੰਚਾਈਆਂ। ਇਹ ਸਹੂਲਤ ਸਦੀਓਂ ਦੱਬੇ ਲੋਕਾਂ ਲਈ ਬੇਹੱਦ ਲਾਭਦਾਇਕ ਸਿੱਧ ਹੋਈ ਜਿਸ ਨਾਲ ਉਹਨਾਂ ਨੂੰ ਆਪਣੇ ਵਿਚਾਰ ਲਿਖਤੀ ਤੌਰ ਤੇ ਪ੍ਰਗਟ ਕਰਨ, ਚਾਹੇ ਉਹ ਰਿਸ਼ਤੇਦਾਰਾਂ ਵਿਚ ਹੀ ਸਹੀ, ਦੀ ਸਹੂਲਤ ਮਿਲੀ।

ਆਵਾਜਾਈ ਅਤੇ ਰੇਲ ਮੰਤਰੀ (ਦਸੰਬਰ 1956 ਤੋਂ 9 ਅਪ੍ਰੈਲ 1962) ਵਜੋਂ ਬਾਬੂ ਜੀ ਭਾਰਤੀ ਰੇਲ ਨੂੰ ਗੱਡੀ ਯੁੱਗ ਤੋਂ ਤੇਜ਼ ਰਫ਼ਤਾਰ ਰੇਲ-ਯੁੱਗ 'ਚ ਲੈ ਗਏ। ਤੀਸਰੇ ਦਰਜੇ ਦੇ ਰੇਲ ਡੱਬਿਆਂ 'ਚ ਪੱਖੇ ਲੁਆਏ, ਰੇਲਵੇ ਦੇ ਕਰਮਚਾਰੀਆਂ ਨੂੰ ਪੈਨਸ਼ਨ ਯੋਜਨਾ ਲਾਗੂ ਕੀਤੀ, ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਵਿਸ਼ੇਸ਼ ਸਹੂਲਤਾਂ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ-ਜਾਤੀਆਂ ਦੇ ਕਰਮਚਾਰੀਆਂ ਲਈ ਤਰੱਕੀ ਵਿਚ

**(ਬਾਕੀ ਅਗਲੇ ਸਫੇ 'ਤੇ)**

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ




ਜਾਮਨਗਰ (ਗੁਜਰਾਤ) ਵਿਖੇ ਜਲ ਸੈਨਾ ਦੇ ਸਿੱਖਿਆਰਥੀਆਂ ਵੱਲੋਂ ਜੇਤੂ ਰੱਖਿਆ ਮੰਤਰੀ ਬਾਬੂ ਜਗਜੀਵਨ ਰਾਮ ਜੀ ਨੂੰ ਸਲੂਟ।



ਆਦਮਪੁਰ ਦੁਆਬਾ ਵਿਖੇ 22 ਫਰਵਰੀ 1972 ਨੂੰ ਬੰਗਲਾਦੇਸ਼ ਯੁੱਧ ਦੇ ਜੇਤੂ ਰੱਖਿਆ ਮੰਤਰੀ ਬਾਬੂ ਜੀ ਨੂੰ ਤਲਵਾਰ ਭੇਟ ਕਰਦੇ ਹੋਏ। ਨਾਲ ਖੜ੍ਹੇ ਹਨ ਮਰਹੂਮ ਗੁਰਦਿਆਲ ਸੈਣੀ (ਉਸ ਵਕਤ ਦੇ ਵਿਧਾਇਕ)।



ਬਾਬੂ ਜਗਜੀਵਨ ਰਾਮ ਨਾਲ ਉਸ ਵਕਤ ਦੇ ਜਨਤਾ ਪਾਰਟੀ ਦੇ ਹੋਰ ਲੀਡਰ, ਸੱਜਿਉਂ ਸ੍ਰੀ ਅਟਲ ਬਿਹਾਰੀ ਵਾਜਪਾਈ, ਸ੍ਰੀ ਚੰਦਰਸ਼ੇਖਰ, ਮੋਰਾਰਜੀ ਦੇਸਾਈ ਆਦਿ।

ਰਿਜ਼ਰਵੇਸ਼ਨ ਕਰਵਾ ਕੇ ਸਖਤੀ ਨਾਲ ਲਾਗੂ ਕਰਵਾਇਆ। ਬਾਬੂ ਜੀ ਦੇ ਰੇਲ ਮੰਤਰੀ ਹੋਣ ਸਮੇਂ 2500 ਰੇਲ ਇੰਜਣ, 78000 ਯਾਤਰੀ ਡੱਬੇ ਅਤੇ 99000 ਮਾਲ ਡੱਬੇ ਹੋਰ ਸ਼ਾਮਲ ਕੀਤੇ। ਆਵਾਜਾਈ ਦੇ ਸਾਧਨਾਂ ਦੀ ਬਹੁਲਤਾ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦੀ ਹੈ। ਇਸੇ ਕਰਕੇ ਬਾਬੂ ਜੀ ਨੇ ਰੇਲਾਂ 'ਚ ਸੁਧਾਰ ਕਰਕੇ ਅਤੇ ਰੇਲ ਮੰਤਰੀ ਹੁੰਦਿਆਂ ਪੰਜ ਬਜਟ ਪੇਸ਼ ਕੀਤੇ ਪਰ ਇਕ ਵੇਰਾਂ ਵੀ ਕਿਰਾਇਆ ਨਾ ਵਧਾ ਕੇ ਆਮ ਲੋਕਾਂ ਨੂੰ ਇਕ ਦੂਜੇ ਨੂੰ ਆਵਾਜਾਈ ਰਾਹੀਂ ਨੇੜੇ ਆ ਕੇ ਵਿਚਾਰਾਂ ਦੇ ਆਦਾਨ ਪ੍ਰਦਾਨ ਨੂੰ ਉਤਸ਼ਾਹਿਤ ਕੀਤਾ! ਰੇਲਾਂ ਨੇ ਛੂਆ ਛਾਤ ਨੂੰ ਘਟਾਉਣ ਵਿਚ ਕਿੰਨਾ ਰੋਲ ਅਦਾ ਕੀਤਾ, ਇਸ ਬਾਰੇ ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ ਸ੍ਰੀ ਗਾਂਧੀ ਨਾਲੋਂ ਵੱਧ ਰੇਲਾਂ ਵਿਚ ਵੱਖ-ਵੱਖ ਜਾਤਾਂ ਦੇ ਲੋਕਾਂ ਵੱਲੋਂ ਸਫਰ ਕਰਨ ਨਾਲ ਰੇਲਾਂ ਨੇ ਛੂਆਛਾਤ ਨੂੰ ਘਟਾਇਆ ਹੈ। ਹੋਰ ਤਾਂ ਹੋਰ ਬਾਬੂ ਜੀ ਨੇ ਛੂਆਛਾਤ ਤੇ ਕਿਰਿਆਤਮਕ ਚੋਟ ਕਰਨ ਲਈ ਰੇਲਵੇ ਵਿਚ ਪਾਣੀ ਪਿਲਾਉਣ ਵਾਲੇ ਮੁਲਾਜ਼ਮ ਵੀ ਅਛੂਤ ਹੀ ਭਰਤੀ ਕੀਤੇ। ਪੋਸਟ ਐਂਡ ਟੈਲੀਗਰਾਫ ਮਹਿਕਮੇ ਵਿਚ ਅਨੁਸੂਚਤਿ ਜਾਤੀਆਂ ਦੇ ਮੁਲਾਜ਼ਮਾਂ ਦੀ ਬਹੁਲਤਾ ਬਾਬੂ ਜੀ ਦਾ ਆਪਣੇ ਲੋਕਾਂ ਪ੍ਰਤੀ ਪਿਆਰ ਦਾ ਸਬੂਤ ਹੈ।

ਇਹਨਾਂ ਕ੍ਰਾਂਤੀਕਾਰੀ ਕੰਮਾਂ ਨੇ ਬਾਬੂ ਜੀ ਨੂੰ ਭਾਰਤੀਆਂ ਖਾਸ ਕਰਕੇ ਆਮ ਵੋਟਰਾਂ ਵਿਚ ਹਰਮਨ ਪਿਆਰੇ ਬਣਾ ਦਿੱਤਾ। ਉਹਨਾਂ ਦੀ ਲੋਕ ਪ੍ਰਿਅਤਾ ਸ੍ਰੀ ਨਹਿਰੂ ਨੇ ਖ਼ਤਰਾ ਮਹਿਸੂਸ ਕਰਕੇ ਕਾਮਰਾਜ ਯੋਜਨਾ ਬਣਾਈ। ਇਸ ਯੋਜਨਾ ਦਾ ਮੁੱਖ ਨਿਸ਼ਾਨਾ ਬਾਬੂ ਜੀ ਅਤੇ ਸ੍ਰੀ ਦਿਸਾਈ ਨੂੰ ਮੰਤਰੀ ਮੰਡਲ ਤੋਂ ਵੱਖ ਕਰਨਾ ਸੀ। ਸ੍ਰੀ ਨਹਿਰੂ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਹ ਸਮਝਦੇ ਸਨ ਕਿ ਇਹ ਦੋਵੇਂ ਨੇਤਾ ਉਹਨਾਂ ਤੋਂ ਬਾਅਦ ਉਸਦੀ ਪੁੱਤਰੀ ਸ੍ਰੀਮਤੀ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਚ ਸਭ ਤੋਂ ਵੱਡੀ ਰੁਕਾਵਟ ਬਣਨਗੇ। ਪਰ ਬਾਬੂ ਜੀ ਨੂੰ 'ਕੱਬੇ ਦੇ ਲੱਤ ਮਾਰਨ ਵਾਂਗ' ਕਾਂਗਰਸ ਸੰਗਠਨ ਦਾ 19 ਮਹੀਨੇ (ਪਹਿਲੀ ਸਤੰਬਰ ਤੋਂ 23 ਜਨਵਰੀ 1966) ਕੰਮ ਕਰਕੇ ਪਾਰਟੀ ਵਿਚ ਆਪਣੀ ਪੁਜੀਸ਼ਨ ਮਜ਼ਬੂਤ ਕਰ ਲਈ। ਜਿਸ ਦੇ ਸਦਕੇ ਉਹ ਤਿੰਨ ਸਾਲਾਂ ਬਾਅਦ ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਦੇ ਫੈਸਲੇ ਵਿਚ ਨਿਰਣਾਇਕ ਭੂਮਿਕਾ ਅਦਾ ਕਰਨ 'ਚ ਸਫਲ ਰਹੇ। ਬਾਬੂ ਜੀ ਦਾ ਕਿਸਾਨਾਂ ਪ੍ਰਤੀ ਵੀ ਅਥਾਹ ਪਿਆਰ ਸੀ। ਦੋ ਵਾਰ ਉਹ ਖੁਰਾਕ, ਖੇਤੀਬਾੜੀ ਮੰਤਰੀ ਬਣੇ ਤਾਂ ਦੇਸ਼ ਵਿਚ ਅਕਾਲ ਵਰਗੀ ਹਾਲਤ ਸੀ। ਪਰ ਬਾਬੂ ਜੀ ਨੇ 'ਹਰੀ ਕ੍ਰਾਂਤੀ' ਦਾ ਨਾਹਰਾ ਦਿੱਤਾ, ਜਿਸ ਨੂੰ ਸਫਲ ਕਰਨ ਲਈ ਛੇ ਸੂਤਰੀ ਪ੍ਰੋਗਰਾਮ ਬਣਾਇਆ;

1. ਯੋਜਨਾਬੱਧ ਭੂਮੀ ਕਾਨੂੰਨ
2. ਸਾਰੇ ਕਿਸਾਨਾਂ ਲਈ ਅਪਣਾਈ ਜਾਣ ਵਾਲੀ ਸਮਾਨ ਨੀਤੀ।
3. ਜੋ ਜ਼ਮੀਨ 'ਚ ਹਲ ਚਲਾਵੇ, ਜ਼ਮੀਨ ਉਸੇ ਦੀ ਮਲਕੀਅਤ।
4. ਜ਼ਮੀਨ ਦਾ ਇਲਾਕੇਵਾਰ ਵਿਕਸ।
5. ਸਾਰੇ ਕਿਸਾਨ ਵਰਗ ਨੂੰ ਕਰਜ਼ਾ ਸਹੂਲਤਾਂ।
6. ਕਿਸਾਨਾਂ ਦੁਆਰਾ ਪੈਦਾਵਾਰ ਨੂੰ ਉਤਸ਼ਾਹਿਤ ਕਰਨ ਲਈ 'ਕੀਮਤ ਮਿੱਥਣਾ।

ਇਸ ਨਾਲ ਕਿਸਾਨਾਂ ਦਾ ਡਰ ਦੂਰ ਹੋ ਗਿਆ ਕਿ ਜੋ ਜ਼ਮੀਨ 'ਚ ਅੱਜ ਹਲ਼ ਵਾਹ ਰਹੇ ਹਾਂ ਕਲ੍ਹ ਵੀ ਉਸ ਕੋਲ ਰਹੇਗੀ ਅਤੇ ਉਸ ਨੂੰ ਆਪਣੀ ਪੈਦਾਵਾਰ ਦਾ ਠੀਕ ਮੁੱਲ ਮਿਲਣ ਨਾਲ ਉਸ ਨੇ ਖੇਤੀਬਾੜੀ ਵੱਲ ਉਤਸ਼ਾਹਿਤ ਹੋ ਕੇ ਕੰਮ ਕੀਤਾ, ਜਿਸ ਦੇ ਸਿੱਟੇ ਵਜੋਂ ਭਾਰਤ ਹਰਿਆਲੀ ਨਾਲ ਲਹਿਰਾ ਉਠਿਆ। ਇਸ ਹਰੀ ਕ੍ਰਾਂਤੀ ਦਾ ਸਭ ਤੋਂ ਵੱਧ ਲਾਭ ਪੰਜਾਬ ਦੇ ਕਿਸਾਨ ਨੂੰ ਹੋਇਆ। ਬਾਬੂ ਜੀ ਨੇ ਖੇਤੀਬਾੜੀ ਮੰਤਰੀ ਵਜੋਂ ਸ਼ੂਦਰ ਕਿਸਾਨ ਨੂੰ ਹਰੀ ਕ੍ਰਾਂਤੀ ਰਾਹੀਂ ਖੁਸ਼ਹਾਲ ਕਰਕੇ ਕਿਸਾਨਾਂ ਨੂੰ ਬ੍ਰਾਹਮਣਵਾਦ ਦੇ ਮੁਕਾਬਲੇ ਲਿਆ ਖੜ੍ਹਾ ਕੀਤਾ। ਪੰਜਾਬ ਸਮੱਸਿਆ ਨੂੰ ਹੱਲ ਕਰਨ ਸਬੰਧੀ ਬਣਾਈ ਸੰਮਤੀ ਦਾ ਚੇਅਰਮੈਨ ਬਾਬੂ ਜੀ ਨੂੰ ਬਣਾਉਣ ਪਿੱਛੋਂ ਇਹ ਵੀ ਰਾਜ ਸੀ ਕਿ ਬਾਬੂ ਜੀ ਖੇਤੀਬਾੜੀ ਮੰਤਰੀ, ਦੋ ਵਾਰ ਰੱਖਿਆ ਮੰਤਰੀ ਬਣਨ ਅਤੇ 1977 ਵਿਚ ਜਨਤਾ ਪਾਰਟੀ ਰਾਜ ਵੇਲੇ ਸਿੱਖਾਂ ਦੇ ਬਹੁਤ ਨੇੜੇ ਅਤੇ ਸਤਿਕਾਰੇ ਜਾਂਦੇ ਸਨ। ਇਕ ਤਰ੍ਹਾਂ ਬਾਬੂ ਜੀ ਨੇ ਹਰੀ ਕ੍ਰਾਂਤੀ ਰਾਹੀਂ ਸਿੱਖੀ ਦੀ ਰੀੜ੍ਹ ਦੀ ਹੱਡੀ ਕਿਸਾਨੀ ਨੂੰ ਖੁਸ਼ਹਾਲ ਕਰਕੇ ਸਿੱਖ ਧਰਮ ਨੂੰ ਬ੍ਰਾਹਮਣਵਾਦ ਦੇ ਮੁਕਾਬਲੇ ਲਿਆ ਖੜ੍ਹਾ ਕੀਤਾ। ਬਾਬੂ ਜੀ ਦੋ ਵਾਰ ਰੱਖਿਆ ਮੰਤਰੀ ਬਣੇ। ਜਿਹਨਾਂ ਲੋਕਾਂ ਨੂੰ ਸਦੀਆਂ ਤੋਂ ਲਤਾੜਿਆ ਗਿਆ ਹੋਵੇ, ਉਹਨਾਂ ਵਿਚੋਂ ਪੈਦਾ ਹੋਇਆ ਸਖਸ਼ ਦੇਸ਼ ਦਾ ਰੱਖਿਆ ਮੰਤਰੀ ਬਣ ਕੇ ਬੰਗਲਾਦੇਸ਼ ਵਰਗਾ ਨਵਾਂ ਮੁਲਕ ਬਣਾ ਦਏ, 95000 ਫੌਜੀਆਂ ਤੋਂ ਹਥਿਆਰ ਸੁਟਵਾ ਦਏ, ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆਂ ਦੇ ਇਤਿਹਾਸ ਵਿਚ ਮਿਲੇ। ਇਸ ਯੁੱਧ ਵਿਚ ਬਾਬੂ ਜੀ ਦੀ ਯੋਗ ਅਗਵਾਈ 'ਚ ਭਾਰਤੀ ਫੌਜ ਨੇ ਉਹ ਕ੍ਰਿਸ਼ਮੇ ਦਿਖਾਏ ਕਿ ਭਾਰਤ ਇਕ ਵੱਡੀ ਸ਼ਕਤੀ ਵਜੋਂ ਉਭਰਿਆ।

ਇਸ ਯੁੱਧ ਵਿਚ ਜਿੱਤ ਦੀ ਮਹੱਤਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ, ਜਦੋਂ ਨਾਨ-ਮਾਰਸ਼ਲ ਕੌਮ ਦੇ ਰੱਖਿਆ ਮੰਤਰੀ ਨੇ ਮਾਰਸ਼ਲ, ਨਾਨ-ਮਾਰਸ਼ਲ ਦਾ ਸਿਧਾਂਤ ਹੁਣ ਦੇ ਆਧੁਨਿਕ ਹਥਿਆਰਾਂ ਦੀ ਵਰਤੋਂ ਵਾਲੇ ਸਮੇਂ 'ਚ ਬੇਲੋੜਾ ਸਮਝ ਕੇ ਖਤਮ ਕਰ ਦਿੱਤਾ ਅਤੇ ਸਾਰੀਆਂ ਜਾਤਾਂ ਲਈ ਫੌਜ ਵਿਚ ਭਰਤੀ ਦੇ ਦਰਵਾਜ਼ੇ ਖੋਲ੍ਹੇ।



ਬਾਬੂ ਜਗਜੀਵਨ ਰਾਮ ਨੂੰ ਅੰਤਿਮ ਵਿਦਾਇਗੀ ਦੀ ਇਕ ਤਸਵੀਰ

ਬਾਬੂ ਜੀ ਦਾ ਇਹ ਕਦਮ ਬੜੀ ਦਲੇਰੀ ਅਤੇ ਸੂਝ ਭਰਿਆ ਸੀ। ਸ਼ੂਦਰਾਂ ਨੂੰ ਫੌਜ ਵਿਚ ਭਰਤੀ ਹੋਣ ਦੀ ਵਧੇਰੇ ਖੁੱਲ੍ਹ ਨੇ ਹਿੰਦੂ ਧਰਮ ਦੀ ਵਰਣ ਵਿਵਸਥਾ ਤੇ ਕਰਾਰੀ ਚੋਟ ਕੀਤੀ।

ਬਾਬੂ ਜਗਜੀਵਨ ਰਾਮ ਤੇ ਇਕ ਇਲਜ਼ਾਮ ਕੁਝ ਲੋਕਾਂ ਵੱਲੋਂ ਇਹ ਲਾਇਆ ਜਾਂਦਾ ਹੈ ਕਿ ਉਹ 'ਭਵੀਸ਼ਨ' ਸਨ। ਪਰ ਸੁਆਲ ਉਠਦਾ ਹੈ ਕਿ ਉਹ ਅਛੂਤਾਂ ਦੇ 'ਭਵੀਸ਼ਨ' ਸਨ ਜਾਂ ਬ੍ਰਾਹਮਣਵਾਦਆਂ ਦੇ 'ਭਵੀਸ਼ਨ' ਸਨ? ਤੇ 'ਭਵੀਸ਼ਨ' ਦੀ ਪਰਿਭਾਸ਼ਾ ਕੀ ਹੈ? ਅਜਿਹਾ ਦੋਸ਼ ਲਾਉਣ ਵਾਲੇ ਲੋਕ ਉਹਨੇ ਜੋ ਅਛੂਤਾਂ ਦੀ ਹੋਂਦ ਨਾ ਤਾਂ ਸ਼ਾਸਕ ਦਲ ਅਤੇ ਨਾ ਹੀ ਵਿਰੋਧੀ ਦਲਾਂ ਵਿਚ ਪਸੰਦ ਕਰਦੇ ਹਨ। ਜੇ ਅਜਿਹਾ ਦੋਸ਼ ਲਾਉਣ ਵਾਲੇ ਬਾਬੂ ਜੀ ਦੇ ਕਾਂਗਰਸ ਵਿਚ ਰਹਿਣ ਕਰਕੇ ਹੈ ਤਾਂ ਇਹ ਉਸ ਸਮੇਂ ਦੀ ਅਛੂਤਾਂ ਦੀ ਰਾਜਨੀਤੀ ਦੀ 'ਮਜ਼ਬੂਰੀ' ਸੀ। ਡਾ. ਅੰਬੇਡਕਰ ਅਤੇ ਬਾਬੂ ਜਗਜੀਵਨ ਰਾਮ ਦੋਵੇਂ ਨਹਿਰੂ ਮੰਤਰੀ ਮੰਡਲ ਵਿਚ ਸ਼ਾਮਲ ਹੋਏ। ਡਾ. ਅੰਬੇਡਕਰ ਨੇ ਕਾਂਗਰਸ ਵਿਚ ਆਪਣੇ ਆਪ ਨੂੰ 'ਅਛੂਤ' ਸਮਝਦਿਆਂ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ। ਬਾਬੂ ਜਗਜੀਵਨ ਰਾਮ ਨੇ 1977 ਵਿਚ ਕਾਂਗਰਸ ਨੂੰ ਉਸ ਸਮੇਂ ਛੱਡਿਆ ਜਦੋਂ ਉਹਨਾਂ ਦੇ ਕਾਂਗਰਸ ਛੱਡਣ ਨਾਲ ਕਾਂਗਰਸ ਅਰਸ਼ ਤੋਂ ਫਰਸ਼ ਤੇ ਆ ਡਿੱਗੀ। ਉਸ ਤੋਂ ਬਾਅਦ ਉਹ ਅੰਤ ਤੱਕ ਕਾਂਗਰਸ 'ਚ ਨਹੀਂ ਗਏ। ਜਦੋਂ ਉਹਨਾਂ ਦੀ ਪੁੱਤਰੀ ਮੀਰਾਂ ਕੁਮਾਰ ਨੇ ਬਿਜਨੌਰ (ਯੂ. ਪੀ.) ਤੋਂ ਕਾਂਗਰਸ ਦੀ ਟਿਕਟ ਤੋਂ ਲੋਕ ਸਭਾ ਚੋਣ ਲੜੀ ਤਾਂ ਉਹਨਾਂ ਨੇ ਕਿਹਾ ਸੀ, "ਮੈਂ ਪਿਤਾ ਹੋਣ ਦੇ ਨਾਤੇ ਮੀਰਾਂ ਨੂੰ ਅਸ਼ੀਰਵਾਦ ਜ਼ਰੂਰ ਦਿੱਤਾ ਹੈ, ਪਰ ਕੰਨ ਖੋਲ੍ਹ ਕੇ ਸੁਣ ਲਓ, ਮੈਂ ਕਾਂਗਰਸ ਵਿਚ ਸ਼ਾਮਲ ਨਹੀਂ ਹੋ ਰਿਹਾ ਹਾਂ, ਹੋਵਾਂਗਾ ਵੀ ਨਹੀਂ।

ਬਾਬੂ ਜੀ ਤੇ ਅਜਿਹਾ ਦੋਸ਼ ਲਾਉਣ ਵਾਲਿਆਂ ਦਾ ਜੇ ਇਹ ਭਾਵ ਹੈ ਕਿ ਕਾਂਗਰਸ ਵਿਚ ਜਾਣ ਵਾਲਾ 'ਭਵੀਸ਼ਨ' ਹੈ ਤਾਂ ਉਹ ਬਹੁਜਨ ਸਮਾਜ ਪਾਰਟੀ ਨੂੰ ਵੀ ਭਵੀਸ਼ਣਾਂ ਦੀ ਪਾਰਟੀ ਹੀ ਸਮਝਦੇ ਹਨ। ਬੀਤੇ ਦਿਨੀਂ ਉਹਨਾਂ ਨੇ ਬਾਮਸੇਫ, ਡੀ. ਐਫ. ਫੋਰ ਅਤੇ ਬਹੁਜਨ ਸਮਾਜ ਪਾਰਟੀ ਤਿੰਨਾਂ ਨੂੰ ਰਾਜਨੀਤਿਕ ਪਾਰਟੀਆਂ ਅਤੇ ਇਹਨਾਂ ਨੂੰ ਵਿਦੇਸ਼ੀ ਧਨ ਮਿਲਣ ਦਾ ਇਲਜ਼ਾਮ ਲਾਇਆ। ਹੁਣ ਫੈਸਲਾ ਲੋਕ ਹੀ ਕਰਨ ਕਿ ਬਹੁਜਨ ਸਮਾਜ ਪਾਰਟੀ ਦੇ ਸਿਰਲੱਥ ਆਗੂ ਤੇ ਵਰਕਰ 'ਭਵੀਸ਼ਨ' ਹਨ ਜਾਂ ਅਜਿਹਾ ਦੋਸ਼ ਲਾਉਣ ਵਾਲੇ 'ਭਵੀਸ਼ਨ' ਹਨ? ਬਹੁਜਨ ਸਮਾਜ ਪਾਰਟੀ ਨੂੰ ਵਿਦੇਸ਼ੋਂ ਧਨ ਮਿਲਣ ਦਾ ਦੋਸ਼ ਲਾਉਣ ਵਾਲਿਆਂ ਨੂੰ ਕਮਿਊਨਿਸਟ ਪਾਰਟੀਆਂ ਨੂੰ ਵਿਦੇਸ਼ੋਂ ਮਿਲਦਾ ਧਨ ਨਹੀਂ ਦਿਸਦਾ? ਦਰਅਸਲ ਅਜਿਹਾ ਦੇਸ਼ ਲਾਉਣ ਵਾਲੇ ਆਪ ਹੀ ਭਵੀਸ਼ਨ ਤਾਂ ਕੀ ਬ੍ਰਾਹਮਣਵਾਦੀਆਂ ਦੇ 'ਹਨੂਮਾਨ' ਬਣ ਗਏ ਹਨ"। ਬਾਬੂ ਜੀ ਨੇ ਅਛੂਤਾਂ ਨੂੰ ਕਦੇ ਵੀ ਹੱਕ ਮੰਗਣੋਂ ਨਹੀਂ ਵਰਜਿਆ ਸਗੋਂ ਉਹਨਾਂ ਅਛੂਤਾਂ ਨੂੰ ਕਿਹਾ, "ਹਿੰਦੂਆਂ ਵੱਲੋਂ ਧਰਤੀ ਅਤੇ ਜੋ ਹੱਕ ਸਾਡੇ ਤੋਂ ਖੋਹੇ ਹਨ, ਸਾਨੂੰ ਉਹਨਾਂ ਨਾਲ ਲੜ ਕੇ ਵਾਪਸ ਲੈਣਾ ਹੈ, ਸਾਨੂੰ ਹੱਕਾਂ ਲਈ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ, ਇਸ ਵਿਚ ਕੁਝ ਜਾਨਾਂ ਵੀ ਜਾ ਸਕਦੀਆਂਹ ਨ ਪਰ ਇਸ ਨਾਲ ਘਬਰਾ ਕੇ ਉਹਨਾਂ ਦੇ ਪੈਰਾਂ ਥੱਲੇ ਕੁਚਲਣ ਲਈ ਮਜਬੂਰ ਨਹੀਂ ਹੋਣਾ। ਦੇਸ਼ ਵਿਚ ਸਾਡੀ ਇੰਨੀ ਤਾਦਾਦ ਹੈ ਕਿ ਜੇ ਚਾਹੀਏ ਤਾਂ ਅਸੀਂ ਇਕ ਵੱਖਰਾ ਦੇਸ਼ ਬਣਾ ਸਕਦੇ ਹਾਂ। ਭਾਵੇਂ ਡਾ. ਰਾਜਿੰਦਰ ਪ੍ਰਸ਼ਾਦ, ਬਾਬੂ ਜਗਜੀਵਨ ਰਾਮ ਦੇ ਰਾਜਨੀਤਿਕ ਗੁਰੂ ਸਨ ਪਰ ਬਾਬੂ ਜੀ ਨੇ ਉਹਨਾਂ ਨੂੰ ਬੜੀ ਦਲੇਰੀ ਨਾਲ ਅੰਧ-ਵਿਸ਼ਵਾਸੀ ਕਿਹਾ। ਭਵੀਸ਼ਨ ਕਦੇ ਵੀ ਸ੍ਰੀ ਰਾਮ ਚੰਦਰ ਖਿਲਾਫ ਬੋਲਦਾ ਨਹੀਂ ਪਰ ਬਾਬੂ ਜਗਜੀਵਨ ਰਾਮ ਨੇ ਕਾਂਗਰਸ ਤੋਂ ਵਿਦਰੋਹ ਕਰਕੇ ਅਛੂਤ ਰਾਜਨੀਤੀਵਾਨਾਂ ਨੂੰ ਬਾਗੀ ਹੋਣਾ ਸਿਖਾਇਆ। ਰਾਮ ਧੰਨ ਅਤੇ ਚਾਂਦੀ ਰਾਮ ਵਰਗੇ ਇਕੱਲੇ ਹੀ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਿਚ ਹੋ ਕੇ ਸ਼ਰੇਆਮ ਉਸਦੀਆਂ ਅਛੂਤ ਵਿਰੋਧੀ ਕੰਮਾਂ ਨੂੰ ਨਿੰਦਣ ਲਈ ਬਾਬੂ ਜੀ ਤੋਂ ਉਤਸ਼ਾਹਿਤ ਹੋਏ।

ਉਪਰੋਕਤ ਵਿਸਥਾਰ ਪੂਰਵਕ ਵਰਣਨ ਤੋਂ ਇਹੀ ਸਿੱਧ ਹੁੰਦਾ ਹੈ ਕਿ ਬਾਬੂ ਜਗਜੀਵਨ ਰਾਮ ਨੇ ਰਾਜਨੀਤੀ ਰਾਹੀਂ ਸ਼ੂਦਰਾਂ ਖਾਸ ਕਰਕੇ ਅਛੂਤ ਦਾ ਸੁਧਾਰ ਕੀਤਾ। ਬਾਬੂ ਜਗਜੀਵਨ ਰਾਮ ਦ ਮੁਲਾਂਕਣ ਕਰਨ ਵੇਲੇ ਉਹਨਾਂ ਨੂੰ ਰਾਜਨੀਤੀਵਾਨ ਵਜੋਂ ਦੇਖਿਆਂ ਸਹੀ ਤਸਵੀਰ ਪੇਸ਼ ਹੁੰਦੀ ਹੈ।

ਅਛੂਤਾਂ ਦੀ ਅਜੋਕੀ ਸਿਆਸਤ ਜ਼ਬਾਨੀ ਜਮ੍ਹਾ ਖਰਚ ਬਣ ਕੇ ਰਹਿ ਗਈ ਹੈ। ਬ੍ਰਾਹਮਣਵਾਦ ਨੂੰ ਕੌਣ ਕਿੰਨਾ ਭੰਡਦਾ ਉਹੀ ਉਨਾ ਵੱਡਾ ਲੀਡਰ। ਬ੍ਰਾਹਮਣਵਾਦ ਨੂੰ ਕਮਜ਼ੋਰ ਕਰਨ ਲਈ ਸਭ ਤੋਂ ਵੱਧ ਸਵੈ-ਸੁਧਾਰ ਜ਼ਰੂਰੀ ਹੈ। ਅੱਜ ਇਹ ਚਰਚਾ ਕਰਨ ਦੀ ਲੋੜ ਨਹੀਂ ਕਿ ਡਾਕਟਰ ਅੰਬੇਡਕਰ ਜੀ ਵੱਲੋਂ ਔਰਤਾਂ ਨੂੰ ਵੋਟ ਦਾ ਹੱਕ ਸੰਵਿਧਾਨ 'ਚ ਅੰਕਿਤ ਕਰਨ ਨਾਲ ਹੀ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਰਤੀ ਬਣੀ, ਅੱਜ ਇਹ ਸੋਚਣ ਦਾ ਸਮਾਂ: ਹੈ ਕਿ ਅਛੂਤ ਔਰਤ ਪ੍ਰਧਾਨ ਮੰਤਰੀ ਤਾਂ ਕੀ, ਉਸ ਕੋਲੋਂ ਇੰਨੇ ਸਾਲਾਂ ਬਾਅਦ ਵੀ ਦਾਤੀ ਰੰਬਾ ਕਿਉਂ ਨਹੀਂ ਛੁੱਟਾ? ਅੱਜ ਲੋੜ ਹੈ ਸੋਚਣ ਦੀ ਕਿ ਖੇਤਾਂ ਵਿਚ ਕੰਮ ਕਰਦਾ ਮਜ਼ਦੂਰ ਕਿਉਂ ਨਿਤਾਣਾ, ਨਿਮਾਣਾ ਅਤੇ ਨਿਆਸਰਾ ਹੈ? ਅੱਜ ਲੋੜ ਹੈ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੀ ਆਵਾਜ਼ ਖੇਤਾਂ, ਫੈਕਟਰੀਆਂ ਵਿਚ ਲਿਜਾਣ ਦੀ।

ਜਿਉਂ-ਜਿਉਂ ਸਮਾਂ ਬੀਤਦਾ ਜਾਏਗਾ ਬਾਬੂ ਜਗਜੀਵਨ ਰਾਮ ਦੀਆਂ ਪ੍ਰਾਪਤੀਆਂ ਲੋਕਾਂ ਸਾਹਵੇਂ ਆਉਂਦੀਆਂ ਜਾਣਗੀਆਂ। ਅਛੂਤਾਂ 'ਚੋਂ ਜੋ ਲੋਕ ਰਾਜਨੀਤੀ ਵਿਚ ਰੁਚੀ ਰੱਖਦੇ ਹਨ, ਉਹਨਾਂ ਨੂੰ ਬਾਬੂ ਜਗਜੀਵਨ ਰਾਮ ਬਾਰੇ ਗਹਿਨ ਅਧਿਐਨ ਕੀਤਿਆਂ ਪਤਾ ਲੱਗੇਗਾ ਕਿ ਕਿਵੇਂ ਇਕ ਆਮ ਆਦਮੀ ਤੋਂ ਉਠ ਕੇ ਉਹ ਭਾਰਤ ਵਰਗੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਨੇੜੇ ਤੇੜੇ ਪੁੱਜ ਗਏ। ਬਾਬੂ ਜਗਜੀਵਨ ਰਾਮ ਅਛੂਤਾਂ ਦੇ 'ਚਾਣਕਿਆ' ਸਨ। ਬਾਬੂ ਜੀ ਦੇ ਸਦੀਵੀ ਚਲਾਣੇ ਨਾਲ ਇਕ ਯੁੱਗ ਸਮਾਪਤ ਹੋ ਗਿਆ ਹੈ। ਜਿੱਥੇ ਅਛੂਤ ਆਪਦੇ ਨਵੇਂ ਆਗੂ ਦੀ ਤਲਾਸ਼ ਵਿਚ ਹਨ, ਉਥੇ ਕਾਂਗਰਸ ਨੂੰ ਅਛੂਤਾਂ ਦੀਆਂ ਵੋਟਾਂ ਦਿਵਾਉਣ ਵਾਲੇ ਦੀ ਤਲਾਸ਼ ਹੈ। ਅਛੂਤਾਂ ਦੀਆਂ ਨਜ਼ਰਾਂ ਵਿਚ ਕਾਂਗਰਸ ਮੀਰਾ ਕੁਮਾਰ, ਜੋਗਿੰਦਰ ਮਕਵਾਨਾ, ਬੂਟਾ ਸਿੰਘ, ਰਾਮ ਧਨ, ਚਾਂਦ ਰਾਮ ਅਤੇ ਆਪੋਜ਼ੀਸ਼ਨ ਪਾਰਟੀਆਂ ਵਿਚ ਬਾਬੂ ਕਾਂਸ਼ੀ ਰਾਮ ਅਤੇ ਰਾਮ ਬਿਲਾਸ ਪਾਸਵਾਨ ਵਿਚੋਂ ਆਪਣਾ ਲੀਡਰ ਭਾਲ ਰਹੀਆਂ ਹਨ। ਅਛੂਤਾਂ ਦੀ ਰਾਜਨੀਤੀ ਦੀ ਹਾਲਤ ਠੀਕ 60 ਸਾਲ ਪਹਿਲਾਂ ਡਾ. ਅੰਬੇਡਕਰ ਜੀ ਦੇ ਸਦੀਵੀ ਵਿਛੋੜੇ ਵੇਲੇ ਵਰਗੀ ਹੋ ਗਈ ਹੈ।

ਭਾਰਤ ਵਿਚ ਸਿੰਧੂ ਘਾਟੀ ਦੇ ਵਾਸੀਆਂ ਦੀ ਫੌਜ ਦਾ ਹਾਥੀ, ਆਰੀਆਂ ਦੀ ਫੌਜ ਦੇ ਘੋੜੇ ਤੋਂ ਹਾਰ ਗਿਆ। ਹਾਥੀ ਤਾਕਤ ਵਿਚ ਬੇਜੋੜ ਹੁੰਦਾ ਹੈ ਪਰ ਚੁਸਤ ਅਤੇ ਚਲਾਕ ਨਹੀਂ ਹੁੰਦਾ। ਘੋੜਾ ਤਾਕਤ ਵਿਚ ਹਾਥੀ ਤੋਂ ਬਹੁਤ ਪਿੱਛੇ ਹੁੰਦਾ ਹੈ ਪਰ ਚੁਸਤੀ ਅਤੇ ਚਲਾਕੀ ਵਿਚ ਹਾਥੀ ਨੂੰ ਮਾਤ ਪਾ ਜਾਂਦਾ ਹੈ। ਅੱਜ ਵੀ ਭਾਰਤ ਦੇ ਆਦਿਵਾਸੀਆਂ ਦੀ ਰਾਜਨੀਤਿਕ ਲੜਾਈ ਵਿਚ ਚੋਣ ਨਿਸ਼ਾਨ ਹਾਥੀ ਹੀ ਹੈ। ਆਦਿਵਾਸੀਆਂ ਨੂੰ ਆਪਣੇ ਹਾਥੀ ਦੀ ਤਾਕਤ 'ਤੇ ਮਾਣ ਕਰਨ ਦੇ ਨਾਲ ਨਾਲ ਹਾਥੀ ਨੂੰ ਆਰੀਆ ਦੇ ਘੋੜੇ ਦੀ ਚਲਾਕੀ ਅਤੇ ਚੁਸਤੀ ਦੇ ਮੁਕਾਬਲੇ 'ਤੇ ਵੀ ਲਿਆਉਣਾ ਹੋਵੇਗਾ। ਆਦਿਵਾਸੀਆਂ ਆਪਣੇ ਲੜਾਈ ਦੇ ਤੌਰ ਤਰੀਕਿਆਂ ਵਿਚ ਸਮੇਂ-ਸਮੇਂ ਲੋੜ ਅਨੁਸਾਰ ਤਬਦੀਲੀ ਕਰਦੇ ਰਹਿਣ ਚਾਹੀਦਾ ਹੈ।

ਉਪਰੋਕਤ ਚਰਚਾ ਕਰਨ ਤੋਂ ਸਾਡਾ ਭਾਵ ਹੈ ਕਿ ਸਾਨੂੰ ਆਪਣੇ ਦੁਸ਼ਮਣਾਂ ਤੇ ਇਤਬਾਰ ਨਹੀਂ ਕਰਨਾ ਚਾਹੀਦਾ ਅਤੇ ਦੁਸ਼ਮਣ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਸਾਡਾ ਦੁਸ਼ਮਣ ਧੋਖੇ ਨਾਲ ਅਤੇ ਘਰ ਵਿਚ ਫੁੱਟ ਪਾ ਕੇ ਬਾਲੀ, ਰਾਵਣ, ਕੁੰਭਕਰਨ, ਮੇਘਨਾਥ, ਰਾਜਾ ਹਰਨਾਖਸ਼, ਰਾਜਾ ਜਲੰਧਰ, ਗੁਰੂ ਰਵਿਦਾਸ ਨੂੰ ਕਤਲ ਕਰਨ ਵਾਲਾ ਹੈ। ਸਾਡਾ ਦੁਸ਼ਮਣ ਸਾਡੇ ਨਾਲ ਮੁਕਾਬਲਾ ਕਰਨ ਦੀ ਜੁਰਅਤ ਨਹੀਂ ਰੱਖਦਾ ਅਤੇ ਅਸੀਂ ਉਸ ਵਾਂਗ ਮਕਾਰੀ ਕਰਨ ਦਾ ਦਿਲ ਨਹੀਂ ਰੱਖਦੇ। ਸਾਡਾ ਦੁਸ਼ਮਣ ਆਟੇ ਦੀਆਂ ਗਊਆਂ ਦੀਆਂ ਸਹੁੰਆਂ ਖਾ ਕੇ ਮੁੱਕਰ ਜਾਂਦਾਹੈਂ। ਸਾਡਾ ਦੁਸ਼ਮਣ ਅਕਬਰਾਂ ਨੂੰ ਆਪਣੀਆਂ ਧੀਆਂ ਪੇਸ਼ ਕਰਕੇ ਰਾਜ 'ਚ ਭਾਈਵਾਲ ਬਣ ਕੇ ਸਾਡੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਵੱਲ ਕੈਰੀ ਅੱਖ ਨਾਲ ਦੇਖਦਾ ਹੈ। ਸਾਡਾ ਦੁਸ਼ਮਣ ਗਾਂਧੀ ਦੇ ਰੂਪ ਵਿਚ ਪੂਨਾ ਪੈਕਟ ਦੀ ਤਲਵਾਰ ਨਾਲ ਸਾਡਾ ਮਲੀਆਮੇਟ ਕਰਨਾ ਚਾਹੁੰਦਾ ਹੈ। ਸਾਡਾ ਦੁਸ਼ਮਣ ਮਰਨ ਵੇਲੇ ਆਪਣੀ ਔਲਾਦ ਨੂੰ ਆਪਣੇ ਦੁਸ਼ਮਣਾਂ ਦਾ ਨਾਂ ਪਤਾ ਦੱਸ ਜਾਂਦਾ ਹੈ ਪਰ ਇਕ ਅਸੀਂ ਹਾਂ ਜੋ ਸਵੇਰੇ ਦੀ ਬੇਇਜ਼ਤੀ ਸ਼ਾਮ ਨੂੰ ਭੁੱਲ ਜਾਂਦੇ ਹਾਂ।

ਸਾਡਾ ਦੁਸ਼ਮਣ ਵੀਹਵੀਂ ਸਦੀ ਵਿਚ ਵੀ ਸਾਨੂੰ, ਸਾਡੇ ਆਗੂਆਂ ਨੂੰ ਖਤਮ ਕਰਨ ਦੀਆਂ ਵਿਉਂਤਾਂ ਘੜਦਾ ਰਹਿੰਦਾ ਹੈ। ਸਾਡੇ ਦੁਸ਼ਮਣ ਆਰੀਆ ਲਈ ਸਾਡਾ (ਸ਼ੂਦਰ) ਦਾ ਕਤਲ ਕੁੱਤੇ ਬਿੱਲੀ ਤੋਂ ਵੱਧ ਨਹੀਂ। ਜਿਹਾ ਕੁੱਤਾ ਮਾਰ ਲਿਆ, ਤੇਹਾ ਸ਼ੂਦਰ ਮਾਰ ਲਿਆ। ਸਾਡਾ ਦੁਸ਼ਮਣ ਆਰੀਆ ਸਾਡੇ ਰਹਿਬਰ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਭਵੀਸ਼ਨ ਸ਼ੂਦਰਾਨੰਦ ਦੇ ਰਾਹੀਂ ਜ਼ਹਿਰ ਦਿਵਾਉਂਦਾ ਹੈ। ਸਾਡਾ ਦੁਸ਼ਮਣ ਆਰੀਆ ਸਾਡੇ ਰਹਿਬਰ ਡਾ. ਅੰਬੇਡਕਰ ਨੂੰ ਹਿੰਦੂ ਮਹਾਂ ਸਭਾ ਦੇ ਆਗੂ ਵੀਰ ਸਾਵਰਕਰ ਦੇ ਭਰਾ ਬਾਬਾ ਸਾਵਰਕਰ ਰਾਹੀਂ ਭੋਜਨ ਵਿਚ ਜ਼ਹਿਰ ਦੇ ਕੇ ਮਾਰਨਾ ਚਾਹੁੰਦਾ ਹੈ। ਸਾਡਾ ਦੁਸ਼ਮਣ ਆਰੀਆ ਸਾਡੇ ਬਾਬੂ ਜਗਜੀਵਨ ਰਾਮ ਨੂੰ ਮਾਰਚ 1977 ਵਿਚ ਰਾਮ ਮਨੋਹਰ ਲੋਹੀਆ ਹਸਪਤਾਲ, ਦਿੱਲੀ ਵਿਚ ਡਾਕਟਰਾਂ ਦੀ ਮਦਦ ਨਾਲ ਕਤਲ ਕਰਨਾ ਚਾਹੁੰਦਾ ਸੀ। ਅੰਤ ਬਾਬੂ ਜਗਜੀਵਨ ਰਾਮ ਉਸੇ ਹਸਪਤਾਲ ਵਿਚ ਸਦੀਵੀ ਵਿਛੋੜਾ ਦੇ ਗਏ। ਪਤਾ ਨਹੀਂ ਸਭ ਕੁਝ ਇਤਿਹਾਸ ਫਰੋਲਦਿਆਂ ਮੇਰੇ ਜਿਹਨ ਵਿਚ ਕਿਉਂ ਰਹਿ ਰਹਿ ਕੇ ਇਹ ਖਿਆਲ ਆਉਂਦਾ ਹੈ ਕਿ ਬਾਬ ਜਗਜੀਵਨ ਰਾਮ ਨੂੰ ਕਿਧਰੇ ਆਰੀਆ ਨੇ ਕਤਲ ਨਾ ਕਰ ਦਿੱਤਾ ਹੋਵੇ। ਇਸੇ ਹਸਪਤਾਲ ਵਿਚ ਕੁਝ ਆਰੀਆ ਡਾਕਟਰ ਅਜਿਹੇ ਹਨ ਜਿਹਨਾਂ ਕਰਕੇ ਬਹੁਤ ਲੋਕ ਇਸ ਹਸਪਤਾਲ ਨੂੰ ਵਿਰੋਧੀਆਂ ਨੂੰ ਜਿਬਾਹ ਕਰਨ ਵਾਲਾ ਹਸਪਤਾਲ ਕਹਿੰਦੇ ਹਨ। ਡਾ. ਰਾਮ ਮਨੋਹਰ ਲੋਹੀਆ ਵਰਗੇ ਵਿਰੋਧੀ ਰਾਜਨੀਤਾਵਾਨ ਦੀ ਮੌਤ ਵੀ ਸ਼ੱਕੀ ਹਾਲਤਾਂ ਵਿਚ ਇਸੇ ਹਸਪਤਾਲ ਵਿਚ ਉਸੇ ਕਮਰੇ ਵਿਚ ਹੋਈ ਜਿੱਥੇ ਬਾਬੂ ਜਗਜੀਵਨ ਰਾਮ ਦੀ ਹੋਈ। ਬਾਬੂ ਜੀ ਦੇ ਸਦੀਵੀ ਵਿਛੋੜੇ ਦੀ ਤਰੀਕ ਬਾਰੇ ਚਰਚਾ ਵੀ ਕੁਝ ਸ਼ੰਕਿਆਂ ਨੂੰ ਬਲ ਦਿੰਦੀ ਹੈ। ਬਾਬੂ ਜੀ ਨੂੰ ਡਾਕਟਰੀ ਇਲਾਜ ਲਈ ਇੰਗਲੈਂਡ, ਜਿੱਥੇ ਉਹ ਪਹਿਲੋਂ ਇਲਾਜ ਕਰਵਾਉਂਦੇ ਸੀ ਕਿਉਂ ਨਹੀਂ ਲਿਜਾਇਆ ਗਿਆ ਜਾਂ ਇੰਗਲੈਂਡ ਦੇ ਡਾਕਟਰਾਂ ਨੂੰ ਭਾਰਤ ਕਿਉਂ ਨਹੀਂ ਬੁਲਾਇਆ ਗਿਆ?

ਕਾਂਗਰਸ ਵਿਚ ਅਛੂਤਾਂ ਦੀ ਉਹੀ ਨੁਮਾਇੰਦਗੀ ਕਰਦਾ ਦਿਸੇਗਾ ਜੋ ਹਾਲ ਦੀ ਘੜੀ ਕਾਂਗਰਸ ਹਾਈ ਕਮਾਂਡ ਦੀ ਨਿਗਾਹ ਵਿਚ ਸਭ ਤੋਂ ਵੱਧ ਆਗਿਆਕਾਰ ਅਤੇ ਅਛੂਤਾਂ ਦੀਆਂ ਵੋਟਾਂ ਥੋਕ ਦੇ ਭਾਅ ਕਾਂਗਰਸ ਨੂੰ ਪੁਆ ਸਕਣ ਦਾ ਦਮ ਰੱਖ ਸਕਦਾ ਹੋਵੇ। ਕਾਂਗਰਸ ਕ੍ਰਿੜ ਕੇ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਹਰਿਆਣਾ ਤੱਕ ਰਹਿ ਗਈ ਹੈ। ਇਹਨਾਂ ਸੂਬਿਆਂ ਵਿਚੋਂ ਬਿਹਾਰ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਸੂਬੇ ਕਾਂਗਰਸ ਦੀ ਰੀੜ੍ਹ ਦੀ ਹੱਡੀ ਹਨ। ਸੋ ਫੈਸਲਾ ਇਹਨਾਂ ਸੂਬਿਆਂ ਦੇ ਅਛੂਤ ਲੀਡਰ ਦੇ ਹੱਕ ਵਿਚ ਹੀ ਹੋਵੇਗਾ। ਜਿਸ ਵਿਚ ਮੀਰਾ ਕੁਮਾਰ ਅਤੇ ਰਾਮ ਧਨ ਵਿਚਕਾਰ ਟੱਕਰ ਹੋਵੇਗੀ। 25 ਅਗਸਤ 1986 ਨੂੰ ਸ੍ਰੀਮਤੀ ਇੰਦਰਾਣੀ ਜਗਜੀਵਨ ਰਾਮ ਵਾਲੀ ਕਾਂਗਰਸ (ਜੇ) ਦੇ ਕਾਂਗਰਸ ਵਿਚ ਮਿਲਣ ਨਾਲ ਸ੍ਰੀਮਤੀ ਮੀਰਾ ਕੁਮਾਰ ਦੀ ਕਾਂਗਰਸ ਵਿਚ ਪੁਜੀਸ਼ਨ ਹੋਰ ਮਜ਼ਬੂਤ ਹੋ ਗਈ ਹੈ। ਸ੍ਰੀਮਤੀ ਮੀਰਾ ਕੁਮਾਰ ਦੇ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਨਾਲ ਉਹ ਸ੍ਰੀ ਰਾਮ ਧਨ ਨੂੰ ਕਾਂਗਰਸ ਵਿਚ ਬਹੁਤ ਪਿੱਛੇ ਛੱਡ ਗਏ।

# ਗਾਇਕੀ ਅਤੇ ਗੀਤਕਾਰੀ ਦਾ ਠਾਠਾਂ ਮਾਰਦਾ ਧੜੱਲੇਦਾਰ ਦਰਿਆ- ਹਾਕਮ ਬਖਤੜੀ ਵਾਲਾ

ਗਾਇਕਾਂ 'ਚੋਂ ਗਾਇਕ ਅਤੇ ਗੀਤਕਾਰਾਂ 'ਚੋਂ ਗੀਤਕਾਰ : ਉਹ ਵੀ ਫਿਰ ਵਿਸ਼ਵ ਪੱਧਰ ਦੀ ਪ੍ਰਾਪਤੀ ਹੋਵੇ ਲੱਖਾਂ 'ਚੋ ਬਹੁਤ ਵਿਰਲਿਆਂ ਦੇ ਹਿੱਸੇ ਹੀ ਆਉਦਾ ਹੈ, ਮਾਣ, ਇੱਜਤ ਤੇ ਸ਼ੁਹਰਤਾਂ ਦਾ ਇਹ ਮੁਕਾਮ। ਉਹ ਵੀ ਸਿਰਫ ਉਨ੍ਹਾਂ ਖੁਸ਼-ਕਿਸਮਤਾਂ ਨੂੰ ਜਿਨ੍ਹਾਂ ਨੇ ਜਨਮ-ਜਨਮ ਵਿਚ ਮੋਤੀ ਦਾਨ ਕੀਤੇ ਹੋਣ ਸਦਕਾ ਜਿਨ੍ਹਾਂ ਨੂੰ ਮਾਲਕ ਦੀ ਬਖਸ਼ੀਸ਼ ਹਾਸਲ ਹੋਈ ਹੋਵੇ ਅਤੇ ਉਸ ਦਾਤ ਨੂੰ ਸੰਭਾਲਦਿਆਂ ਉਸਤਾਦਾਂ ਦੀਆਂ ਮਾਰਾਂ ਖਾਧੀਆਂ ਹੋਣ। ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਖੇਤਰ ਵਿਚ ਜਿੱਥੇ ਗੁਰਦਾਸ ਮਾਨ, ਲਾਲ ਚੰਦ ਯਮਲਾ ਜੱਟ, ਪਾਲੀ ਦੇਤਵਾਲੀਆ, ਦੀਦਾਰ ਸੰਧੂ, ਜਸਵੰਤ ਸੰਦੀਲਾ, ਗਾਮੀ ਸੰਗਤਪੁਰੀਆ, ਬੱਬੂ ਮਾਨ, ਦੇਬੀ ਮਖਸੂਸਪੁਰੀ ਅਤੇ ਅਮਰ ਸਿੰਘ ਚਮਕੀਲਾ, ਦਾ ਨਾਂਓ ਬੱਚੇ-ਬੱਚੇ ਦੀ ਜੁਬਾਨ ਉਤੇ ਹੈ, ਉਥੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿਸ ਸੱਚੀ-ਸੁੱਚੀ ਰੂਹ ਦਾ ਮੈਂ ਇਨ੍ਹਾਂ ਸਤਰਾਂ ਵਿਚ ਜਿਕਰ ਕਰਨ ਜਾ ਰਿਹਾ ਹਾਂ, ਉਸ ਦਾ ਨਾਂਓ ਲੈਂਦਿਆਂ ਹੀ ਰੂਹ ਸਰਸ਼ਾਰ ਹੋ ਜਾਂਦੀ ਹੈ ਅਤੇ ਆਪ-ਮੁਹਾਰੇ ਹੀ ਸਿਰ ਝੁਕ ਜਾਂਦਾ ਹੈ, ਉਸ ਦੇ ਕਦਮਾਂ 'ਚ। ਇਸ ਮਾਣ-ਮੱਤੀ ਸਖਸ਼ੀਅਤ ਦਾ ਇਕ ਹੋਰ ਪੱਖ ਇਹ ਵੀ ਹੈ ਕਿ ਓਸ ਨੇ ਆਪਣੇ ਸਿਰਜੇ ਗੀਤਾਂ ਨੂੰ ਖੁਦ ਤਾਂ ਆਪਣੀ ਲਾ-ਜੁਵਾਬ ਸੁਰੀਲੀ ਅਤੇ ਦਮਦਾਰ ਅਵਾਜ ਵਿਚ ਸ਼ਿੰਗਾਰਿਆ ਹੀ ਹੈ ਪਰ ਨਾਲ ਹੀ ਸਵ: ਬੀਬਾ ਪਰਮਿੰਦਰ ਸੰਧੂ , ਸੁਰਿੰਦਰ ਸ਼ਿੰਦਾ ਅਤੇ ਕੁਲਦੀਪ ਪਾਰਸ ਆਦਿ ਵਰਗੇ ਅਨਗਿਣਤ ਗਾਇਕਾਂ ਨੇ ਵੀ ਉਸ ਦੇ ਗੀਤਾਂ ਨਾਲ ਵਿਸ਼ਵ ਪੱਧਰ ਤੇ ਨਾਂਉਂ ਵੀ ਕਮਾਇਆ ਅਤੇ ਨਾਮਾ ਵੀ। ਜਿਸਦੇ ਨਤੀਜੇ ਵਜੋ ਜਿਲ੍ਹਾ ਸੰਗਰੂਰ ਦੇ ਕਸਬਾ ਭਵਾਨੀਗੜ੍ਹ ਦੀ ਗੋਦ 'ਚ ਵਸਿਆ ਇਕ ਛੋਟਾ ਜਿਹਾ ਪਿੰਡ 'ਬਖਤੜੀ' ਅੱਜ ਦਿਨ ਵਿਸ਼ਵ ਦੇ ਨਕਸ਼ੇ ਉਤੇ ਉਲੀਕੇ ਜਾਣ ਦਾ ਗੌਰਵ ਹਾਸਲ ਕਰ ਗਿਆ। ਮੇਰੀ ਮੁਰਾਦ ਹੈ, ਕਲਮ, ਅਵਾਜ ਅਤੇ ਇਨਸਾਨੀਅਤ ਦੀਆਂ ਮਹਿਕਾਂ ਵਿਖੇਰਦੀ ਚਲੀ ਆ ਰਹੀ ਉਸ ਸੁਭਾਗੀ, ਮਿਹਨਤੀ, ਤਵੱਸਵੀ, ਸ਼ਹਿਨਸ਼ੀਲ, ਸੰਵੇਦਨਸ਼ੀਲ ਅਤੇ ਸਿਦਕੀ ਰੂਹ ਤੋਂ : ਜਿਸ ਨੂੰ ਜਾਣਿਆ ਤੇ ਸਤਿਕਾਰਿਆ ਜਾਂਦਾ ਹੈ, 'ਹਾਕਮ ਬਖਤੜੀ ਵਾਲਾ' ਦੇ ਨਾਂਉਂ ਤੋਂ। ਗੀਤਕਾਰੀ, ਅਤੇ ਗਾਇਕੀ ਦੇ ਸਿਰ ਉਤੇ ਲਗਭਗ ਪਿਛਲੇ ਚਾਰ ਦਿਹਾਕਿਆਂ ਤੋਂ ਵੀ ਵੱਧ ਸਮੇ ਤੋਂ ਕਲਾ-ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਉਹ 'ਹਾਕਮ', ਉਹ ਸ਼ਹਿਨਸ਼ਾਹ , ਜਿਸ ਦੇ ਗੀਤ, ਕਲੀਆਂ ਅਤੇ ਦੋ-ਗਾਣੇ ਅਮਰ ਹੋਣ ਦਾ ਰੁੱਤਬਾ ਹਾਸਲ ਕਰ ਗਏ। ਪੰਜਾਬੀ ਸੱਭਿਆਰਕ ਜਗਤ ਦੀ ਮਹਿਕਾਂ ਅਤੇ ਖੁਸ਼ਬੂਆਂ ਵਿਖੇਰਦੀ ਜਾਨਦਾਰ ਤੇ ਸ਼ਾਨਦਾਰ ਫੁਲਵਾੜੀ। ਜਿਕਰ ਯੋਗ ਹੈ ਕਿ ਜਿੱਥੇ ਬਖਤੜੀ ਵਾਲਾ ਜੀ ਦਾ ਨਾਂਉਂ ਆਵੇਗਾ, ਉਥੇ ਆਪ-ਮੁਹਾਰੇ ਹੀ ਬੀਬਾ ਦਲਜੀਤ ਕੌਰ ਜੀ ਦਾ ਨਾਂਉਂ ਵੀ ਆ ਜਾਵੇਗਾ : ਕਿਉਂਕਿ ਗਾਇਕੀ-ਖੇਤਰ ਵਿਚ ਅੰਬਰਾਂ ਨੂੰ ਛੂੰਹਦਾ ਦੋ-ਗਾਣਿਆਂ ਦਾ ਪੱਖ ਜਿੱਥੇ ਛਿੜੇਗਾ, ਉਹ ਗਾਇਕ-ਜੋੜੀ ਦੇ ਰੂਪ ਵਿਚ ਬੀਬੀ ਦਲਜੀਤ ਕੌਰ ਦੇ ਨਾਂਉਂ ਬਗੈਰ ਸੰਪਨ ਨਹੀ ਹੋ ਸਕੇਗਾ। ਸੋ, ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਿਹਾ ਹਾਂ, ਗਾਇਕੀ ਤੇ ਗੀਤਕਾਰੀ ਦੇ ਠਾਠਾਂ ਮਾਰਦੇ ਧੜੱਲੇਦਾਰ ਦਰਿਆ, 'ਹਾਕਮ ਬਖਤੜੀ ਵਾਲਾ' ਜੀ ਨਾਲ ਹੋਈ ਮੁਲਾਕਾਤ ਦੀ ਪੰਛੀ ਝਾਤ : ਜੋ ਕਿ ਕੁਝ ਇਸ ਤਰਾਂ ਰਹੀ :-

? - ਬਖਤੜੀ ਵਾਲਾ ਜੀ, ਸਭ ਤੋਂ ਪਹਿਲੇ ਤਾਂ ਸਾਨੂੰ ਆਪਣੇ ਪਿਤਾ ਅਤੇ ਭਾਗਾਂ ਭਰੀ ਉਹ ਮਾਤਾ, ਜਿਸ ਦੀ ਸੁਲੱਖਣੀ ਕੁੱਖ ਨੂੰ ਤੁਸੀਂ ਭਾਗ ਲਾਏ, ਬਾਰੇ ਦੱਸੋ। ਸੂਰਜ ਦੀ ਪਹਿਲੀ ਕਿਰਨ ਕਿਸ ਪਿੰਡ ਵਿਚ ਤੱਕੀ ਅਤੇ ਕਿਸ ਪਿੰਡ ਦੀਆਂ ਗਲੀਆਂ ਵਿਚ ਖੇਡ-ਕੁੱਦ ਕੇ ਵੱਡੇ ਹੋਏ , ਬਾਰੇ ਵੀ ਚਾਨਣਾ ਪਾਓਗੇ?

-ਲੁਧਿਆਣਵੀ ਜੀ, ਮੇਰੇ ਪੂਜਨੀਕ ਪਿਤਾ ਜੀ ਦਾ ਨਾਮ ਸ੍ਰ: ਟਿੱਕਾ ਸਿੰਘ ਜੀ ਅਤੇ ਰੱਬ ਵਰਗੀ ਮਾਂ ਦਾ ਨਾਂਉਂ ਸ੍ਰੀਮਤੀ ਲੀਲਾ ਵਤੀ ਜੀ ਹੈ, ਜਿਨ੍ਹਾਂ ਦੀ ਗੋਦ ਦਾ ਨਿੱਘ ਮਾਣਦਿਆਂ ਮੈਂ ਜਿਲ੍ਹਾ ਸੰਗਰੂਰ ਦੇ ਪਿੰਡ ਬਖਤੜੀ ਵਿਚ ਸੂਰਜ ਦੀ ਪਹਿਲੀ ਕਿਰਨ 5 ਜਨਵਰੀ,1961 ਨੂੰ ਤੱਕੀ ਅਤੇ ਇਸੇ ਪਿੰਡ ਦੀਆਂ ਗਲੀਆਂ ਵਿਚ ਮੈਂ ਖੇਡਦਾ -ਕੁੱਦਦਾ ਹੇਕਾਂ ਲਾਉਦਾ ਜਵਾਨ ਹੋਇਆ।

?- ਤੁਸੀ ਸ਼ਾਇਰੀ ਨਾਲ ਕਦੋਂ ਜੁੜੇ ਅਤੇ ਹੇਕਾਂ ਲਾਉਣੀਆਂ ਕਦੋਂ ਕੁ ਸ਼ੁਰੂ ਕੀਤੀਆਂ?

- ਲੁਧਿਆਣਵੀ ਜੀ, ਇਹ ਦੋਨੋ ਸ਼ੌਕ ਜਾਂ ਇਹ ਕਹਿ ਲਓ ਕਿ ਕਲਮ ਤੇ ਅਵਾਜ ਦੋਵੇ ਦਾਤਾਂ ਦੀ ਬਖਸ਼ੀਸ਼ ਮਾਲਕ ਵਲੋ ਮੈਨੂੰ ਬਚਪਨ ਤੋਂ ਹੀ ਹੋ ਗਈ ਸੀ।

? - ਹਾਕਮ ਜੀ, ਤੁਹਾਡੀ ਕਿੰਨੀ ਕੁ ਉਮਰ ਸੀ ਜਦ ਤੁਸੀ ਪਹਿਲਾ ਗੀਤ ਲਿਖਿਆ ਅਤੇ ਉਹ ਕਿਸ ਅਵਾਜ ਵਿਚ ਰਿਕਾਰਡ ਕਰਵਾਇਆ?

-ਮੇਰੀ 13 ਸਾਲ ਦੀ ਬਾਲੜੀ ਉਮਰ ਸੀ, ਜਦੋ ਮੈਂ ਕਈ ਗੀਤ ਲਿਖ ਚੁੱਕਾ ਸੀ। ਇਨ੍ਹਾਂ ਚੋਂ ਸਭ ਤੋਂ ਪਹਿਲੇ ਇਕ ਗੀਤ ਬੀਬਾ ਪਰਮਿੰਦਰ ਸੰਧੂ ਜੀ ਨੇ ਰਿਕਾਰਡ ਕਰਵਾਇਆ ਸੀ-

'ਰੰਗਪੁਰ ਰੰਗ ਲਾਉਣ ਵਾਲੀਏ,
ਵਸਦੇ ਦੁਆਰੇ ਤੇਰੇ ਰਹਿਣ ਨੀ।
ਯੁੱਗ ਯੁੱਗ ਰਵ੍ਹੇਂ ਮੌਜਾਂ ਮਾਣਦੀ,
ਹੋਰ ਕੀ ਫਕੀਰ ਤੈਨੂੰ ਕਹਿਣ ਨੀ।'

ਤੁਸੀਂ ਯਕੀਨ ਕਰੋ ਕਿ ਇਹ ਗੀਤ ਤਕਰੀਬਨ 10 ਬਾਰ ਰਿਕਾਰਡ ਹੋਇਆ : ਜਿਸਦਾ ਕਿ ਮੈਨੂੰ ਮਾਣ ਵੀ ਮਹਿਸੂਸ ਹੋ ਰਿਹਾ। ਦੂਜਾ ਗੀਤ ਜੋ ਰਿਕਾਰਡ ਹੋਇਆ, ਉਹ ਸੀ ਜਨਾਬ ਸੁਰਿੰਦਰ ਸ਼ਿੰਦਾ ਜੀ ਦੀ ਅਵਾਜ਼ ਵਿਚ ਲੋਕ-ਤੱਥ 'ਨਮਕ ਹਰਾਮੀ ਬੰਦਾ ਮਾੜਾ, ਔਰਤ ਹੈ ਬਦਕਾਰ ਬੁਰੀ'। ਫਿਰ ਨਾਲ ਲੱਗਦਾ ਹੀ ਸੁਰਿੰਦਰ ਸ਼ਿੰਦਾ ਤੇ ਬੀਬਾ ਕੁਲਦੀਪ ਕੌਰ ਜੀ ਨੇ ਮੇਰਾ ਡਿਊਟ ਰਿਕਾਰਡ ਕਰਵਾਇਆ,' ਘੁੰਡ ਚੁੱਕ ਮਾਰ ਦੇ ਸਲੂਟ ਗੋਰੀਏ', ਜਿਹੜਾ ਕਿ ਉਨ੍ਹਾਂ ਨੂੰ ਬੁਲੰਦੀਆਂ ਉਤੇ ਲੈ ਗਿਆ।

? -ਹਾਕਮ ਜੀ, ਮੈਂ ਤੁਹਾਡੇ ਇਹ ਗੀਤ ਬਹੁਤ ਵਾਰ ਸੁਣੇ ਹਨ। ਸੱਚ ਪੁੱਛੋਂ ਤਾਂ 'ਰੰਗ ਪੁਰ ਰੰਗ ਲਾਉਣ ਵਾਲੀਏ' ਨੇ ਤਾਂ ਪਰਮਿੰਦਰ ਸੰਧੂ ਦੇ ਨਾਂਓ ਨੂੰ ਐਸੇ ਰੰਗ ਲਾਏ ਕਿ ਇਕ ਬਾਰ ਤਾਂ ਸੰਧੂ ਦੇ ਨਾਂਓ ਨੂੰ ਵਿਸ਼ਵ ਪੱਧਰ ਤੇ ਲੈ ਗਿਆ ਇਹ ਗੀਤ। ਇਸੇ ਤਰਾਂ 'ਜੱਟ ਦਾ ਜਮੀਨ ਬਿਨਾਂ, ਅਮਲੀ ਦਾ ਫੀਮ ਬਿਨਾ", ਲੰਘੇ ਨਾ ਲਲਾਰੀਆਂ ਦਾ ਰੰਗ ਤੋਂ ਬਿਨਾਂ, ਸਾਧ ਦਾ ਨਾ ਟਾਈਮ ਲੰਘੇ ਭੰਗ ਤੋਂ ਬਿਨਾਂ' ਤੁਹਾਡਾ ਲੋਕ-ਤੱਥ ਕੁਲਦੀਪ ਪਾਰਸ ਨੂੰ ਵਿਸ਼ਵ-ਪੱਧਰੀ ਗਾਇਕਾਂ ਦੇ ਨਕਸ਼ੇ ਵਿਚ ਦਰਜ ਕਰਵਾ ਗਿਆ। ਇਸ ਦੀ ਤਰਜ ਵੀ ਬੜੀ ਕਮਾਲ ਦੀ ਹੈ। ਕੀ ਤੁਹਾਡਾ ਵੀ ਇਸ ਵਿਚ ਲਿਖਣ ਤੋ ਸਿਵਾਏ ਹੋਰ ਯੋਗਦਾਨ ਸੀ?

- ਹਾਂ ਜੀ : ਇਹ ਲਿਖਿਆ ਵੀ ਮੇਰਾ ਸੀ ਅਤੇ ਤਰਜ ਵੀ ਮੇਰੀ ਹੀ ਬਣਾਈ ਹੋਈ ਸੀ।

? -ਹਾਕਮ ਜੀ ਬੰਦੇ ਦੀ ਉਮਰ ਦੇ ਵੱਖ-ਵੱਖ ਪੜਾਵਾਂ ਦੀ ਸੱ-ਚਾਈ ਬਿਆਨ ਕਰਦਾ ਤੁਹਾਡਾ ਇਕ ਹੋਰ ਲੋਕ-ਤੱਥ ਵੀ ਬੜਾ ਮਾਅਰਕੇ ਦਾ ਹੈ-

'ਇਹ ਗੱਲ ਪੱਥਰ ਤੇ ਹੈ ਲਕੀਰ ਬਈ,
ਜੇ ਵੀਹ ਸਾਲ ਤੱਕ ਬਣੇ ਨਾ ਸਰੀਰ ਬਈ
ਫਿਰ ਖਾ ਲਓ ਕਿੰਨੀ ਵੀ ਖੁਰਾਕ ਮਿੱਤਰੋ-



ਆਉਣੀ ਨਹੀ ਜਵਾਨੀ ਛੱਡੋ ਝਾਕ ਮਿੱਤਰੋ।'

ਹਾਕਮ ਜੀ, ਜਿੱਥੇ ਤੁਹਾਡੀ ਸ਼ਬਦਾਵਲੀ ਗੁੰਦਵੀ ਉਚ-ਪਾਏ ਦੀ ਅਤੇ ਸੱਭਿਆਚਾਰਕ ਹੁੰਦੀ ਹੈ, ਉਥੇ ਸ਼ਬਦਾਵਲੀ ਨੂੰ ਜੜਨ-ਪ੍ਰੋਣ ਦੀ ਹੋਰ ਵੀ ਬਾ-ਕਮਾਲ ਹੁੰਦੀ ਹੈ, ਤੁਹਾਡੀ ਕਲਾ। ਤੁਸੀਂ ਸ਼ਬਦਾਂ ਨਾਲ ਧੱਕਾ-ਜੋਰੀ ਨਹੀ ਕਰਦੇ ਕਦੀ ਵੀ। ਇਹ ਮਾਣ-ਮੱਤਾ ਮੁਕਾਮ ਹਾਸਲ ਕਰਨ ਲਈ ਕੀ ਕੋਈ ਗੁਰੂ ਵੀ ਧਾਰਿਆ?

-ਹਾਂ ਜੀ, ਲੁਧਿਆਣਵੀ ਜੀ, ਉਸਤਾਦਾਂ ਦੀਆਂ ਮਾਰਾਂ ਖਾਧੀਆਂ ਹਨ ਜੀ। ਸਿਆਣੇ ਕਹਿੰਦੇ ਹਨ, ਗੁਰੂ ਬਿਨਾਂ ਗਤ ਨਹੀ ਤੇ ਸ਼ਾਹ ਬਿਨਾਂ ਪਤ ਨਹੀ। ਮੈਂ ਵੀ, ਆਪਣੇ ਵੇਲੇ ਦੇ ਸੁਪਰੀਮ ਰਹਿ ਚੁੱਕੇ ਉਸਤਾਦ-ਗੀਤਕਾਰ ਤੇ ਗਾਇਕ ਮਾਨਯੋਗ ਸਾਜਨ ਰਾਏਕੋਟੀ ਜੀ ਨੂੰ ਆਪਣਾ ਉਸਤਾਦ ਧਾਰਿਆ ਸੀ। ਛੋਟਾ ਹੁੰਦਾ ਹੀ ਮੈਂ ਉਨ੍ਹਾਂ ਦੇ ਲੜ ਜਾ ਲੱਗਿਆ ਸੀ। ਉਨ੍ਹਾਂ ਦੇ ਘਰ ਵੱਡੇ-ਵੱਡੇ ਨਾਮੀ ਸ਼ਾਇਰ ਆਇਆ ਕਰਦੇ ਅਤੇ ਵੱਡੀਆਂ-ਵੱਡੀਆਂ ਮਹਿਫਲਾਂ ਸਜਿਆ ਕਰਦੀਆਂ ਸਨ। ਉਨ੍ਹਾਂ ਦੇ ਚਰਨਾਂ 'ਚ ਤਿੰਨ ਸਾਲ ਨਿੱਜੀ ਤੌਰ ਤੇ ਰਹਿ ਕੇ ਮੈਂ ਉਨ੍ਹਾਂ ਦੇ ਜੋੜੇ ਝਾੜਨ ਦੀ ਸੇਵਾ ਕੀਤੀ ਅਤੇ ਉਨ੍ਹਾਂ ਪਾਸੋਂ ਸ਼ਾਇਰੀ ਦੀਆਂ ਅਤੇ ਸਟੇਜਾਂ ਦੀਆਂ ਬਾਰੀਕੀਆਂ ਬਾਰੇ ਬਹੁਤ ਕੁਝ ਸਿੱਖਿਆ।

? - ਹਾਕਮ ਜੀ, ਤੁਹਾਡੇ ਲਿਖੇ ਗੀਤਾਂ ਨੂੰ ਹੋਰ ਕਿਸ-ਕਿਸ ਗਾਇਕ ਕਲਾਕਾਰ ਨੇ ਰਿਕਾਰਡ ਕਰਵਾਇਆ ਹੈ?

- ਲੁਧਿਆਣਵੀ ਜੀ, ਲਗਭਗ ਵਿਸ਼ਵ ਦੇ ਸਮੁੱਚੇ ਗਾਇਕਾਂ ਨੇ ਮੇਰੇ ਗੀਤਾਂ ਨੂੰ ਰਿਕਾਰਡ ਕਰਵਾਇਆ ਅਤੇ ਅਨਗਿਣਤ ਸਟੇਜਾਂ ਉਤੇ ਪੇਸ਼ਕਾਰੀ ਦੇਕੇ ਨਾਮਨਾ ਖੱਟਿਆ ਹੈ। ਪੰਜਾਬ ਦਾ ਸ਼ਾਇਦ ਹੀ ਕੋਈ ਐਸਾ ਚੰਗਾ ਗਾਇਕ-ਕਲਾਕਾਰ ਬਚਿਆ ਹੋਵੇ ਜਿਸ ਨੇ ਮੇਰੇ ਗੀਤਾਂ ਨੂੰ ਨਾ ਗਾਇਆ ਹੋਵੇ।

? -ਕਿੰਨੇ ਪੈਸੇ ਲੈਂਦੇ ਹੋ ਜੀ, ਇਕ ਗੀਤ ਦੇਣ ਦੇ?

- ਹੈਂ ! ਪੈਸੇ! ਤੋਬਾ ਤੋਬਾ ! ਲੁਧਿਆਣਵੀ ਜੀ, ਕੋਈ ਆਪਣੇ ਪੁੱਤਰਾਂ ਨੂੰ ਵੀ ਵੇਚਦਾ। ਸਾਨੂੰ ਤਾਂ ਸਿਰਫ ਲਿਖਣਾ ਤੇ ਗਾਉਣਾ ਹੀ ਆਉਦੈ : ਵੇਚਣਾ ਨਹੀ ਆਉਦੈ। ਐਸਾ ਵਪਾਰ ਕੋਈ ਵਪਾਰੀ ਹੀ ਕਰ ਸਕਦਾ, ਮੇਰੇ ਵਰਗਾ ਬੰਦਾ ਨਹੀ। ਅਸੀਂ ਤਾਂ ਭੋਲੇ-ਭਾਲੇ ਲੋਕ ਹਾਂ। ਅਸੀ ਤਾਂ ਸ਼ੁਰੂ ਤੋਂ ਪੰਜਾਬ ਦੇ ਸੱਭਿਆਚਾਰ ਦੀ ਸੇਵਾ ਵਿਚ ਹੀ ਹਾਜ਼ਰ ਰਹੇ ਹਾਂ ਤੇ ਸੇਵਾ ਵਿਚ ਹੀ ਰਹਿਣਾ ਹੈ। ਸੱਚ ਪੁੱਛੋਂ ਤਾਂ ਸੱਚ ਇਹ ਹੈ ਕਿ ਉਨੇ ਵਧੀਆ ਗੀਤ ਮੈਂ ਖੁਦ ਰਿਕਾਰਡ ਨਹੀ ਕਰਵਾਏ, ਜਿੰਨੇ ਵਧੀਆ ਗੀਤ ਮੈਂ ਦੂਜਿਆ ਨੂੰ ਦਿੱਤੇ ਹਨ, ਰਿਕਾਰਡ ਕਰਵਾਉਣ ਲਈ।

? -ਐਸਾ ਕਿਉਂ ਜੀ?

0-ਲੁਧਿਆਣਵੀ ਜੀ, ਜਦੋਂ ਕੋਈ ਬੰਦਾ ਸਾਡੇ ਕੋਲ ਆਸ ਰੱਖਕੇ ਆਉਂਦਾ ਹੈ ਤਾਂ ਉਸ ਨੂੰ ਖਾਲੀ ਨਹੀ ਮੋੜਿਆ ਜਾ ਸਕਦਾ। ਸਾਡੇ ਗੁਰੂਆਂ-ਪੀਰਾਂ ਨੇ ਸਾਨੂੰ ਸਮਝਾਇਆ ਹੈ ਐਸਾ।

? - ਹਾਕਮ ਜੀ, ਧਨ ਹੋ ਤੁਸੀਂ ਤੇ ਧਨ ਹੈ ਤੁਹਾਡੀ ਸੋਚ। ਬਿਲਕੁਲ ਇਹੋ ਸੋਚ ਦੇ ਧਾਰਨੀ ਹਨ, ਸੁਪ੍ਰਸਿੱਧ ਗੀਤਕਾਰ ਲਾਲ ਸਿੰਘ ਲਾਲੀ ਜੀ ਅਤੇ ਸੁਪ੍ਰਸਿੱਧ ਗੀਤਕਾਰ ਜਿੰਦ ਸਵਾੜਾ ਜੀ। ਉਨ੍ਹਾਂ ਦੋਵਾਂ ਨਾਲ ਵੀ ਅਕਸਰ ਮੇਰੀ ਕਈ ਬਾਰ ਮੁਲਾਕਾਤ ਹੋ ਚੁੱਕੀ ਹੈ। ਪੰਜਾਬੀ ਮਾਂ-ਬੋਲੀ ਦੇ ਇਹ ਦੋਨੋ ਸਪੂਤ ਵੀ ਕਦੀ ਪੈਸਾ ਨਹੀ ਲੈਂਦੇ ਗੀਤ ਦਾ : ਬਲਕਿ ਗੀਤ ਲੈਣ ਆਏ ਗਾਇਕ ਦਾ ਉਚੇਚਾ ਆਦਰ-ਸਤਿਕਾਰ ਤੇ ਦਿਲੀ ਮਾਣ ਕਰਦੇ ਹਨ। ਹਾਕਮ ਜੀ, ਜਿਵੇ ਤੁਹਾਡੇ ਲਿਖੇ ਗੀਤ ਹੋਰ ਗਾਇਕ ਕਲਾਕਾਰ ਰਿਕਾਰਡ ਕਰਵਾਉਣ ਲਈ ਲੈਂਦੇ ਹਨ, ਕੀ ਉਸੇ ਤਰਾਂ ਤੁਸੀਂ ਵੀ ਕਿਸੇ ਹੋਰ ਗੀਤਕਾਰ ਦੇ ਲਿਖੇ ਗੀਤ ਗਾਏ ਹਨ ਕਦੀ?

- ਹਾਂ ਜੀ। ਕਿਉਂ ਨਹੀ ਜੀ। ਸਭ ਤੋਂ ਪਹਿਲੇ ਤਾਂ ਲਾਲ ਸਿੰਘ ਲਾਲੀ ਜੀ ਹੀ ਲੈ ਲਓ। ਮੈਂ ਇਨ੍ਹਾਂ ਦੇ ਗੀਤ ਰਿਕਾਰਡ ਕਰਵਾਏ ਹਨ, ਜੋ ਜਲਦੀ ਹੀ ਮਾਰਕੀਟ ਵਿਚ ਆ ਰਹੇ ਹਨ। ਇਨ੍ਹਾਂ ਦੀ ਕਲਮ ਨੂੰ ਮੈਂ ਦਿਲ ਤੋਂ ਸਲਾਮ ਕਰਦਾ ਹਾਂ। ਮੈਂ ਖੁਦ ਗੀਤਕਾਰ ਹੁੰਦਾ ਹੋਇਆਂ ਤਿੰਨ ਸੌ ਤੋ ਵੱਧ ਗੀਤਕਾਰਾਂ ਦੇ ਲਿਖੇ ਗੀਤ ਗਾ ਚੁੱਕਾ ਹਾਂ।

? -ਬਾਈ ਜੀ, ਤੁਸੀਂ ਇਕ ਰਚਨਾ ਲਿਖਣ ਨੂੰ ਕਿੰਨੇ ਦਿਨ ਲਾਉਂਦੇ ਹੋ?

-ਦਿਨ ਨਹੀ ਜੀ। ਟਾਈਮ ਕੁਝ ਨਹੀ ਲੱਗਦਾ ਜੀ, ਜਦੋਂ ਸ਼ਾਇਰੀ ਉਤਰਦੀ ਹੈ ਤਾਂ ਬਸ ਪੰਜ ਦਸ ਮਿੰਟ 'ਚ ਹੀ ਰਚਨਾ ਲਿਖ ਲੈਂਦਾ ਹਾਂ।

? - ਹਾਕਮ ਜੀ, ਤੁਸੀ ਜ਼ਿੰਦਗੀ ਵਿਚ ਦੋ-ਗਾਣੇ, ਕਲੀਆਂ , ਲੋਕ-ਤੱਥ ਅਤੇ ਸੋਲੋ ਗੀਤ ਆਦਿ ਬਹੁਤ ਕੁਝ ਲਿਖਿਆ ਅਤੇ ਗਾਇਆ ਹੈ : ਕੀ ਤੁਸੀ ਦੱ-ਸੋਗੇ ਕਿ ਕਲੀ ਤੇ ਗੀਤ ਵਿਚ ਕੀ ਅੰਤਰ ਹੈ?

-ਲੁਧਿਆਣਵੀ ਜੀ, ਕਲੀ ਸ਼ੁਰੂ ਤੋ ਅਖੀਰ ਤੱਕ ਇਕੋ ਹੀ ਬਹਿਰ ਵਿਚ ਜਾਂਦੀ ਹੈ। ਇਸਦਾ ਅੰਤਰਾ ਤੇ ਸਥਾਈ ਨਹੀ ਹੁੰਦੀ। ਜਦ ਕਿ ਗੀਤ ਵਿਚ ਪਹਿਲੇ ਸਥਾਈ ਅਤੇ ਫਿਰ ਅੰਤਰਾ ਹੁੰਦਾ ਹੈ। ਗੀਤ ਚਾਰ ਤੋਂ ਛੇ ਅੰਤਰਿਆਂ ਵਾਲਾ ਹੁੰਦਾ ਹੈ।

?- ਹਾਕਮ ਜੀ, ਮੈਂ ਦੇਖਿਆ ਕਿ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੀਆਂ ਚਾਰ ਕੁ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਤਾਂ ਤੁਹਾਡੀ ਭਰਵੀਂ ਹਾਜ਼ਰੀ ਲੱਗੀ ਹੈ, ਪਰ ਕੀ ਤੁਸੀਂ ਆਪਣੀ ਕੋਈ ਮੌਲਿਕ ਕਿਤਾਬ ਪ੍ਰਕਾਸ਼ਿਤ ਕਰਵਾਉਣ ਦਾ ਵੀ ਉਪਰਾਲਾ ਕੀਤਾ?

-ਹਾਂ ਜੀ। ਮੈ ਦੋ ਪੁਸਤਕਾਂ ਪਹਿਲੇ ਅਤੇ ਦੋ ਪੁਸਤਕਾਂ 'ਰੰਗਪੁਰ ਰੰਗ ਲਾਉਣ ਵਾਲੀਏ' ਅਤੇ 'ਝੂਲਦੇ ਤਿਰੰਗੇ ਵਾਸਤੇ' ਹੁਣੇ-ਹੁਣ ਛਪਵਾਈਆਂ ਹਨ, ਆਪਣੇ ਗੀਤਾਂ ਦੀਆਂ। ਇਸ ਤੋਂ ਇਲਾਵਾ ਤਿੰਨ ਪੁਸਤਕਾਂ ਹੋਰ ਪ੍ਰੈਸ ਦੀ ਗਰਭ ਵਿਚ ਛਪਾਈ ਅਧੀਨ ਹਨ ਜੀ ।

? - ਕੀ ਤੁਹਾਡੀਆਂ ਇਨ੍ਹਾਂ ਪੁਸਤਕਾਂ ਵਿਚੋਂ ਵੀ ਕੋਈ ਕਲਾਕਾਰ ਰਿਕਾਰਡ ਕਰਵਾ ਸਕਦਾ ਹੈ ਗੀਤ?

-ਹਾਂ ਜੀ। ਕਿਉਂ ਨਹੀ ਜੀ। ਮੇਰੀ ਖੁਸ਼ਕਿਸਮਤੀ ਹੋਵੇਗੀ ਜੇਕਰ ਕੋਈ ਕਲਾਕਾਰ-ਸਾਥੀ ਮੇਰੀਆਂ ਇਨ੍ਹਾਂ ਪੁਸਤਕਾਂ ਵਿਚੋਂ ਗੀਤ ਰਿਕਾਰਡ ਕਰਵਾਏਗਾ।

? -ਕਿੰਨੇ ਕੁ ਕਲੀਆਂ, ਲੋਕ-ਤੱਥ, ਸੋਲੋ ਗੀਤ ਤੇ ਦੋ-ਗਾਣੇ ਲਿਖ ਚੁੱਕੇ ਹੋ ਹੁਣ ਤੱਕ ਹਾਕਮ ਜੀ?

-ਅਨਗਿਣਤ ਕਲੀਆਂ, ਲੋਕ-ਤੱਥ, ਸੋਲੋ ਗੀਤ ਤੇ ਦੋ-ਗਾਣੇ ਲਿਖ ਚੁੱਕਾ ਹਾਂ ਜੀ। ਲੁਧਿਆਣਵੀ ਜੀ, ਸੱਚ ਪੁੱਛੋਂ ਤਾਂ ਮੇਰੀ 95% ਸ਼ਾਇਰੀ ਤਾਂ ਅਜੇ ਕਾਪੀਆਂ ਵਿਚ ਬੰਦ ਹੀ ਪਈ ਹੈ।

? - ਹਾਕਮ ਜੀ, ਇਸ ਗੱਲ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਜੇਕਰ ਤੁਹਾਡੀ ਪਛਾਣ ਅਸਲ ਵਿਚ ਅੰਬਰਾਂ ਤੱਕ ਪਹੁੰਚਾਈ ਹੈ ਤਾਂ ਉਹ ਤੁਹਾਡੀ ਗਾਇਕੀ ਨੇ ਜਿਆਦਾ ਪਹੁੰਚਾਈ ਹੈ। ਭਾਵ, ਜਿੱਥੇ ਹਾਕਮ ਬਖਤੜੀ ਵਾਲਾ, ਉਥੇ ਬੀਬਾ ਦਲਜੀਤ ਕੌਰ ਅਤੇ ਜਿਥੇ ਬੀਬਾ ਦਲਜੀਤ ਕੌਰ, ਉਥੇ ਹਾਕਮ ਬਖਤੜੀ ਵਾਲਾ। ਤੁਹਾਡਾ ਕੀ ਵਿਚਾਰ ਹੈ ਜੀ, ਇਸ ਬਾਰੇ?



ਪ੍ਰੀਤਮ ਲੁਧਿਆਣਵੀ
9876428641

-ਬਿਲਕੁਲ ਸੱਚ ਕਹਿ ਰਹੇ ਹੋ ਤੁਸੀ ਲੁਧਿਆਣਵੀ ਜੀ। ਬੀਬਾ ਦਲਜੀਤ ਕੌਰ ਬਗੈਰ ਮੇਰੀ ਗਾਇਕੀ ਅਧੂਰੀ-ਅਧੂਰੀ ਜਿਹੀ ਲੱਗਦੀ ਹੈ। ਹੋਰ ਵੀ ਸੱਚ ਇਹ ਹੈ ਕਿ ਲੋਕ ਇਹੀ ਸਮਝਦੇ ਰਹੇ ਕਿ ਮੈਂ ਸਿਰਫ ਗਾਇਕ ਹੀ ਹਾਂ : ਜਦ ਕਿ 42 ਸਾਲਾਂ ਤੋਂ ਲਗਾਤਾਰ ਲਿਖਣ ਦੀ ਸੇਵਾ ਕਰਦਾ ਆ ਰਿਹਾ ਹਾਂ ਅਤੇ ਕਾਫੀ ਕੁਝ ਵਧੀਆ ਲਿਖਣ ਦੀ ਕੀਤੀ ਕੋਸ਼ਿਸ਼ ਪੂਰਨ ਸਫਲ ਵੀ ਰਹੀ ਹੈ, ਮੇਰੀ।

? - ਬਾਈ ਜੀ ਮੈਂ ਆਮ ਤੌਰ ਤੇ ਨੋਟ ਕੀਤਾ ਕਿ ਦੋ-ਗਾਣਾ ਗਾਇਕੀ ਨੂੰ ਸੁਣਨ ਤੋਂ ਬਹੁਤੇ ਲੋਕ ਨੱਕ ਚੜ੍ਹਾਉਂਦੇ ਹਨ। ਕੀ ਤੁਹਾਨੂੰ ਕਦੀ ਸਮੱਸਿਆ ਨਹੀ ਆਈ ਦੋ-ਗਾਣਿਆਂ ਦੀ ਪੇਸ਼ਕਾਰੀ ਵਿਚ?

-ਤੁਸੀਂ ਬਿਲਕੁਲ ਦਰੁਸਤ ਕਹਿ ਰਹੇ ਹੋ, ਲੁਧਿਆਣਵੀ ਜੀ। ਸ਼ੁਰੂ-ਸ਼ੁਰੂ ਵਿਚ ਅਸੀਂ ਦੇਖਿਆ ਕਿ ਦੂਰਦਰਸ਼ਨ ਤੇ ਵੀ ਦੋ-ਗਾਣਾ ਗਾਇਕੀ ਨੂੰ ਬੜੇ ਅਛੂਤ ਜਿਹੇ ਢੰਗ ਨਾਲ ਦੇਖਿਆ ਜਾਂਦਾ ਸੀ। ਨੇੜੇ ਨਹੀ ਸੀ ਲੱਗਣ ਦੇ ਰਹੇ ਦੋ-ਗਾਣਾ ਜੋੜੀ ਨੂੰ। ਕਹਿਣਾ ਦੋ-ਗਾਣਾ ਨਹੀ ਗਾ ਸਕਦੇ।

ਅਸੀਂ 'ਰੰਗਪੁਰ ਰੰਗ ਲਾਉਣ ਵਾਲੀਏ' ਨੂੰ ਬਾਅਦ ਵਿਚ 'ਚੰਗਾ ਮੁੱਲ ਪਾਇਆ ਸਾਡਾ ਹੀਰੀਏ, ਮੱਝੀਆਂ ਚੁਰਾਕੇ ਬਾਰਾਂ ਸਾਲ ਨੀ' ਡਿਊਟ ਬਣਾਕੇ ਪੇਸ਼ ਕੀਤਾ, ਤਾਂ ਅਸੀਂ ਦੂਰ-ਦਰਸ਼ਨ ਤੇ ਪੇਸ਼ਕਾਰੀ ਦੇਣ 'ਚ ਨਾ-ਸਿਰਫ ਕਾਮਯਾਬ ਹੀ ਹੋਏ, ਬਲਕਿ ਸਾਨੂੰ ਦਰਸ਼ਕਾਂ-ਸਰੋਤਿਆਂ ਵਲੋਂ ਭਰਵਾਂ ਪਿਆਰ-ਸਤਿਕਾਰ ਮਿਲਿਆ। ਲੁਧਿਆਣਵੀ ਜੀ, ਮੈਂ ਨਹੀਂ ਕਹਿੰਦਾ, ਕਲਾ-ਪ੍ਰੇਮੀਆਂ ਦੀ ਦੁਨੀਆਂ ਕਹਿੰਦੀ ਹੈ ਕਿ ਦੂਰ-ਦਰਸ਼ਨ ਤੇ ਇਹ ਦੋ-ਗਾਣਾ ਅਮਰ ਹੋ ਗਿਆ ਸਾਡਾ।

? -ਜਦ ਸਰੋਤਿਆਂ ਦਾ ਝੁਕਾਅ ਹੀ ਦੋ-ਗਾਣਿਆਂ ਦੇ ਉਲਟ ਸੀ ਤਾਂ ਤੁਹਾਡੀ ਸਫਲਤਾ ਦਾ ਕੀ ਰਾਜ ਸੀ, ਹਾਕਮ ਜੀ?

-ਲੁਧਿਆਣਵੀ ਜੀ, ਸਾਡੀ ਗੱਲ ਬੜੀ ਸਾਫ-ਸੁਥਰੀ ਸੀ, ਧੀਆਂ-ਭੈਣਾਂ ਨਾਲ ਪਰਿਵਾਰ ਵਿਚ ਬਹਿ ਕੇ ਸੁਣਨ ਵਾਲੀ । ਸਾਡਾ ਕੋਈ ਵੀ ਦੋ-ਗਾਣਾ ਦੂਹਰੇ ਅਰਥ ਨਹੀ ਕੱਢ ਰਿਹਾ ਹੁੰਦਾ। ਸਮਾਜ ਲਈ ਉਸ ਦਾ ਕੋਈ ਸੰਦੇਸ਼ ਹੁੰਦੈ। ਇਹੀ ਕਾਰਨ ਹੈ ਕਿ ਉਸ ਤੋਂ ਬਾਅਦ ਸਾਡੇ ਦੋ-ਗਾਣਿਆਂ ਦੀ ਚੱਲ-ਸੋ-ਚੱਲ ਹੀ ਰਹੀ, ਅੱਜ ਤਕ।

? - ਕਿੰਨੇ ਕੁ ਗੀਤ ਕਲਚਰ ਦੀ ਝੋਲੀ ਪਾ ਚੁੱਕੇ ਹੋ, ਹੁਣ ਤੱਕ ਤੁਸੀਂ?

-3 ਤਵੇ, 100 ਤੋਂ ਵੱਧ ਕੈਸਿਟਾਂ ਅਤੇ ਅਨਗਿਣਤ ਸੀ-ਡੀਜ ਦੁਆਰਾ ਹਜਾਰਾਂ ਗੀਤ ਕਲਚਰ ਦੀ ਝੋਲੀ ਪਾ ਚੁੱਕੇ ਹਾਂ।

? -ਧਾਰਮਿਕ ਗੀਤ ਕਿੰਨੇ ਕੁ ਰਿਕਾਰਡ ਕਰਵਾਏ ਹਨ, ਹਾਕਮ ਜੀ?

- ਸੱਚ ਪੁੱਛੋ ਤਾਂ ਸੱਚ ਇਹ ਹੈ ਕਿ ਧਾਰਮਿਕ ਗੀਤ ਲਿਖੇ ਤਾਂ ਕਾਫੀ ਹਨ, ਪਰ ਧਾਰਮਿਕ ਗੀਤ ਇੱਕ ਹੀ ਰਿਕਾਰਡ ਹੋਇਆ ਹੈ, ਮੇਰਾ ਅਜੇ ਤਕ। ਹੁਣ ਮੇਰੀ ਤਮੰਨਾ ਹੈ ਕਿ ਧਾਰਮਿਕ ਰਿਕਾਰਡਿੰਗ ਵੀ ਹੁਣ ਜਲਦੀ ਹੀ ਕਰਵਾਵਾਂ।

? -ਹਾਕਮ ਜੀ, ਕਿਸ-ਕਿਸ ਦੇਸ਼ ਦੀ ਯਾਤਰਾ ਕਰ ਚੁੱਕੇ ਹੋ, ਗਾਇਕੀ ਦੇ ਸਿਰ ਤੇ?

-ਲੁਧਿਆਣਵੀ ਜੀ, ਮਾਲਕ ਦੀ ਕਿਰਪਾ ਸਦਕਾ ਵਿਸ਼ਵ ਦਾ ਕੋਈ ਵੀ ਕੋਨਾ ਨਹੀ ਰਿਹਾ ਹੋਣੈ ਜਿੱਥੇ ਸਟੇਜੀ ਪ੍ਰੋਗਰਾਮ ਕਰਨ ਦੀ ਸੇਵਾ ਦਾ ਮੌਕਾ ਨਾ ਮਿਲਿਆ ਹੋਵੇ।

? -ਕੀ ਤੁਹਾਡਾ ਕੋਈ ਬੱਚਾ ਵੀ ਤੁਹਾਡੇ ਕਦਮਾਂ ਉਤੇ ਚੱਲਦਿਆਂ ਗੀਤ-ਸੰਗੀਤ ਦੀ ਦੁਨੀਆਂ ਵਿਚ ਆਇਆ?

0-ਹਾਂ ਜੀ। ਮੇਰਾ ਬੇਟਾ ਅਤੇ ਮੇਰੀਆਂ ਦੋ ਬੇਟੀਆਂ ਫਿਲਮੀ ਦੁਨੀਆਂ ਵਿਚ ਵਧੀਆ ਕੰਮ ਕਰ ਰਹੇ ਹਨ, ਜਿਸਦੀ ਮੈਨੂੰ ਬੇਹੱਦ ਖੁਸ਼ੀ ਵੀ ਹੈ।

ਸਮਾਪਤੀ ਵੱਲ ਜਾਂਦਿਆਂ ਹਾਕਮ ਜੀ ਦੀ ਪੁਸਤਕ 'ਰੰਗਪੁਰ ਰੰਗ ਲਾਉਣ ਵਾਲੀਏ' ਵਿਚ ਸ੍ਰ. ਲਾਲ ਸਿੰਘ ਲਾਲੀ ਵਲੋਂ ਲਿਖੇ ਸ਼ਬਦਾਂ ਦਾ ਮੈਂ ਇੱਥੇ ਜਿਕਰ ਕਰਨ ਦੀ ਪ੍ਰਸੰਨਤਾ ਲੈ ਰਿਹਾ ਹਾਂ, ਜੋ ਉਨ੍ਹਾ ਲਿਖਿਆ ਹੈ, "ਉਸਤਾਦ ਦੇ ਚੰਡੇ ਇਸ ਪਾਕਿ ਰੂਹ ਹਾਕਮ ਦੇ ਲਿਖੇ ਅਤੇ ਗਾਏ ਗੀਤ ਮੈਂ ਸੁਣੇ ਅਤੇ ਪੜ੍ਹੇ ਹਨ, ਉਨ੍ਹਾਂ ਵੱਲ ਕੋਈ ਚੀਚੀ ਉਂਗਲੀ ਵੀ ਨਹੀ ਕਰ ਸਕਦਾ।

ਹਾਕਮ ਜਿਸ ਵੀ ਵਿਸ਼ੇ ਵਿਚ ਲਿਖਦਾ ਜਾਂ ਗਾਉਦਾ ਹੈ, ਉਸ ਤੇ ਉਹ ਖਰਾ ਉਤਰਦਾ ਅਤੇ ਵਿਸ਼ੇ ਨਾਲ ਪੂਰਾ ਇਨਸਾਫ ਵੀ ਕਰਦਾ ਹੈ। ਉਸ ਦੇ ਗੀਤਾਂ ਵਿਚ ਰੂਹਾਨੀਅਤ ਅਤੇ ਸੱਭਿਆਚਾਰ ਦੀ ਝਲਕ ਸਾਫ ਨਜ਼ਰ ਆਉਦੀ ਹੈ।"

ਅੰਤ ਵਿਚ ਇਸ ਦਰਵੇਸ਼ ਗੀਤਕਾਰ ਤੇ ਗਾਇਕ ਹਾਕਮ ਬਖਤੜੀ ਵਾਲਾ ਜੀ ਦੀ ਕਲਮ ਅਤੇ ਅਵਾਜ ਨੂੰ ਕੋਟਿ-ਕੋਟਿ ਸਲਾਮ ਕਰਦਿਆਂ ਇਹੀ ਦੁਆ ਕਰਾਂਗਾ ਕਿ ਰੱਬ ਕਰੇ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਣਾਲੀ ਇਸ ਰੂਹ ਦੀ ਉਮਰ ਯੁੱਗਾਂ ਦੇ ਹਾਣ ਦੀ ਹੋਵੇ ਤਾਂ ਕਿ ਉਨ੍ਹਾਂ ਵਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਇਵੇਂ ਹੀ ਲਗਾਤਾਰ ਬੁਲੰਦ ਕਰਦਿਆਂ ਉਨ੍ਹਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਮਾਣ ਸਕੀਏ! ਆਮੀਨ!

ਸੰਪਰਕ:
**ਹਾਕਮ ਬਖਤੜੀ ਵਾਲਾ-ਬੀਬਾ ਦਲਜੀਤ ਕੌਰ**
**(9878010582)**




## Thinking of Buying or Selling Houses or Businesses within Sacramento to Bay Area?

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**



2 bdrm, 2.0 full bath
1,116 sq ft
Lot size: 436
Year built 1984
Current Rent: $1450.00
Listing Price: $149,000



3 bdrm, 1.0 full bath
1,000 sq ft
Lot size: 5,998
Year built: 1984
Listing Price: $259,000



4 bdrm, 2.0 full bath
1,596 sq ft
Lot size: 6,098
Year built: 1973
Listing Price: $309,000



3-4 bdrm, 2.0 full bath
1,492 sq ft
Lot size: 6,469
Year built: 1984
Listing Price: $319,000



5 bdrm, 2.5 full bath
2,504 sq ft
Lot size: 6,574
Year built: 2003
Listing Price: $419,000



Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




BERKSHIRE HATHAWAY
Home Services

76 · Comfort Inn & Suites · ARCO ampm · Hampton Inn & Suites by HILTON · Holiday Inn Express & Suites · Chevron · Mobil · COURTYARD Marriott · SHELL

## Buying or Selling Hotels and Gas Stations? Call Now- 916-271-5404

## SEE 100% OF THE AVAILABLE HOME LISTINGS RIGHT ON YOUR PHONE!

Home Scouting MLS
A Real Estate Service of Home Buyers Marketing II, Inc
App Store · Google play

1.Go to your App Store 2.Search for "Home Scouting"
3.Download the app 4.ENTER YOUR VIP CODE

**VIP CODE: 9162715404**

## OFFICE: 7412 ELSIE AVE., SACRAMENTO, CA 95828

ਦੇਸ਼-ਵਿਦੇਸ਼ ਵਿਚ
ਵੱਸਦੀ ਸਮੁੱਚੀ ਸਿੱਖ
ਕੌਮ ਨੂੰ ਮੀਰੀ ਪੀਰੀ
ਦਿਵਸ ਦੀਆਂ
ਲੱਖ-ਲੱਖ ਵਧਾਈਆਂ




# TANDOOR
## Indian Restaurant

**27167 Mission Blvd. Hayward, CA 95544**






We are open
seven days
11 AM to 10 PM

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ,
ਹਫਤੇ ਦੇ 7 ਦਿਨ
ਉਪਲਬੱਧ

BUFFET LUNCH 11:00 AM To 3:00 PM

Contact Us:

Ph. 510-885-1212
Fax. 510-885-1532



ਸੁਰਿੰਦਰ ਕੋਕਾ

# ਕੌਮੀ ਯੋਧਿਆਂ ਦੇ ਪਰਿਵਾਰਾਂ ਨੂੰ ਕੈਨੇਡਾ ਦੀਆਂ ਸਮਾਜਿਕ ਸੰਸਥਾਵਾਂ ਵਲੋਂ ਨਗਦੀ ਭੇਂਟ



**ਸ਼ਾਮਚੁਰਾਸੀ (ਚੁੰਬਰ)-** ਕੌਮੀ ਯੋਧਿਆਂ ਦੇ ਪਰਿਵਾਰਾਂ ਨੂੰ ਸਮਾਜ ਦੀ ਅਤੇ ਸੰਵਿਧਾਨ ਦੀ ਆਨ ਬਾਨ ਸ਼ਾਨ ਨੂੰ ਉੱਚਾ ਰੱਖਣ ਲਈ ਦਿੱਤੀ ਗਈ ਕੁਰਬਾਨੀ ਬਦਲੇ ਫਗਵਾੜਾ ਗੋਲੀ ਕਾਂਡ ਵਿਚ ਕੌਮ ਦੇ ਸ਼ਹੀਦ ਹੋਏ ਯੋਧੇ ਜਸਵੰਤ ਬੌਬੀ ਦੇ ਪਰਿਵਾਰ ਨੂੰ ਕੈਨੇਡਾ ਦੀਆਂ ਧਾਰਮਿਕ ਸੰਸਥਾਵਾਂ ਵਲੋਂ ਆਰਥਿਕ ਸਹਾਇਤਾ ਕਰਦਿਆਂ ਨਗਦ ਰਾਸ਼ੀ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸ਼੍ਰੀ ਰਸ਼ਪਾਲ ਰਾਜੂ ਅਤੇ ਉਨ੍ਹਾਂ ਦੀ ਟੀਮ ਵਲੋਂ ਫਗਵਾੜਾ ਦੇ ਰੈਸਟ ਹਾਊਸ ਵਿਚ ਇਕ ਸੰਖੇਪ ਪ੍ਰੋਗਰਾਮ ਦੌਰਾਨ ਭੇਂਟ ਕੀਤੀ ਗਈ। ਇਸ ਮੌਕੇ ਜਖਮੀਂ ਹੋਏ ਕੁਲਵਿੰਦਰ ਭੁੱਲਾਰਾਈ ਅਤੇ ਹੋਰ ਸਾਥੀਆਂ ਨੂੰ ਵੀ ਆਰਥਿਕ ਸਹਾਇਤਾ ਕੀਤੀ ਗਈ। ਸ਼੍ਰੀ ਰਸ਼ਪਾਲ ਰਾਜੂ ਨੇ ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਅਤੇ ਏਸਸ ਕੈਨੇਡਾ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ 51 ਹਜ਼ਾਰ ਦੀ ਰਾਸ਼ੀ ਉਕਤ ਪਰਿਵਾਰਾਂ ਨੂੰ ਭੇਜੀ। ਇਸ ਮੌਕੇ ਸਭਾ ਦੇ ਬੁਲਾਰਿਆਂ ਨੇ ਕੈਨੇਡਾ ਦੇ ਵਿਸ਼ੇਸ਼ ਸਹਿਯੋਗੀ ਪ੍ਰਧਾਨ ਬਿੱਲ ਬਸਰਾ, ਪਰਮ ਕੈਂਥ, ਸੁਰਜੀਤ ਬੈਂਸ, ਜੈ ਵਿਰਦੀ, ਕਮਲੇਸ਼ ਅਹੀਰ, ਚੰਚਲ ਮੱਲ, ਹਰਜਿੰਦਰ ਮੱਲ, ਧਰਮਵੀਰ ਬੰਗੜ, ਬਰਜਿੰਦਰ ਭੱਟੀ, ਧਰਮਿੰਦਰ ਅੱਪਰਾ, ਕੁਲਵਿੰਦਰ ਰੱਤੂ, ਬਿੱਟੂ ਭਰੋਮਜਾਰਾ, ਸੁਰਿੰਦਰ ਰੰਗਾ, ਵਰਿੰਦਰ ਬੰਗੜ, ਪਰਮਿੰਦਰ ਚੋਪੜਾ, ਅਜੇ ਗਾਹਟ ਸਮੇਤ ਕਈ ਹੋਰ ਸਾਥੀਆਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਜੋਨ ਇੰਚਾਰਜ ਪ੍ਰਵੀਨ ਬੰਗਾ, ਐਡਵੋਕੇਟ ਕੁਲਦੀਪ ਭੱਟੀ, ਵਿਧਾਨ ਸਭਾ ਪ੍ਰਧਾਨ ਚਿਰੰਜੀ ਲਾਲ, ਹਰਭਜਨ ਸੁੰਮਨ, ਸੁਰਿੰਦਰ ਢੰਡਾ, ਸੋਨੂੰ ਬੰਗਾ, ਮਿਸ਼ਨਰੀ ਗਾਇਕ ਰਾਜ ਦਦਰਾਲ, ਕੁਲਦੀਪ ਚੁੰਬਰ, ਗਾਇਕ ਵਿੱਕੀ ਮੋਰਾਂਵਾਲੀਆ, ਦੀਪਕ ਰਸੂਲਪੁਰੀ, ਮਨਪ੍ਰੀਤ ਦਦਰਾਲ, ਮੱਖਣ ਬਖਲੌਰ, ਲੇਖ ਰਾਜ ਸਮੇਤ ਕਈ ਹੋਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

# ਮਿਸ਼ਨਰੀ ਗਾਇਕ ਕਮਲ ਤੱਲਣ ਦਾ ਪੋਸਟਰ ਰਿਲੀਜ਼



**ਸ਼ਾਮਚੁਰਾਸੀ (ਚੁੰਬਰ)-** ਬਹੁਜਨ ਸਮਾਜ ਪਾਰਟੀ ਦੇ ਮੁੱਖ ਦਫ਼ਤਰ ਜਲੰਧਰ ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਮਿਸ਼ਨਰੀ ਗਾਇਕ ਕਮਲ ਤੱਲਣ ਦੇ ਮਿਸ਼ਨਰੀ ਗੀਤ ਮਸੀਹਾ ਦਾ ਸੀ ਡੀ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਰਿਲੀਜ਼ਿੰਗ ਰਸਮ ਨੂੰ ਡਾ. ਮੇਘ ਰਾਜ ਇੰਚਾਰਜ ਬਹੁਜਨ ਸਮਾਜ ਪਾਰਟੀ, ਪੰਜਾਬ ਪ੍ਰਧਾਨ ਪ੍ਰਧਾਨ ਰਸ਼ਪਾਲ ਰਾਜੂ ਬਹੁਜਨ ਸਮਾਜ ਪਾਰਟੀ, ਇੰਚਾਰਜ ਰਣਜੀਤ ਬੈਨੀਪਾਨ, ਜੋਨ ਇੰਚਾਰਜ ਪ੍ਰਵੀਨ ਬੰਗਾ, ਗਾਇਕ ਬਲਵਿੰਦਰ ਬਿੱਟੂ ਅਤੇ ਹੋਰ ਮਿਸ਼ਨਰੀ ਸਾਥੀਆਂ ਵਲੋਂ ਨਿਭਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਗਾਇਕ ਕਮਲ ਤੱਲਣ ਨੇ ਦੱਸਿਆ ਕਿ ਇਸ 'ਮਸੀਹਾ' ਟਰੈਕ ਨੂੰ ਕਿੰਗ ਸਟਾਰ ਕੰਪਨੀ ਦੇ ਪ੍ਰੋਡਿਊਸਰ ਨਰਿੰਦਰ ਖੇੜਾ ਨੇ ਲਾਂਚ ਕੀਤਾ ਹੈ। ਸਾਰੇ ਹੀ ਬਸਪਾ ਆਗੂਆਂ ਨੇ ਇਸ ਟਰੈਕ ਦੇ ਰਿਲੀਜ਼ ਹੋਣ ਤੇ ਗਾਇਕ ਕਮਲ ਤੱਲਣ ਨੂੰ ਮੁਬਾਰਕਬਾਦ ਦਿੱਤੀ।

# ਆਧੁਨਿਕ ਟੇਲਰ ਕੈਲੇ ਦਾ ਇੰਗਲੈਂਡ ਵਿਚ ਹੋਇਆ ਵਿਸ਼ੇਸ਼ ਸਨਮਾਨ



**ਸ਼ਾਮਚੁਰਾਸੀ (ਚੁੰਬਰ)-** ਕਿਸੇ ਵੀ ਖੇਤਰ ਵਿਚ ਇਨਸਾਨ ਜੇਕਰ ਕੋਈ ਵਿਲੱਖਣ ਕਲਾ ਦਾ ਮਾਹਿਰ ਹੋਵੇ ਤਾਂ ਫਿਰ ਸਮਝੋ ਦੁਨੀਆਂ ਉਸ ਦੀ ਮੁੱਠੀ ਵਿਚ ਹੈ। ਕੁਝ ਅਜਿਹਾ ਹੀ ਕਰਕੇ ਵਿਖਾਉਣ ਵਾਲਾ ਪੰਜਾਬ ਦੇ ਫਿਲੌਰ ਇਲਾਕੇ ਦੇ ਪਿੰਡ ਚੱਕ ਥੋਥੜ ਦਾ ਆਧੁਨਿਕ ਟੇਲਰ ਹੈ ' ਪਵਨ ਕੁਮਾਰ ਕੈਲੇ'। ਜਿਸ ਨੇ ਆਪਣੀ ਵਿਸ਼ੇਸ਼ ਕਲਾਕਾਰੀ ਨਾਲ ਦੁਨੀਆਂ ਤੇ ਆਪਣੀ ਮਕਬੂਲੀਅਤ ਦਾ ਝੰਡਾ ਗੱਡ ਦਿੱਤਾ ਹੈ। ਅੱਜਕਲ ਕੈਲੇ ਇੰਗਲੈਂਡ ਦੌਰੇ ਤੇ ਹੈ, ਜਿੱਥੇ ਉਸ ਨੂੰ ਪਹਿਲਾਂ ਭਾਰਤੀ ਹਾਈ ਕਮਿਸ਼ਨ ਦੇ ਕੌਂਸਲਰ ਗਿਆਨ ਚੰਦ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। 9800 ਵਾਰ ਪਾਈਆਂ ਜਾਣ ਵਾਲੀਆਂ 35 ਜੈਕਟਾਂ ਤਿਆਰ ਕਰਨ ਵਾਲੇ ਇਸ ਅਨੋਖੇ ਤੇ ਅਲਵੇਲੇ ਦਰਜੀ ਦੀਆਂ ਕਲਾ ਕਿਰਤਾਂ ਨੂੰ ਦੇਖਣ ਲਈ ਵਿਦੇਸ਼ਾਂ ਵਿਚ ਗੋਰਿਆਂ ਦਾ ਹਜੂਮ ਵੱਡੀ ਗਿਣਤੀ ਵਿਚ ਖੜਾ ਹੋ ਜਾਂਦਾ ਹੈ। ਕੈਲੇ ਨੇ ਦੱਸਿਆ ਕਿ ਇਸ ਵਿਲੱਖਣ ਕਲਾ ਕਾਰਨ ਉਸ ਦਾ ਨਾਮ ਵਰਲਡ ਬੁੱਕ ਆਫ਼ ਰਿਕਾਰਡ ਵਿਚ ਸ਼ਾਮਿਲ ਹੈ। ਇਸ ਤੋਂ ਇਲਾਵਾ ਉਸ ਨੇ ਇਕ ਪੈਂਟ ਅਜਿਹੀ ਤਿਆਰ ਕੀਤੀ ਹੈ। ਜਿਸ ਨੂੰ 22 ਵੱਖੋ ਵੱਖ ਤਰੀਕਿਆਂ ਨਾਲ ਪਹਨਿਆਂ ਜਾ ਸਕਦਾ ਹੈ। ਕੈਲੇ ਦੀਆਂ ਕਈ ਆਧੁਨਿਕ ਵਸਤਾਂ ਕਾਰਨ ਉਸ ਦਾ ਨਾਮ ਲਿਮਕਾ ਬੁੱਕ ਆਫ਼ ਰਿਕਾਰਡ ਵਿਚ ਵੀ ਦਰਜ ਹੈ। ਆਸ ਹੈ ਕਿ ਇਸ ਮਹਾਨ ਕਲਾਕਾਰ ਦਾ ਮਾਣ ਸਨਮਾਨ ਇਸ ਵਿਲੱਖਣ ਕਲਾ ਕਰਕੇ ਸਮੁੱਚੇ ਵਿਸ਼ਵ ਵਿਚ ਹੋਵੇ। ਕੈਲੇ ਆਪਣੇ ਸਾਥੀ ਫੋਟੋ ਗ੍ਰਾਫਰ ਬਲਜੀਤ ਗੁੱਡੂ ਗੂੜੇ, ਸਾਬਕਾ ਮੇਅਰ ਤੇਜ਼ ਰਾਮ ਬਾਘਾ ਸਮੇਤ ਕਈ ਹੋਰਾਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹੈ।

# ਗਾਇਕ ਗੁਰਜੀਤ ਬਾਠ ਅਤੇ ਲਖਵਿੰਦਰ ਖਹਿਰਾ ਦੇ ਟਰੈਕ ਹੋਣਗੇ ਜਲਦ ਰਿਲੀਜ਼ - ਸੰਦੀਪ ਡਰੋਲੀ



**ਸ਼ਾਮਚੁਰਾਸੀ (ਚੁੰਬਰ)-** ਸੰਦੀਪ ਡਰੋਲੀ ਪ੍ਰੋਡਕਸ਼ਨ ਵਲੋਂ ਬਹੁਤ ਹੀ ਜਲਦ ਗਾਇਕ ਗੁਰਜੀਤ ਬਾਠ ਅਤੇ ਲਖਵਿੰਦਰ ਖਹਿਰਾ ਦੇ ਟਰੈਕ ਲਾਂਚ ਕੀਤੇ ਜਾ ਰਹੇ ਹਨ। ਜੋ ਲਚਰ ਗਾਇਕੀ ਤੋਂ ਕੋਹਾਂ ਦੂਰ ਹਨ। ਇਸ ਬਾਰੇ ਵਿਸ਼ੇਸ਼ ਗੱਲਬਾਤ ਕਰਦਿਆਂ ਪ੍ਰੋਡਿਊਸਰ ਸੰਦੀਪ ਡਰੋਲੀ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਸਾਫ਼ ਸੁਥਰੀ ਗਾਇਕੀ ਅਤੇ ਵਿਰਸੇ ਦਾ ਮਾਣ ਵਧਾਉਣ ਦੇ ਹੱਕ ਵਿਚ ਹਨ। ਇਸ ਲਈ ਉਨ੍ਹਾਂ ਦੀ ਟੀਮ ਦੀ ਕੋਸ਼ਿਸ਼ ਹਮੇਸ਼ਾ ਸਮੇਂ ਅੰਦਰ ਕੁਝ ਨਵਾਂ ਦੇ ਨਿਵੇਕਲਾ ਕਰਨ ਦੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਦੋਨੋਂ ਗਾਇਕਾਂ ਦੇ ਗੀਤਾਂ ਨੂੰ ਪ੍ਰਸਿੱਧ ਗੀਤਕਾਰ ਵਿਨੋਦ ਸ਼ਾਇਰ, ਸੁੱਖਾ ਡਰੋਲੀ, ਰਾਣਾ ਜਗਤਪੁਰੀ ਅਤੇ ਸੰਦੀਪ ਡਰੋਲੀ ਨੇ ਲਿਖੇ ਹਨ। ਜਿਸ ਦਾ ਸੰਗੀਤ ਜਗਤਾਰ ਸਿੰਘ ਵਲੋਂ ਨਵੀਂ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ। ਪੂਰੀ ਟੀਮ ਜਲਦ ਹੀ ਦੋਨੋਂ ਟਰੈਕ ਲੈ ਕੇ ਸਰੋਤਿਆਂ ਦੇ ਰੂ-ਬ-ਰੂ ਹੋਵੇਗੀ।

# ਗਾਇਕਾ ਰੰਜਨਾ ਰੰਜਪਾਲ ਢਿੱਲੋਂ ਦੀ ਸੀ ਡੀ 'ਜਗਤ ਪਿਤਾ ਹੱਥ ਰੱਖੀਂ ਮੇਰੇ ਸਿਰ ਤੇ' ਵੈਨਕੂਵਰ ਵਿਚ ਰਿਲੀਜ਼



**ਸ਼ਾਮਚੁਰਾਸੀ (ਚੁੰਬਰ)-** ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਲੋਂ ਮਨਾਏ ਗਏ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਸ਼ਹੀਦੀ ਸਮਾਗਮ ਮੌਕੇ ਗਾਇਕਾ ਰੰਜਨਾ ਰੰਜਪਾਲ ਢਿੱਲੋਂ ਦੀ ਸੀ ਡੀ 'ਜਗਤ ਪਿਤਾ ਹੱਥ ਰੱਖੀਂ ਮੇਰੇ ਸਿਰ ਤੇ' ਸਭਾ ਦੇ ਵੱਖ-ਵੱਖ ਅਹੁਦੇਦਾਰਾਂ ਵਲੋਂ ਵਿਸ਼ੇਸ਼ ਹਾਜ਼ਰੀ ਦੇ ਕੇ ਰਿਲੀਜ਼ ਕੀਤੀ ਗਈ। ਇਸ ਮੌਕੇ ਗਾਇਕਾ ਰੰਜਨਾ ਵਲੋਂ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਉਪਰੰਤ ਸਭਾ ਦੇ ਪ੍ਰਧਾਨ ਬਿੱਲ ਬਸਰਾ, ਬਲਦੀਸ਼ ਬਸਰਾ ਅਤੇ ਹੋਰ ਪ੍ਰਬੰਧਕਾਂ ਵਲੋਂ ਗਾਇਕਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਸਬੰਧੀ ਗਾਇਕਾ ਰੰਜਨਾਂ ਨੇ ਦੱਸਿਆ ਕਿ ਉਹ ਕੈਨੇਡਾ ਤੋਂ ਵਾਪਿਸ ਇੰਡੀਆ ਪਰਤ ਆਏ ਹਨ ਅਤੇ ਉਹ ਵਿਸ਼ੇਸ਼ ਤੌਰ ਤੇ ਕਿੰਗ ਸਟਾਰ ਕੰਪਨੀ ਦੇ ਐਮ ਡੀ ਨਰਿੰਦਰ ਖੇੜਾ ਦੇ ਧੰਨਵਾਦੀ ਹਨ, ਜਿੰਨ੍ਹਾਂ ਨੇ ਉਨ੍ਹਾਂ ਨੂੰ ਕੈਨੇਡਾ ਵਿਚ ਬੁਲਾ ਕੇ ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਤੋਂ ਇਲਾਵਾ ਗੁਰੂ ਰਵਿਦਾਸ ਸਭਾ ਟੋਰਾਂਟੋ ਵਲੋਂ ਵੀ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਭਗਵਾਨਪੁਰ ਵਿਖੇ ਮੀਟਿੰਗ ਦੌਰਾਨ ਬਸਪਾ ਆਗੂਆਂ ਨੇ ਸਮੇਂ ਦੀਆਂ ਸਰਕਾਰਾਂ ਨੂੰ ਕੋਸਿਆ

**ਸ਼ਾਮਚੁਰਾਸੀ (ਚੁੰਬਰ)-** ਪਿੰਡ ਭਗਵਾਨਪੁਰ ਵਿਖੇ ਬਸਪਾ ਆਗੂ ਗੁਰਮੇਲ ਚੰਦ ਦੀ ਦੇਖ ਰੇਖ ਹੇਠ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਿਨ ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਵਿਖੇ ਕੀਤਾ ਗਿਆ। ਇਸ ਮੀਟਿੰਗ ਨੂੰ ਬਸਪਾ ਆਗੂ ਕੁਲਬੀਰ ਸਿੰਘ ਘੁੜਿਆਲ ਅਤੇ ਕਮਲਜੀਤ ਸਿੰਘ ਮਾਣਕੋ ਨੇ ਸੰਬੋਧਨ ਕੀਤਾ ਅਤੇ ਸਮੁੱਚੇ ਭਾਈਚਾਰੇ ਨੂੰ ਇਕ ਝੰਡੇ ਥੱਲੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ। ਸਮੇਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਕੋਸਦਿਆਂ ਕਿਹਾ ਕਿ ਅੱਜ ਦਲਿਤ ਮਾਰੂ ਨੀਤੀਆਂ ਨੇ ਦੱਬੇ ਕੁਚਲੇ ਸਮਾਜ ਨੂੰ ਹੋਰ ਵੀ ਗਰੀਬੀ ਦੀ ਦਲ ਦਲ ਵਿਚ ਧੱਸ ਦਿੱਤਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਗਰੀਬ ਮਜ਼ਦੂਰ ਵਰਗ ਨੂੰ ਇਕ ਬੈਨਰ ਹੇਠ ਇੱਕਠੇ ਹੋ ਕੇ ਆਪਣੀ ਸਰਕਾਰ ਬਣਾਉਣ ਲਈ ਸਫ਼ਲ ਯਤਨ ਕਰਨਾ ਚਾਹੀਦਾ ਹੈ। ਇਸ ਮੌਕੇ ਗੋਪੀ ਚੰਦ ਨੂੰ ਯੂਥ ਪ੍ਰਧਾਨ, ਜਰਨੈਲ ਸਿੰਘ ਨੂੰ ਯੂਥ ਜਨਰਲ ਸਕੱਤਰ, ਗੁਰਮੇਲ ਚੰਦ ਖਜ਼ਾਨਚੀ, ਗੁਰਮੇਲ ਰਾਮ, ਸੁਰਜੀਤ ਰਾਮ ਨੂੰ ਸਕੱਤਰ, ਗੁਰਮੀਤ ਕੌਰ ਨੂੰ ਪ੍ਰਧਾਨ, ਪ੍ਰਕਾਸ਼ ਕੌਰ ਨੂੰ ਮੀਤ ਪ੍ਰਧਾਨ ਮਹਿਲਾ ਵਿੰਗ ਨਿ-ਯੁਕਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਰਿੰਦਰ ਕੌਰ, ਨਿਰਮਲ ਕੌਰ, ਸੋਨੀਆ, ਰੇਖਾ ਰਾਣੀ ਸਮੇਤ ਕਈ ਹੋਰ ਹਾਜ਼ਰ ਸਨ।

# ਬੂਥ ਪੱਧਰ ਤੱਕ ਖੜ੍ਹਾ ਕੀਤਾ ਜਾਵੇਗਾ ਬਸਪਾ ਦਾ ਮਜਬੂਤ ਢਾਂਚਾ : ਬਿੱਟਾ



**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੂਬਾ ਜਨਰਲ ਸਕੱਤਰ ਬਲਵਿੰਦਰ ਬਿੱਟਾ ਨੇ ਪਾਰਟੀ ਦੇ ਸੀਨੀਅਰ ਆਗੂ ਸੁਰੇਸ਼ ਕੁਮਾਰ ਸੋਨੂੰ ਵੱਲੋਂ ਵਾਰਡ ਨੰ: 8 ਵਿੱਚ ਆਯੋਜਿਤ ਮੀਟਿੰਗ ਵਿੱਚ ਸਿਰਕਤ ਕੀਤੀ। ਇਸ ਮੌਕੇ ਸ੍ਰੀ ਬਿੱਟਾ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਪਾਰਟੀ ਨਾਲ ਜੁੜਨ ਦਾ ਖੁੱਲਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕੇਂਦਰ ਦੀ ਸੱਤਾ ਵਿੱਚ ਆ ਕੇ ਦੇਸ਼ ਵਿੱਚ ਜੋ ਸੰਵੇਦਨਸ਼ੀਲ ਹਾਲਾਤ ਪੈਦਾ ਕੀਤੇ ਹਨ ਉਨ੍ਹਾਂ ਤੋਂ ਨਿਯਾਤ ਲਈ ਅਨੁਸੂਚਿਤ ਜਾਤੀ, ਜਨ ਜਾਤੀ ਅਤੇ ਪਿਛੜੇ ਵਰਗਾਂ ਦੇ ਨਾਲ ਨਾਲ ਧਾਰਮਿਕ ਘੱਟ ਗਿਣਤੀ ਲੋਕਾਂ ਨੂੰ ਇੱਕ ਸਾਂਝੇ ਮੰਚ ਤੇ ਆਉਣਾ ਹੀ ਪਵੇਗਾ ਅਤੇ ਅਜਿਹਾ ਨਾ ਕਰਨ ਤੇ ਉਨ੍ਹਾਂ ਨੂੰ ਹੁਣ ਤੋਂ ਵੀ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਰਗਾਂ ਨੂੰ ਕੇਵਲ ਬਸਪਾ ਅਤੇ ਇਸਦੀ ਮੁੱਖ ਆਗੂ ਭੈਣ ਕੁਮਾਰੀ ਮਾਇਆਵਤੀ ਹੀ ਰਾਹਤ ਦਿਵਾ ਸਕਦੀ ਹੈ ਇਸ ਲਈ ਇਨ੍ਹਾਂ ਵਰਗਾਂ ਦੇ ਲੋਕ ਹੁਣ ਬਿਨ੍ਹਾਂ ਹੋਰ ਦੇਰ ਕੀ-ਤਿਆਂ ਬਸਪਾ ਦੇ ਹਾਥੀ ਨਿਸ਼ਾਨ ਵਾਲੇ ਨੀਲੇ ਝੰਡੇ ਥੱਲੇ ਇੱਕਠੇ ਹੋਣ। ਉਨ੍ਹਾਂ ਕਿਹਾ ਕਿ ਭਾਜਪਾ ਆਰ ਐਸ ਐਸ ਦੀ ਸੋਚ ਤੇ ਚੱਲ ਕੇ ਦੇਸ਼ ਵਿੱਚ ਹਿੰਦੂਤਵੀ ਏਜੰਡਾ ਲਾਗੂ ਕਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ। ਜੇਕਰ ਅਜਿਹਾ ਹੋਵੇਗਾ ਤਾਂ ਇਸ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ ਜਿਸ ਤੋਂ ਕੇਵਲ ਦਲਿਤ, ਪਿਛੜੇ ਜਾਂ ਧਾਰਮਿਕ ਘੱਟ ਗਿਣਤੀਆਂ ਦੇ ਲੋਕ ਹੀ ਨਹੀ ਬਲਕਿ ਦੇਸ਼ ਨੂੰ ਪਿਆਰ ਕਰਨ ਵਾਲੇ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਿੰਦੂ ਵੀ ਚਿੰਤਤ ਹਨ। ਭਾਜਪਾ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਉਸਨੂੰ 2019 'ਚ ਲੋਕ ਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਵਿੱਚ ਕਰਾਰੀ ਹਾਰ ਦੇ ਕੇ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕੋਲ ਅੱਜ ਹਰ ਪ੍ਰਕਾਰ ਦੀ ਤਾਕਤ ਹੈ ਜਦਕਿ ਇਸਦੇ ਵਿਰੋਧੀਆਂ ਕੋਲ ਤਾਕਤਾਂ ਦੀ ਕਮੀਂ ਹੈ। ਵਿਰੋਧੀ ਪਾਰਟੀਆਂ ਨੂੰ ਇੱਕ ਜੁੱਟ ਹੋ ਕੇ ਆਪਣੀ ਆਗੂ ਭੈਣ ਕੁਮਾਰੀ ਮਾਇਆਵਤੀ ਨੂੰ ਚੁਣ ਲੈਣਾ ਚਾਹੀਦਾ ਹੈ ਜੋ ਕੇਵਨ ਭਾਜਪਾ ਨੂੰ ਕਰਾਰੀ ਹਾਰ ਹੀ ਨਹੀ ਬਲਕਿ ਸਬਕ ਸਿਖਾਉਣ ਦੀ ਹਿੰਮਤ ਵੀ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸਾਲ 2019 ਵਿੱਚ ਭਾਜਪਾ ਨੂੰ ਕਰਾਰੀ ਹਾਰ ਦੇਣ ਲਈ ਸਾਡੇ ਵੱਲੋਂ ਬੂਥ ਪੱਧਰ ਤੱਕ ਬਸਪਾ ਦਾ ਮਜਬੂਤ ਢਾਂਚਾ ਖੜ੍ਹਾ ਕਰਨ ਦੀਆਂ ਸਾਰੀਆਂ ਤਿਆਰੀਆਂ ਹੋ ਗਈਆਂ ਹਨ ਅਤੇ ਹੁਣ ਵਿਧਾਨ ਸਭਾ ਪੱਧਰ ਤੇ ਮੀਟਿੰਗਾਂ ਦਾ ਸਿਲਸਿਲਾ ਸੁਰੂ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਵਾਰਡ ਅਤੇ ਪਿੰਡ ਪੱਧਰ ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆ ਅਤੇ ਅਖੀਰ ਵਿੱਚ ਬੂਥ ਪੱਧਰ ਦੀਆਂ। ਉਨ੍ਹਾਂ ਕਿਹਾ ਕਿ ਬਸਪਾ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਜਿਸਨੂੰ ਦੇਖਦਿਆਂ ਏਹ ਗੱਲ ਸਾਫ ਹੋ ਰਹੀ ਹੈ ਕਿ ਪੰਜਾਬ ਵਿੱਚ ਭਾਜਪਾ ਅਤੇ ਉਸਦੀ ਭਾਈਵਾਲ ਪਾਰਟੀ ਅਕਾਲੀ ਦਲ ਇੱਕ ਵੀ ਸੀਟ ਜਿੱਤ ਨਹੀ ਪਾਵੇਗਾ। ਇਸ ਮੌਕੇ ਸੁਰੇਸ਼ ਕੁਮਾਰ ਸੋਨੂੰ, ਵਿਜੇ ਬੋਧੀ, ਕ੍ਰਿਸ਼ਨ, ਬਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜਰ ਸਨ।